ੴ ਸਤਿਗੁਰ ਪ੍ਰਸਾਦਿ

# ਨਿਤਨੇਮ

## ਸਰਲ-ਸਟੀਕ

ਟੀਕਾਕਾਰ

## ਸੇਵਾ ਸਿੰਘ (ਸੰਤ)

**ਗੁਰਦੁਆਰਾ ਰਾਮਪੁਰ ਖੇੜਾ**

*ਡਾ. ਗੜ੍ਹਦੀਵਾਲਾ, ਜ਼ਿਲ੍ਹਾ ਹੁਸ਼ਿਆਰਪੁਰ,*

*ਪੰਜਾਬ (ਇੰਡੀਆ)-144207*

*ਫੋਨ.+91-1886-260334*

ਵੈਬਸਾਈਟ: ***www.RamPurKhera.com***

© ਸਭ ਹੱਕ ਕਰਤਾ ਦੇ ਰਾਖਵੇਂ ਹਨ।

ਪਹਿਲੀ ਵਾਰ: ਮਾਰਚ 2014 —— (10,000)

ਕਰਤਾ ਅਤੇ ਪ੍ਰਕਾਸ਼ਕ
ਸੇਵਾ ਸਿੰਘ (ਸੰਤ)
ਗੁਰਦੁਆਰਾ ਰਾਮਪੁਰ ਖੇੜਾ
ਡਾ: ਗੜ੍ਹਦੀਵਾਲਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ
ਫੋਨ: +91-1886-260334
EMAIL: RAMPURKHERA@YAHOO.CA
WWW.RAMPURKHERA.COM

ਭੇਟਾ : ਵੀਚਾਰ ਅਤੇ ਅਮਲ

ਟਾਈਪ ਸੈਟਿੰਗ ਅਤੇ ਡਿਜ਼ਾਇਨਿੰਗ:

**ਪ੍ਰਿੰਸੀਪਲ ਤੇਜਿੰਦਰ ਸਿੰਘ (ਖ਼ਾਲਸਾ)**

**ਸੰਤ ਬਾਬਾ ਹਰਨਾਮ ਸਿੰਘ ਮੈਮੋਰੀਅਲ ਮਲਟੀਮੀਡੀਆ ਅਕੈਡਮੀ**

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ

ਛਾਪਕ :
ਪ੍ਰਿੰਟਵੈੱਲ
146, ਇੰਡਸਟ੍ਰੀਅਲ ਫੋਕਲ ਪੁਆਇੰਟ ਅੰਮ੍ਰਿਤਸਰ

# ਸਮਰਪਿਤ

ਉਨ੍ਹਾਂ ਗੁਰੂ ਪਿਆਰਿਆਂ ਨੂੰ
ਜੋ ਗੁਰੂ ਉਪਦੇਸ਼ ਪੜ੍ਹ ਕੇ,
**ਸੁਣਿਆ ਮੰਨਿਆ ਮਨਿ ਕੀਤਾ ਭਾਉ॥**
**ਅੰਤਰਗਤਿ ਤੀਰਥਿ ਮਲਿ ਨਾਉ॥**
ਦੀ ਕਾਰ ਕਰਨ ਲਈ
ਯਤਨਸ਼ੀਲ
ਹਨ।

# ਦੋ-ਸ਼ਬਦ

ਸਤਿਗੁਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਅੰਦਰ ਸਾਨੂੰ ਲੋਕ-ਪ੍ਰਲੋਕ ਦਾ ਜੀਵਨ ਜਿਉਣ ਤੇ ਸਫਲਾ ਕਰਨ ਦੀ ਜੀਵਨ-ਜੁਗਤ ਪ੍ਰਦਾਨ ਕੀਤੀ ਹੈ। ਸਮੁੱਚੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰ-ਸਿਧਾਂਤ ਨੂੰ ਆਪਣੀ ਸਿਮ੍ਰਤੀ ਵਿੱਚ ਵਸਾ ਕੇ ਉਸ ਅਨੁਸਾਰ ਜੀਵਨ ਬਤੀਤ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਸਿੱਖਾਂ ਨੂੰ ਨਿਤਨੇਮ ਦੀ ਦਾਤ ਪ੍ਰਦਾਨ ਕੀਤੀ ਹੈ ਤਾਂ ਜੋ ਗੁਰੂ ਕਾ ਸਿੱਖ ਗੁਰੂ ਦੇ ਉਪਦੇਸ਼ ਨੂੰ ਨਿੱਤ ਹੀ ਪੜ੍ਹੇ, ਸੁਣੇ, ਵੀਚਾਰੇ ਤੇ ਵਿਚਾਰ ਦੇ ਤੱਤ ਨੂੰ ਆਪਣੇ ਜੀਵਨ ਅੰਦਰ ਘਟਾਵੇ ਤਾਂ ਜੋ ਗੁਰੂ ਕੇ ਸਿੱਖ ਦਾ ਜੀਵਨ ਸੁਖੈਨ ਹੀ ਸਫਲਾ ਹੋ ਜਾਵੇ। ਗੁਰਬਾਣੀ ਜੋ ਗੁਰਸਿੱਖ ਦੀ ਜੀਵਨ-ਦਾਤੀ ਹੈ ਉਸ ਦਾ ਸਤਿਕਾਰ ਕਰਨਾ ਜਿੱਥੇ ਅੱਤ-ਲਾਜ਼ਮੀਂ ਹੈ ਉਥੇ ਗੁਰਬਾਣੀ ਨੂੰ ਪੜ੍ਹ-ਸੁਣ-ਵੀਚਾਰ ਕੇ ਮੰਨਣਾ ਸਤਿਕਾਰ ਤੋਂ ਵੀ ਅਤੀ ਜਰੂਰੀ ਹੈ। ਗੁਰੂ ਰਾਮਦਾਸ ਜੀ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਹੈ ਕਿ ਸਾਰੇ ਸਿੱਖ, ਸੇਵਕ ਗੁਰੂ-ਦਰ ਤੇ ਗੁਰੂ ਦੀ ਪੂਜਾ-ਭਗਤੀ ਉਪਾਸਨਾ ਕਰਨ ਵਾਸਤੇ ਆਉਂਦੇ ਹਨ ਤੇ ਬੜੇ ਪਿਆਰ ਨਾਲ ਗੁਰਬਾਣੀ ਨੂੰ ਪੜ੍ਹਦੇ, ਸੁਣਦੇ ਤੇ ਗਾਉਂਦੇ ਵੀ ਹਨ ਪਰ ਪ੍ਰਮਾਤਮਾ ਉਨ੍ਹਾਂ ਸਿੱਖਾਂ ਸੇਵਕਾਂ ਦਾ ਪੜ੍ਹਨਾ, ਸੁਣਨਾ ਤੇ ਗਾਉਣਾ ਪ੍ਰਵਾਨ ਕਰਦਾ ਹੈ ਜੋ ਗੁਰੂ ਦੇ ਹੁਕਮਾਂ ਨੂੰ ਸੱਤ ਕਰਕੇ ਮੰਨਦੇ ਤੇ ਜੀਵਨ ਵਿੱਚ ਧਾਰਨ ਕਰਦੇ ਹਨ। ਸਾਹਿਬਾਂ ਦਾ ਬਚਨ ਹੈ:-

**ਸੇਵਕ ਸਿਖ ਪੂਜਣ ਸਭਿ ਆਵਹਿ**
**ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥**
**ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ**
**ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥**[੧]

ਸਤਿਗੁਰੂ ਅਮਰਦਾਸ ਜੀ ਦਾ ਵੀ ਵਡਹੰਸ ਕੀ ਵਾਰ ਅੰਦਰ ਬਚਨ

---
੧. ਮ:੪, ਪੰਨਾ ੬੬੯

ਅੰਕਤ ਹੈ ਕਿ ਸੰਸਾਰ ਦੇ ਸਾਰੇ ਲੋਕ ਸਤਿਗੁਰਾਂ ਦੇ ਦਰਸ਼ਨ ਕਰਦੇ ਹਨ ਪਰ ਨਿਰਾ ਦਰਸ਼ਨ ਕਰਨ ਨਾਲ ਕਿਸੇ ਦੀ ਕਲਿਆਣ ਨਹੀਂ ਹੁੰਦੀ। ਮੁਕਤੀ ਉਨ੍ਹਾਂ ਨੂੰ ਹੀ ਪ੍ਰਾਪਤ ਹੁੰਦੀ ਹੈ ਜੋ ਗੁਰੂ ਦੇ ਸ਼ਬਦ ਦੀ ਵੀਚਾਰ ਕਰਕੇ ਉਸ ਤੇ ਅਮਲ ਕਰਦੇ ਹਨ। ਸਾਹਿਬਾਂ ਦਾ ਫੁਰਮਾਨ ਹੈ:-

**ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥**
**ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥**[੧]

ਸਤਿਗੁਰਾਂ ਦੇ ਫੁਰਮਾਨ ਅਨੁਸਾਰ ਜੇ ਗਾਵਿਆ ਸੁਣਿਆ ਵੀ ਉਸ ਗੁਰਸਿੱਖ ਦਾ ਪ੍ਰਵਾਨ ਹੋਣਾ ਹੈ ਜੋ ਗੁਰੂ ਦੇ ਬਚਨਾਂ ਨੂੰ ਸੱਤ ਕਰਕੇ ਮੰਨੇਗਾ ਤੇ ਮੁਕਤੀ ਵੀ ਉਸ ਨੂੰ ਹੀ ਪ੍ਰਾਪਤ ਹੋਣੀ ਹੈ ਜੋ ਗੁਰੂ ਦੀ ਬਾਣੀ ਦੀ ਵੀਚਾਰ ਕਰਕੇ ਉਸ ਤੇ ਅਮਲ ਕਰੇਗਾ। ਜੇ ਅਮਲ ਨਾਲ ਤੇ ਗੁਰੂ ਦੇ ਬਚਨਾਂ ਨੂੰ ਸੱਤ ਕਰਕੇ ਮੰਨਣ ਨਾਲ ਹੀ ਗੁਰੂ ਦੀ ਖੁਸ਼ੀ ਤੇ ਸਿੱਖ ਦਾ ਪਾਰ-ਉਤਾਰਾ ਹੋਣਾ ਹੈ ਤਦ ਸਿੱਖ ਨੂੰ ਗੁਰੂ ਦੇ ਬਚਨਾਂ ਪ੍ਰਤੀ ਗਿਆਨ ਹੋਣਾ ਚਾਹੀਦਾ ਹੈ ਕਿ ਗੁਰਬਾਣੀ ਵਿੱਚ ਗੁਰੂ ਦੇ ਬਚਨ ਕੀ ਹਨ? ਗਿਆਨ ਦੀ ਪ੍ਰਾਪਤੀ ਵਾਸਤੇ ਵੀਚਾਰ ਲਾਜ਼ਮੀ ਹੈ। ਵੀਚਾਰ ਵਿੱਚ ਗੁਰੂ ਦੇ ਹੁਕਮ ਗੁਰੂ ਦੇ ਬਚਨ ਤਦ ਹੀ ਵਸਣਗੇ ਜੇ ਗੁਰਬਾਣੀ ਦਾ ਬੋਧ ਹੋਵੇਗਾ। ਗੁਰਬਾਣੀ ਦੇ ਬੋਧ ਲਈ ਗੁਰਬਾਣੀ ਦੇ ਅਰਥ ਪੜ੍ਹਨੇ ਤੇ ਵਾਚਣੇ ਜ਼ਰੂਰੀ ਹਨ। ਇਸੇ ਆਸ਼ੇ ਨੂੰ ਮੁੱਖ ਰੱਖ ਕੇ ਅਨੇਕਾਂ ਵਿਦਵਾਨਾਂ ਨੇ ਬੜੀ ਮਿਹਨਤ ਤੇ ਸੁਹਿਰਦਤਾ ਨਾਲ ਨਿਤਨੇਮ ਦੇ ਟੀਕੇ ਕੀਤੇ ਹਨ ਜੋ ਸ਼ਲਾਘਾਯੋਗ ਉੱਦਮ ਹੈ ਪਰ ਕਈ ਵਾਰੀ ਨਿਤਨੇਮ ਕਰਦਿਆਂ ਜਦੋਂ ਜਗਿਆਸੂ ਦੇ ਮਨ ਵਿੱਚ ਅਰਥ ਜਾਨਣ ਦੀ ਭਾਵਨਾ ਉਪਜਦੀ ਹੈ ਤਦੋਂ ਟੀਕੇ ਵਿੱਚ ਪੂਰੀ ਪਉੜੀ ਦਾ ਵਿਸਥਾਰ ਹੋਣ ਕਾਰਨ ਜਗਿਆਸੂ ਨੂੰ ਉਸ ਪੰਕਤੀ ਦਾ ਅਰਥ ਲੱਭਣ ਲਈ ਸਮਾਂ ਵੀ ਕਾਫੀ ਲਗਦਾ ਹੈ ਤੇ ਕਠਿਨਾਈ ਵੀ ਆਉਂਦੀ ਹੈ। ਸਮੇਂ ਦੀ ਬਚਤ ਤੇ ਜਗਿਆਸੂਆਂ ਦੀ ਕਠਿਨਾਈ ਨੂੰ ਮੁੱਖ ਰੱਖ ਕੇ ਦਾਸ ਨੇ ਗੁਰਬਾਣੀ ਦੀ ਇੱਕ-ਇੱਕ ਪੰਕਤੀ ਦੇ ਨਾਲ ਹੀ, ਹੇਠਾਂ ਉਸ ਦੇ ਸਰਲ-ਅਰਥ ਲਿਖਣ ਦਾ ਯਤਨ ਕੀਤਾ ਹੈ, ਤਾਂ ਜੋ ਹੋਰ ਟੀਕਿਆਂ ਵਾਂਗ ਪੂਰੀ

---

੧. ਮ:੪, ਪੰਨਾ ੫੯੪

ਪਉੜੀ ਦੇ ਅਰਥਾਂ ਵਿੱਚੋਂ ਪੰਕਤੀ ਦੇ ਅਰਥ ਟੋਲਣ ਲਈ ਜਗਿਆਸੂ ਨੂੰ ਖੇਚਲ ਨਾ ਹੋਵੇ। ਵਿਦੇਸ਼ ਵਿੱਚ ਵਸਦੇ ਗੁਰਸਿੱਖ ਬੱਚਿਆਂ ਤੇ ਵੀਰਾਂ ਨੂੰ ਇਸੇ ਨਿਤਨੇਮ ਨੂੰ ਰੋਮੇਨਾਈਜ਼ (Romanize) ਕਰਕੇ ਪੰਜਾਬੀ ਤੇ ਅੰਗਰੇਜ਼ੀ ਵਿੱਚ ਅਰਥ ਛਾਪਣ ਦਾ ਵੀ ਯਤਨ ਕੀਤਾ ਹੈ ਤਾਂ ਜੋ ਵਿਦੇਸ਼ੀ ਵੀਰਾਂ ਨੂੰ ਗੁਰਬਾਣੀ ਦਾ ਬੋਧ ਪ੍ਰਾਪਤ ਕਰਨ ਵਿੱਚ ਕੋਈ ਮੁਸ਼ਕਲ ਨਾ ਆਵੇ। ਮੈਂ ਬੇਨਤੀ ਕਰ ਦੇਵਾਂ, ਗੁਰਬਾਣੀ ਅਗਾਧ-ਬੋਧ ਹੈ, ਕੋਈ ਵੀ ਮਨੁੱਖੀ ਬੁੱਧੀ ਦਾ ਮਾਲਕ ਸੰਪੂਰਨ ਤੌਰ ਤੇ ਨਾ ਗੁਰਬਾਣੀ ਨੂੰ ਸਮਝ ਸਕਦਾ ਹੈ ਤੇ ਨਾ ਇਸ ਦਾ ਸੰਪੂਰਨ ਟੀਕਾ ਹੀ ਕਰਨ ਦਾ ਦਾਅਵਾ ਕਰ ਸਕਦਾ ਹੈ ਕਿਉਂਕਿ

**ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥**

ਜਪੁਜੀ, ਪੰਨਾ ੫

ਪਰਮੇਸ਼ਵਰੀ ਬਾਣੀ ਨੂੰ ਸਮਝਣ ਲਈ ਪਰਮੇਸ਼ਵਰੀ ਗਿਆਨ ਤੇ ਪਰਮੇਸ਼ਵਰੀ ਬਿਰਤੀ ਦੀ ਲੋੜ ਹੈ।ਗੁਰੂ ਫੁਰਮਾਨ ਅਨੁਸਾਰ:-

**ਆਪੁ ਆਪਨੀ ਬੁਧਿ ਹੈ ਜੇਤੀ॥ ਬਰਨਤ ਭਿੰਨ ਭਿੰਨ ਤੋਹਿ ਤੇਤੀ॥**

ਪਾ: ੧੦

ਜਿੰਨੀ ਸਤਿਗੁਰੂ ਜੀ ਨੇ ਬੁਧੀ ਪ੍ਰਦਾਨ ਕੀਤੀ ਹੈ ਉਸ ਨੂੰ ਸੱਚੇ ਦਿਲੋਂ ਸਿਦਕ-ਦਿਲੀ ਨਾਲ ਆਪ ਗੁਰੂ-ਗਿਆਨ ਨੂੰ ਸਮਝਣ ਤੇ ਜਗਿਆਸੂ ਜਨਾਂ ਨੂੰ ਅਰਪਨ ਕਰਨ ਦਾ ਯਤਨ ਕੀਤਾ ਹੈ। ਸਤਿਗੁਰੂ ਜੀ ਭੁੱਲ-ਚੁੱਕ ਦੀ ਖਿਮਾਂ ਕਰਨ ਅਤੇ ਗੁਰੂ ਕੇ ਸਿੱਖ ਇਸ ਸੇਵਾ ਨੂੰ ਪ੍ਰਵਾਨ ਕਰਕੇ ਗੁਰੂ ਮੇਲ ਦੀ ਅਸੀਸ ਪ੍ਰਦਾਨ ਕਰਨ।

**ਭੁੱਲ-ਚੁੱਕ ਦੀ ਖਿਮਾਂ।**

ਗੁਰੂ ਪੰਥ ਦਾ ਦਾਸ

**ਸੇਵਾ ਸਿੰਘ (ਸੰਤ)**

ਗੁਰਦੁਆਰਾ ਰਾਮਪੁਰ ਖੇੜਾ

# ਤਤਕਰਾ


| | |
|---|---|
| ਜਪੁ ਜੀ ਸਾਹਿਬ | ੧ |
| ਜਾਪੁ ਸਾਹਿਬ | ੫੩ |
| ਤ੍ਵ ਪ੍ਰਸਾਦਿ ॥ ਸਵੱਯੇ ॥ | ੧੦੭ |
| ਚੌਪਈ ਸਾਹਿਬ | ੧੧੬ |
| ਅਨੰਦੁ ਸਾਹਿਬ | ੧੩੦ |
| ਰਹਰਾਸਿ ਸਾਹਿਬ | ੧੬੫ |
| ਕੀਰਤਨ ਸੋਹਿਲਾ | ੨੧੬ |
| ਸ਼ਬਦ | ੨੨੬ |
| ਅਰਦਾਸ | ੨੨੮ |

# ਜਪੁ ਜੀ ਸਾਹਿਬ

## ੧ਓ

ਪਰਮਾਤਮਾ ਇੱਕ ਹੈ। ਸਾਰਾ ਦ੍ਰਿਸ਼ਟ ਅਦ੍ਰਿਸ਼ਟ ਪਸਾਰਾ ਇੱਕ ਦਾ ਹੀ ਹੈ। ਉਸ ਵਰਗਾ ਹੋਰ ਕੋਈ ਨਹੀਂ ਹੈ।

## ਸਤਿ ਨਾਮੁ

ਉਸ ਦਾ ਨਾਮ ਸਦੀਵੀਂ ਹੋਂਦ ਵਾਲਾ ਹੈ।

## ਕਰਤਾ ਪੁਰਖੁ

ਪਰਮਾਤਮਾ ਸਾਰੀ ਦ੍ਰਿਸ਼ਟ ਅਦ੍ਰਿਸ਼ਟ ਰਚਨਾ ਦਾ ਰਚਨਹਾਰ ਹੈ ਅਤੇ ਸਾਰਿਆਂ ਵਿੱਚ ਇੱਕ ਰਸ ਵਿਆਪਕ ਹੈ।

## ਨਿਰਭਉ ਨਿਰਵੈਰੁ

ਪਰਮਾਤਮਾ ਡਰ-ਭੈ ਤੇ ਵੈਰ ਤੋਂ ਰਹਿਤ ਹੈ।

## ਅਕਾਲ ਮੂਰਤਿ

ਉਸ ਦੀ ਨੂਰੀ ਹੋਂਦ ਕਾਲ (ਮੌਤ) ਤੋਂ ਰਹਿਤ ਹੈ।

## ਅਜੂਨੀ ਸੈਭੰ

ਪਰਮਾਤਮਾ ਜੂਨ-ਜਨਮ ਤੋਂ ਰਹਿਤ ਹੈ। ਪਰਮਾਤਮਾ ਆਪਣੇ ਆਪ ਤੋਂ ਪ੍ਰਕਾਸ਼ਮਾਨ ਹੋਇਆ ਹੈ।

## ਗੁਰ ਪ੍ਰਸਾਦਿ ॥

ਅਜਿਹੀ ਹੋਂਦ ਹਸਤੀ ਵਾਲਾ ਪਰਮਾਤਮਾ ਗੁਰੂ ਦੀ ਮਿਹਰ ਨਾਲ ਮਿਲਦਾ ਹੈ।

## ॥ ਜਪੁ ॥

ਬਾਣੀ ਦਾ ਨਾਉਂ ਵੀ ਹੈ ਤੇ ਗੁਰਪ੍ਰਸਾਦਿ ਦੀ ਪ੍ਰਾਪਤੀ ਲਈ ਉਸਦੇ ਨਾਮ ਦਾ ਜਪ ਕਰਨਾ ਹੈ।

## ਆਦਿ ਸਚੁ ਜੁਗਾਦਿ ਸਚੁ ॥

ਪਰਮਾਤਮਾ ਸੰਸਾਰ ਰਚਨਾਂ ਤੋਂ ਪਹਿਲਾਂ ਵੀ ਤੇ ਜੁਗਾਂ ਦੇ ਆਰੰਭ ਵੇਲੇ ਵੀ ਸੱਚ ਸੀ।

## ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

ਵਰਤਮਾਨ ਵਿੱਚ ਵੀ ਹੁਣ ਸੱਚ ਹੈ, ਦ੍ਰਿਸ਼ਟ ਅਦ੍ਰਿਸ਼ਟ ਪਸਾਰਾ ਖਤਮ ਹੋਣ ਤੇ ਵੀ ਉਸ ਦੀ ਨੂਰੀ ਹੋਂਦ ਸੱਚ ਹੋਵੇਗੀ॥੧॥

## ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥

ਇੱਕ ਵਾਰੀ ਨਹੀਂ ਲੱਖਾਂ ਵਾਰੀ ਵੀ ਮਨੁੱਖ ਸਰੀਰਕ ਇਸ਼ਨਾਨ ਕਰ ਲਵੇ ਪਰ ਮਨ ਪਵਿੱਤਰ ਨਹੀਂ ਹੁੰਦਾ।

## ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥

ਜ਼ੁਬਾਨ ਤੋਂ ਮੋਨ ਧਾਰਨ ਕਰ ਲੈਣ ਨਾਲ ਮਨ [1]ਮੋਨੀ ਨਹੀਂ ਹੁੰਦਾ ਭਾਵੇਂ ਕੋਈ ਇੱਕ-ਟੱਕ-ਮੋਨ ਧਾਰਨ ਕਰ ਛੱਡੇ।

## ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥

ਭਾਵੇਂ ਕਿਸੇ ਨੂੰ ਸਾਰੀਆਂ ਪੁਰੀਆਂ ਦੇ ਮਾਇਕੀ-ਪਦਾਰਥ ਪ੍ਰਾਪਤ ਹੋ ਜਾਣ ਤਦ ਵੀ ਮਨ ਦੀ ਤ੍ਰਿਸ਼ਨਾ ਖਤਮ ਨਹੀਂ ਹੁੰਦੀ।

## ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥

ਮਨੁੱਖ ਪਾਸ ਹਜ਼ਾਰਾਂ ਲੱਖਾਂ ਸਿਆਣਪਾਂ ਵੀ ਹੋਣ ਪਰ ਮਨ ਦੀ ਸਚਿਆਰਤਾ ਲਈ ਇੱਕ ਵੀ ਕੰਮ ਨਹੀਂ ਆਉਂਦੀ।

---

੧. ਮਨ ਦੇ ਫੁਰਨੇ ਬੰਦ ਨਹੀਂ ਹੁੰਦੇ।

## ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥

ਤਦ ਫਿਰ ਮਨੁੱਖ ਸਚਿਆਰ ਕਿਵੇਂ ਬਣੇ? ਜੀਵ ਆਤਮਾ ਤੇ ਪਰਮਾਤਮਾ ਦੇ ਵਿਚਕਾਰ ਜੋ ਕੂੜ ਦਾ ਪੜਦਾ (ਕੰਧ) ਬਣਿਆ ਹੋਇਆ ਹੈ ਉਹ ਕਿਵੇਂ ਦੂਰ ਹੋਵੇ?

## ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

ਰਜ਼ਾ ਦੇ ਮਾਲਕ ਪਰਮਾਤਮਾ ਦੇ ਹੁਕਮ ਵਿੱਚ ਚੱਲਣ ਨਾਲ ਕੂੜ ਦਾ ਪੜਦਾ ਵੀ ਦੂਰ ਹੋ ਜਾਂਦਾ ਹੈ ਤੇ ਮਨੁੱਖ ਸਚਿਆਰ ਵੀ ਬਣ ਜਾਂਦਾ ਹੈ। ਸਚਿਆਰ ਬਣਨ ਲਈ ਇਹ ਆਦਿ ਤੋਂ ਹੀ ਹੁਕਮ ਵਿੱਚ ਚਲਣ ਦੀ ਮਰਿਯਾਦਾ ਚਲੀ ਆ ਰਹੀ ਹੈ।੧॥

## ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥

ਪਰਮਾਤਮਾ ਦੇ ਹੁਕਮ ਅੰਦਰ ਹੀ ਸਾਰੇ ਦ੍ਰਿਸ਼ਟ-ਅਦ੍ਰਿਸ਼ਟ ਅਕਾਰ ਹੋਂਦ ਵਿੱਚ ਆਉਂਦੇ ਹਨ। ਹੁਕਮ ਨੂੰ ਸੰਪੂਰਨ ਤੌਰ ਤੇ ਬਿਆਨ ਨਹੀਂ ਕੀਤਾ ਜਾ ਸਕਦਾ।

## ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥

ਵਾਹਿਗੁਰੂ ਜੀ ਦੇ ਹੁਕਮ ਅੰਦਰ ਹੀ ਸਾਰੇ ਜੀਵ-ਜੰਤ ਹੋਂਦ ਵਿੱਚ ਆਉਂਦੇ ਹਨ। ਪ੍ਰਭੂ ਹੁਕਮ ਅੰਦਰ ਹੀ, ਲੋਕ-ਪ੍ਰਲੋਕ ਵਿੱਚ ਵਡਿਆਈ ਮਿਲਦੀ ਹੈ।

## ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥

ਪਰਮਾਤਮਾ ਦੇ ਹੁਕਮ ਅੰਦਰ ਹੀ ਕੋਈ ਸ੍ਰੇਸ਼ਟ ਹੈ ਕੋਈ ਨੀਵੀਂ ਪੱਧਰ ਦਾ ਹੈ। ਜੀਵ ਦੇ ਕੀਤੇ ਕਰਮਾਂ ਅਨੁਸਾਰ ਪ੍ਰਭੂ ਹੁਕਮ ਵਿੱਚ ਕੋਈ ਦੁੱਖ ਕੋਈ ਸੁੱਖ ਭੋਗ ਰਿਹਾ ਹੈ।

## ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥

ਕਈ ਜੀਵਾਂ ਨੂੰ ਪ੍ਰਭੂ ਹੁਕਮ ਵਿੱਚ ਲੋਕ-ਪ੍ਰਲੋਕ ਦੀਆਂ ਬਖਸ਼ਿਸ਼ਾਂ ਪ੍ਰਾਪਤ ਹੋ ਜਾਂਦੀਆਂ ਹਨ। ਕਈਆਂ ਜੀਵ-ਆਤਮਾਵਾਂ ਨੂੰ ਅਨੇਕਾਂ ਜੂਨਾਂ ਵਿੱਚ ਭੁਆਇਆ ਜਾਂਦਾ ਹੈ।

## ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥

ਸਾਰੀ ਕਾਇਨਾਤ ਵਾਹਿਗੁਰੂ ਜੀ ਦੇ ਹੁਕਮ ਵਿੱਚ ਚਲ ਰਹੀ ਹੈ। ਉਸ ਦੇ ਹੁਕਮ ਤੋਂ ਕੋਈ ਵੀ ਬਾਹਰ ਨਹੀਂ ਹੈ।

## ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥

ਜੇ ਮਨੁੱਖ ਪਰਮਾਤਮਾ ਦੇ ਹੁਕਮ ਨੂੰ ਸਮਝ ਲਵੇ ਤਦ ਉਸ ਦੀ ਹਉਮੈ ਖਤਮ ਹੋ ਸਕਦੀ ਹੈ।੨॥

## ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥

ਜਿੰਨੀ ਜਿੰਨੀ ਪਰਮਾਤਮਾ ਨੇ ਕਿਸੇ ਨੂੰ ਬਲ-ਬੁੱਧੀ ਬਖਸ਼ਿਸ਼ ਕੀਤੀ ਹੈ, ਉਨਾਂ ਹੀ ਉਹ ਪਰਮਾਤਮਾ ਦੇ ਸਤਾਣੇ ਬਲ ਨੂੰ ਗਾਉਂਦਾ ਹੈ।

## ਗਾਵੈ ਕੋ ਦਾਤਿ ਜਾਣੈ ਨੀਸਾਣੁ ॥

ਕੋਈ ਪਰਮਾਤਮਾ ਦੀਆਂ ਦਿੱਤੀਆਂ ਦਾਤਾਂ ਨੂੰ ਉਸ ਦੀਆਂ ਬਖਸ਼ਿਸ਼ਾਂ ਜਾਣ ਕੇ ਗਾਉਂਦਾ ਹੈ।

## ਗਾਵੈ ਕੋ ਗੁਣ ਵਡਿਆਈਆ ਚਾਰ ॥

ਕੋਈ ਪਰਮਾਤਮਾ ਦੇ ਸੁੰਦਰ ਗੁਣ ਤੇ ਵਡਿਆਈਆਂ ਵੇਖ ਕੇ ਉਸ ਨੂੰ ਗਾਉਂਦਾ ਹੈ।

## ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥

ਕੋਈ ਮਨੁੱਖ ਵਿਦਿਆ ਦੇ ਬਲ ਨਾਲ ਅਗੰਮ-ਅਗੋਚਰ ਪਰਮਾਤਮਾ ਦੇ ਕਠਨ ਗਿਆਨ ਨੂੰ (ਨਾ-ਨਾ ਪ੍ਰਕਾਰੀ ਢੰਗ ਨਾਲ) ਗਾਉਂਦਾ ਹੈ।

## ਗਾਵੈ ਕੋ ਸਾਜਿ ਕਰੇ ਤਨੁ ਖੇਹ ॥

ਕੋਈ ਮਨੁੱਖ ਪਰਮਾਤਮਾ ਦੇ ਇਸ ਅਦਭੁੱਤ ਤਮਾਸ਼ੇ ਨੂੰ ਵੇਖ ਕੇ ਗਾਉਂਦਾ ਹੈ, ਕਿ ਵੇਖੋ! ਪਰਮਾਤਮਾ ਪੰਜ ਤੱਤਾਂ ਦੀ ਮਿੱਟੀ ਤੋਂ ਸੁੰਦਰ ਸਰੀਰਾਂ ਦੀ ਸਾਜਨਾ ਕਰਕੇ ਮੁੜ ਉਨ੍ਹਾਂ ਸਰੀਰਾਂ ਦੀ ਸਵਾਹ ਬਣਾ ਦਿੰਦਾ ਹੈ।

## ਗਾਵੈ ਕੋ ਜੀਅ ਲੈ ਫਿਰਿ ਦੇਹ ॥

ਕੋਈ ਪਰਮਾਤਮਾ ਨੂੰ ਗਾਉਂਦਾ ਹੈ ਕਿ ਦੇਖੋ, ਪਰਮਾਤਮਾ ਇੱਕ ਸਰੀਰ ਚੋਲੇ 'ਚੋਂ ਜਿੰਦ ਕੱਢ ਕੇ ਉਸੇ ਜਿੰਦ ਨੂੰ ਕੋਈ ਹੋਰ ਸਰੀਰ ਚੋਲਾ ਪਹਿਨਾ ਦਿੰਦਾ ਹੈ।

## ਗਾਵੈ ਕੋ ਜਾਪੈ ਦਿਸੈ ਦੂਰਿ ॥

ਕੋਈ ਉਸਨੂੰ ਇਹ ਜਾਣਕੇ ਗਾਉਂਦਾ ਹੈ ਕਿ ਪਰਮਾਤਮਾ ਬਹੁਤ ਦੂਰ ਹੈ।

## ਗਾਵੈ ਕੋ ਵੇਖੈ ਹਾਦਰਾ ਹਦੂਰਿ ॥

ਕੋਈ ਮਨੁੱਖ ਉਸਨੂੰ ਹਾਜ਼ਰ-ਨਾਜ਼ਰ ਜਾਣ ਕੇ ਉਸਦੀ ਸਿਫਤੋ-ਸਲਾਹ ਕਰਦਾ ਹੈ।

## ਕਥਨਾ ਕਥੀ ਨ ਆਵੈ ਤੋਟਿ ॥

ਹਰੇਕ ਕਥਨਹਾਰੇ ਨੇ ਆਪੋ-ਆਪਣੀ ਬੁੱਧੀ ਨਾਲ ਪਰਮਾਤਮਾ ਨੂੰ ਬਿਆਨ ਕਰਨ ਦਾ ਯਤਨ ਕੀਤਾ, ਪਰ ਉਸਦੀ ਕਥਾ ਅਮੁੱਕ ਹੈ॥

## ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥

ਕ੍ਰੋੜਾਂ ਦਾਨਿਆਂ ਨੇ ਕ੍ਰੋੜਾਂ-ਕ੍ਰੋੜਾਂ ਵਾਰੀ ਪਰਮਾਤਮਾ ਦੀ ਕਥਾ ਬਿਆਨ ਕੀਤੀ ਪਰ ਸੰਪੂਰਨ ਸਫਲਤਾ ਨਹੀਂ ਮਿਲੀ।

## ਦੇਦਾ ਦੇ ਲੈਦੇ ਥਕਿ ਪਾਹਿ ॥

ਦਾਤਾਰ ਦਾਤਾਂ ਦੇਈ ਹੀ ਜਾਂਦਾ ਹੈ। ਲੈਣ ਵਾਲੇ ਥੱਕ-ਮੁੱਕ ਜਾਂਦੇ ਹਨ।

## ਜੁਗਾ ਜੁਗੰਤਰਿ ਖਾਹੀ ਖਾਹਿ ॥

ਸਾਰੇ ਜੀ ਜੁਗਾਂ-ਜੁਗੰਤਰਾਂ ਤੋਂ ਪਰਮਾਤਮਾ ਦੀਆਂ ਦਿੱਤੀਆਂ ਦਾਤਾਂ ਖਾਈ ਜਾਂਦੇ ਹਨ।

## ਹੁਕਮੀ ਹੁਕਮੁ ਚਲਾਏ ਰਾਹੁ ॥

ਹੁਕਮੀ ਪਰਮਾਤਮਾ ਆਪਣੇ ਹੁਕਮ ਦੁਆਰਾ ਸਾਰੇ ਸੰਸਾਰ ਦੀ ਕਾਰ ਚਲਾਅ ਰਿਹਾ ਹੈ।

## ਨਾਨਕ ਵਿਗਸੈ ਵੇਪਰਵਾਹੁ ॥੩॥

ਸਤਿਗੁਰ ਨਾਨਕ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਵੇਪਰਵਾਹ ਪਰਮਾਤਮਾ ਆਪਣੀ ਰਚੀ ਖੇਡ ਨੂੰ ਵੇਖ ਕੇ ਪ੍ਰਸੰਨ ਹੋ ਰਿਹਾ ਹੈ।੩॥

## ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥

ਅਕਾਲ ਪੁਰਖ ਸਦਾ ਕਾਇਮ ਰਹਿਣ ਵਾਲਾ ਹੈ। ਉਸ ਦਾ ਨਾਮ ਤੇ ਸੋਭਾ ਵੀ ਸੱਚੀ ਹੈ। ਉਹ ਪਾਰਾਵਾਰ ਤੋਂ ਪਰੇ ਹੈ, ਉਸਦੀ ਬੋਲੀ ਨਿਰਾ ਪਿਆਰ ਹੈ।

## ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥

ਸਾਰਾ ਸੰਸਾਰ ਦਾਤਾਰ ਪਾਸੋਂ ਵੱਖ-ਵੱਖ ਦਾਤਾਂ ਮੰਗਦਾ ਹੈ। ਪਰਮਾਤਮਾ ਸਭਨਾ ਨੂੰ ਦਾਤਾਂ ਦੇ ਕੇ ਨਿਵਾਜ਼ਦਾ ਹੈ।

## ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥

ਜੇ ਸਾਰੀਆਂ ਦਾਤਾਂ ਉਸ ਪਰਮਾਤਮਾ ਦੀਆਂ ਹਨ, ਫਿਰ ਅਸੀਂ ਉਸਦੇ ਅੱਗੇ ਕੀ ਭੇਟਾ ਧਰੀਏ? ਤਾਂ ਜੋ ਸਾਨੂੰ ਉਸਦੇ ਦਰਬਾਰ ਦੇ ਦੀਦਾਰ ਹੋ ਜਾਣ।

## ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥

ਮੂੰਹ ਵਿੱਚੋਂ ਕਿਹੜੇ ਸ੍ਰੇਸ਼ਟ ਬਚਨ ਬੋਲੀਏ? ਜਿਨ੍ਹਾਂ ਨੂੰ ਸੁਣਕੇ ਉਹ ਸਾਨੂੰ ਪਿਆਰ ਕਰਨ ਲੱਗ ਜਾਵੇ।

## ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥

ਅੰਮ੍ਰਿਤ ਵੇਲੇ ਉੱਠਕੇ ਸੱਚੇ ਵਾਹਿਗੁਰੂ ਦਾ ਨਾਮ ਜੱਪਣ ਤੇ ਉਸ ਦੀ ਸਿਫਤੋ-ਸਲਾਹ ਕਰਨ ਨਾਲ ਉਸ ਦੇ ਦੀਦਾਰ ਹੋ ਜਾਂਦੇ ਹਨ।

## ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥

ਪਰਮਾਤਮਾ ਦੀ ਬਖਸ਼ਿਸ਼ ਨਾਲ ਮਨੁੱਖੀ ਜਾਮਾ ਪ੍ਰਾਪਤ ਹੁੰਦਾ ਹੈ ਤੇ ਉਸ ਦੀ ਰਹਿਮਤ ਨਾਲ ਹੀ ਜੀਵਨ ਮੁਕਤੀ ਦਾ ਰਸਤਾ ਪ੍ਰਾਪਤ ਹੁੰਦਾ ਹੈ।

## ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥

ਸਤਿਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ ਕਿ ਜੀਵ-ਆਤਮਾ ਨੂੰ ਇਸ ਤਰ੍ਹਾਂ ਸਮਝਣਾ ਚਾਹੀਦਾ ਹੈ ਕਿ ਸਚਿਆਰ ਪ੍ਰਭੂ ਹੀ ਸਭ ਕੁਝ ਆਪੇ-ਆਪ ਹੈ।੪॥

## ਥਾਪਿਆ ਨ ਜਾਇ ਕੀਤਾ ਨ ਹੋਇ ॥

ਨਾ ਉਸ ਨੂੰ ਪੈਦਾ ਕੀਤਾ ਜਾ ਸਕਦਾ ਅਤੇ ਨਾ ਹੀ ਉਸਨੂੰ ਮੂਰਤੀ ਵਾਂਗ ਇੱਕ ਥਾਂ ਤੇ ਅਸਥਾਪਨ ਕੀਤਾ ਜਾ ਸਕਦਾ ਹੈ।

## ਆਪੇ ਆਪਿ ਨਿਰੰਜਨੁ ਸੋਇ ॥

ਨਿਰੋਲ ਉਹ ਆਪ ਹੀ ਆਪ ਹੈ। ਉਹ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੈ।

## ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥

ਜਿਸ ਜਿਸ ਜੀਵ ਨੇ ਪ੍ਰਭੂ ਦਾ ਸਿਮਰਨ ਕੀਤਾ ਉਸ ਨੂੰ ਲੋਕ-ਪ੍ਰਲੋਕ ਵਿੱਚ ਮਾਣ-ਸਤਿਕਾਰ ਦੀਆਂ ਦਾਤਾਂ ਪ੍ਰਾਪਤ ਹੋਈਆਂ।

## ਨਾਨਕ ਗਾਵੀਐ ਗੁਣੀ ਨਿਧਾਨੁ ॥

ਸਤਿਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ ਕਿ ਅਜਿਹੇ ਗੁਣਾਂ ਦੇ ਖ਼ਜਾਨੇ ਪਰਮਾਤਮਾ ਦੀ ਹਮੇਸ਼ਾ ਸਿਫਤਿ-ਸਲਾਹ ਕਰਨੀ ਚਾਹੀਦੀ ਹੈ।

## ਗਾਵੀਐ ਸੁਣੀਐ ਮਨਿ ਰਖੀਐ ਭਾਉ ॥

ਅਕਾਲ ਪੁਰਖ ਦੇ ਗੁਣਾਂ ਨੂੰ ਗਾਉਣਾ ਤੇ ਸੁਣਨਾ ਚਾਹੀਦਾ ਹੈ ਤੇ ਨਾਲ ਨਾਲ ਆਪਣੇ ਮਨ ਵਿੱਚ ਉਸ ਦਾ ਪਿਆਰ ਧਾਰਨ ਕਰਨਾ ਚਾਹੀਦਾ ਹੈ।

## ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥

ਜਿਹੜਾ ਜਗਿਆਸੂ ਇਸ ਤਰ੍ਹਾਂ ਕਰਦਾ ਹੈ ਉਸਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ ਤੇ ਉਸਦੇ ਹਿਰਦੇ ਵਿੱਚ ਸੁੱਖ ਪ੍ਰਵੇਸ਼ ਕਰ ਜਾਂਦੇ ਹਨ।

**ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥**

ਗੁਰੂ ਦੁਆਰਾ ਹੀ, ਸ਼ਬਦ ਧੁਨ ਤੋਂ ਤੇ ਵੇਦ-ਸ਼ਾਸ਼ਤਰਾਂ ਤੋਂ ਉਪਜਿਆ ਗਿਆਨ ਪ੍ਰਾਪਤ ਹੋ ਜਾਂਦਾ ਹੈ ਤੇ ਗੁਰੂ ਦੁਆਰਾ ਹੀ ਸਭ ਥਾਂਵਾਂ ਵਿੱਚ ਪਰਮਾਤਮਾ ਦੀ ਸਰਬਵਿਆਪਕਤਾ ਦੀ ਲਖਤਾ ਹੋ ਜਾਂਦੀ ਹੈ।

**ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥**

ਗੁਰੂ ਹੀ ਸਾਡੇ ਲਈ ਸ਼ਿਵਜੀ ਹੈ, ਗੁਰੂ ਹੀ ਸਾਡੇ ਲਈ ਗੋਰਖ, ਬ੍ਰਹਮਾ ਤੇ ਪਾਰਬਤੀ ਮਾਈ (ਲਛਮੀ) ਹੈ।

**ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥**

ਜੇ ਮੈਂ ਪਰਮਾਤਮਾ ਨੂੰ ਜਾਣ ਵੀ ਲਵਾਂ ਤਦ ਵੀ ਮੈਂ ਉਸ ਪ੍ਰਥਾਏ ਕੁਛ ਵੀ ਨਹੀਂ ਕਹਾਂਗਾ ਕਿਉਂਕਿ ਉਸਨੂੰ ਸੰਪੂਰਨ ਤੌਰ ਤੇ ਕਥਨ ਨਹੀਂ ਕੀਤਾ ਜਾ ਸਕਦਾ।

**ਗੁਰਾ ਇਕ ਦੇਹਿ ਬੁਝਾਈ ॥**
**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥**

ਹੇ ਗੁਰਦੇਵ! ਕ੍ਰਿਪਾ ਕਰਕੇ ਮੈਨੂੰ ਇਹ ਸੋਝੀ ਬਖਸ਼ਿਸ਼ ਕਰ ਦੇਹ, ਕਿ ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਦਾਤਾਰ ਮੈਨੂੰ ਕਿਸੇ ਵੇਲੇ ਵੀ ਨਾ ਭੁੱਲੇ ॥੫॥

**ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥**

ਮੈਂ ਤੀਰਥਾਂ ਉੱਪਰ ਜਾ ਕੇ ਇਸ਼ਨਾਨ ਤਦ ਕਰਾਂ, ਜੇ ਇਸ ਤਰ੍ਹਾਂ ਕਰਨ ਨਾਲ ਮੈਂ ਪਰਮਾਤਮਾ ਨੂੰ ਚੰਗਾ ਲੱਗਣ ਲੱਗ ਜਾਵਾਂ। ਉਸਨੂੰ ਚੰਗਾ ਲੱਗਣ ਤੋਂ ਬਿਨਾਂ ਮੈਂ ਤੀਰਥਾਂ ਤੇ ਨਹਾ ਕੇ ਕੀ ਖੱਟਾਂਗਾ?

**ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥**

ਅਕਾਲ ਪੁਰਖ ਦੀ ਪੈਦਾ ਕੀਤੀ ਜਿੰਨੀ ਵੀ ਸ੍ਰਿਸ਼ਟੀ ਮੈਂ ਵੇਖਦਾ

ਹਾਂ, ਬਿਨਾਂ ਪ੍ਰਭੂ ਮਿਹਰ ਤੇ ਭਾਗਾਂ ਤੋਂ ਬਿਨਾਂ ਕਿਸੇ ਨੂੰ ਕੁਝ ਨਹੀਂ ਮਿਲਦਾ।

**ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥**

ਜੇ ਭੈ-ਭਾਵਨੀ ਨਾਲ ਮਨੁੱਖ ਗੁਰੂ ਦੀ ਇੱਕ ਵੀ ਸਿੱਖਿਆ ਸੁਣ ਲਵੇ ਤਦ ਉਸ ਦੇ ਹਿਰਦੇ ਵਿੱਚ, ਰਤਨਾਂ, ਜਵਾਹਰਾਤਾਂ ਨਾਲੋਂ ਵੀ ਕੀਮਤੀ ਗੁਣ ਸੱਤ, ਸੰਤੋਖ, ਦਇਆ, ਧਰਮ, ਧੀਰਜ ਆਦਿ ਪ੍ਰਗਟ ਹੋ ਜਾਂਦੇ ਹਨ।

**ਗੁਰਾ ਇਕ ਦੇਹਿ ਬੁਝਾਈ ॥**

**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥**

ਹੇ ਸਤਿਗੁਰੂ! ਮੈਨੂੰ ਇਹ ਸੋਝੀ ਬਖਸ਼ਿਸ਼ ਕਰ ਦੇਵੋ, ਸਾਰੇ ਜੀਵਾਂ ਨੂੰ ਦਾਤਾਂ ਪ੍ਰਦਾਨ ਕਰਨ ਵਾਲਾ ਦਾਤਾ ਮੈਨੂੰ ਕਦੇ ਵੀ ਨਾ ਭੁੱਲੇ॥੬॥

**ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥**

ਜੇ ਕਿਸੇ ਮਨੁੱਖ ਦੀ ਉਮਰ ਚਾਰ ਯੁੱਗ ਹੋ ਜਾਵੇ, ਚਾਰ ਯੁੱਗ ਹੀ ਨਹੀਂ, ਇਸ ਤੋਂ ਦਸ ਗੁਣਾਂ ਹੋਰ ਵਧ ਜਾਵੇ।

**ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥**

ਉਹ ਮਨੁੱਖ ਸਾਰੀ ਪ੍ਰਿਥਵੀ ਵਿੱਚ ਪ੍ਰਸਿੱਧ ਹੋ ਜਾਵੇ, ਹਰੇਕ ਮਨੁੱਖ ਉਸ ਦੇ ਪਿੱਛੇ ਲੱਗ ਤੁਰੇ।

**ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥**

ਜੇ ਉਹ ਆਪਣਾ ਚੰਗਾ ਨਾਮਣਾ ਖੱਟ ਕੇ ਸਾਰੇ ਸੰਸਾਰ ਦੀ ਸ਼ੋਭਾ ਵੀ ਪ੍ਰਾਪਤ ਕਰ ਲਵੇ।

**ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥**

ਇੰਨਾਂ ਕੁਝ ਪ੍ਰਾਪਤ ਕਰਕੇ ਵੀ ਜੇ ਉਹ ਪ੍ਰਮਾਤਮਾ ਦੀ ਮਿਹਰ ਦਾ

ਪਾਤਰ ਨਹੀਂ ਬਣਿਆ ਤਦ ਉਹ, ਉਸ ਨਿਆਸਰੇ ਮਨੁੱਖ ਤੁਲ ਹੈ, ਜਿਸਦੀ ਸੰਸਾਰ ਅੰਦਰ ਕੋਈ ਖਬਰ ਵੀ ਨਹੀਂ ਪੁੱਛਦਾ।

**ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥**

ਪ੍ਰਭੂ ਨਦਰ ਵਿਹੂਣਾ ਮਨੁੱਖ, ਕੀਟ ਸਮਾਨ, ਸਭ ਤੋਂ ਨੀਚ ਗਿਣਿਆ ਜਾਂਦਾ ਹੈ। ਅਪਰਾਧੀ ਮਨੁੱਖ ਭੀ ਉਸ ਨੂੰ ਦੋਸ਼ੀ ਜਾਣ ਕੇ ਉਸ ਉੱਪਰ ਦੋਸ਼ ਲਾਉਂਦਾ ਹੈ।

**ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥**

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਨ ਕਰਦੇ ਹਨ, ਕਿ ਪ੍ਰਮਾਤਮਾ ਬੜਾ ਦਿਆਲੂ ਕ੍ਰਿਪਾਲੂ ਹੈ। ਉਹ ਗੁਣਾਂ ਤੋਂ ਸੱਖਣੇ ਮਨੁੱਖਾਂ ਨੂੰ ਗੁਣਵਾਨ ਤੇ ਗੁਣਵਾਨਾਂ ਨੂੰ ਹੋਰ ਗੁਣ ਪ੍ਰਦਾਨ ਕਰ ਦਿੰਦਾ ਹੈ।

**ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥੭॥**

ਪ੍ਰਮਾਤਮਾ ਤੋਂ ਬਿਨਾਂ ਸੰਸਾਰ ਵਿੱਚ ਹੋਰ ਕੋਈ ਨਹੀਂ ਦਿਸਦਾ ਜਿਹੜਾ ਗੁਣ-ਵਿਹੂਣਿਆਂ ਨੂੰ ਕੋਈ ਗੁਣ ਦੇ ਸਕੇ॥੭॥

**ਸੁਣਿਐ ਸਿਧ ਪੀਰ ਸੁਰਿ ਨਾਥ ॥**

ਵਾਹਿਗੁਰੂ ਜੀ ਦਾ ਨਾਮ ਅਤੇ ਸਿਫਤੋ-ਸਲਾਹ ਸੁਨਣ ਨਾਲ ਇੱਕ ਸਧਾਰਨ ਮਨੁੱਖ ਵੀ ਸਿੱਧਾਂ-ਪੀਰਾਂ-ਦੇਵਤਿਆਂ ਤੇ ਨਾਥਾਂ ਦੀ ਪਦਵੀ ਪ੍ਰਾਪਤ ਕਰ ਲੈਂਦਾ ਹੈ।

**ਸੁਣਿਐ ਧਰਤਿ ਧਵਲ ਆਕਾਸ ॥**

ਉਨ੍ਹਾਂ ਨੂੰ ਪ੍ਰਭੂ ਦੀ ਸਿਫਤਿ-ਸਲਾਹ ਤੇ ਨਾਮ ਸੁਣਨ ਦੁਆਰਾ ਪਤਾ ਲਗ ਜਾਂਦਾ ਹੈ ਕਿ ਧਰਤੀ ਦਾ ਆਸਰਾ ਬਲਦ ਨਹੀਂ, ਸਗੋਂ ਧਰਤੀ-ਅਕਾਸ਼, ਪ੍ਰਭੂ ਆਸਰੇ ਟਿਕੇ ਹੋਏ ਹਨ।

**ਸੁਣਿਐ ਦੀਪ ਲੋਅ ਪਾਤਾਲ ॥**

ਨਾਮ ਸਿਖਿਆ ਸੁਣਨ ਨਾਲ ਮਨੁੱਖ ਨੂੰ ਦੀਪਾਂ-ਲੋਆਂ-ਪਤਾਲਾਂ

ਵਿੱਚ ਪਰਮਾਤਮਾ ਦੀ ਸਰਬ-ਵਿਆਪਕਤਾ ਦਾ ਗਿਆਨ ਹੋ ਜਾਂਦਾ ਹੈ।

## ਸੁਣਿਐ ਪੋਹਿ ਨ ਸਕੈ ਕਾਲੁ ॥

ਪ੍ਰਭੂ ਨਾਮ ਤੇ ਪਰਮਾਤਮਾ ਦੀ ਸਿਫਤਿ-ਸਲਾਹ ਸੁਣਨ ਨਾਲ ਪ੍ਰਾਣੀ ਮੌਤ ਦੇ ਤ੍ਰਾਸ ਤੋਂ ਮੁਕਤ ਹੋ ਜਾਂਦਾ ਹੈ।

## ਨਾਨਕ ਭਗਤਾ ਸਦਾ ਵਿਗਾਸੁ ॥

ਪ੍ਰਭੂ ਨਾਮ ਤੇ ਗੁਰੂ ਸਿਖਿਆ ਸੁਣਨ ਵਾਲੇ ਭਗਤ ਜਨਾਂ ਅੰਦਰ ਸਦੀਵੀਂ ਖੁਸ਼ੀ-ਖੇੜਾ ਬਣਿਆ ਰਹਿੰਦਾ ਹੈ।

## ਸੁਣਿਐ ਦੂਖ ਪਾਪ ਕਾ ਨਾਸੁ ॥੮॥

ਪ੍ਰਭੂ ਨਾਮ ਸੁਣਨ ਵਾਲਿਆਂ ਦੇ ਸਾਰੇ ਦੁੱਖ ਤੇ ਪਾਪ ਕਰਮ ਨਾਸ਼ ਹੋ ਜਾਂਦੇ ਹਨ॥ ੮॥

## ਸੁਣਿਐ ਈਸਰੁ ਬਰਮਾ ਇੰਦੁ ॥

ਸੁਰਤ ਜੋੜ ਕੇ ਪ੍ਰਭੂ ਨਾਮ ਸੁਣਨ ਵਾਲੇ ਜਗਿਆਸੂ ਨੂੰ ਸੁਤੇ ਹੀ ਸ਼ਿਵਜੀ, ਬ੍ਰਹਮਾ ਤੇ ਇੰਦ੍ਰ ਦੀ ਪਦਵੀ ਪ੍ਰਾਪਤ ਹੋ ਜਾਂਦੀ ਹੈ।

## ਸੁਣਿਐ ਮੁਖਿ ਸਾਲਾਹਣ ਮੰਦੁ ॥

ਪਰਮਾਤਮਾ ਦੇ ਨਾਮ ਨੂੰ ਸੁਣਨ ਨਾਲ ਮੰਦਾ ਮਨੁੱਖ ਭੀ ਪਰਮਾਤਮਾ ਦੀ ਸਿਫਤਿ-ਸਲਾਹ ਕਰਨ ਲਗ ਜਾਂਦਾ ਹੈ।

## ਸੁਣਿਐ ਜੋਗ ਜੁਗਤਿ ਤਨਿ ਭੇਦ ॥

ਪ੍ਰਭੂ ਨਾਮ ਨੂੰ ਸੁਣਨ ਨਾਲ ਪਰਮਾਤਮਾ ਨਾਲ ਜੁੜਨ ਦੀ ਜੁਗਤੀ ਤੇ ਸਰੀਰ ਦੇ ਗੁੱਝੇ ਭੇਦਾਂ ਪ੍ਰਤੀ ਗਿਆਨ ਹੋ ਜਾਂਦਾ ਹੈ।

## ਸੁਣਿਐ ਸਾਸਤ ਸਿਮ੍ਰਿਤਿ ਵੇਦ ॥

ਪਰਮਾਤਮਾ ਦੇ ਨਾਮ ਨੂੰ ਸੁਣਨ ਨਾਲ, ਵੇਦ, ਸ਼ਾਸ਼ਤਰ ਤੇ ਸਿਮ੍ਰਤੀਆਂ ਦੇ ਅਸਲੀ ਗਿਆਨ ਦੀ ਲਖਤਾ ਹੋ ਜਾਂਦੀ ਹੈ।

## ਨਾਨਕ ਭਗਤਾ ਸਦਾ ਵਿਗਾਸੁ ॥

ਪਰਮਾਤਮਾ ਦੇ ਭਗਤ ਜਨਾਂ ਨੂੰ ਸਦਾ ਦਾ ਖੇੜਾ-ਖੁਸ਼ੀ ਪ੍ਰਾਪਤ ਹੋ ਜਾਂਦੀ ਹੈ।

## ਸੁਣਿਐ ਦੂਖ ਪਾਪ ਕਾ ਨਾਸੁ ॥੯॥

ਪ੍ਰਭੂ ਨਾਮ ਨੂੰ ਸੁਰਤ ਜੋੜ ਕੇ ਸੁਣਨ ਨਾਲ ਦੁੱਖਾਂ, ਕਲੇਸ਼ਾਂ, ਪਾਪਾਂ ਦਾ ਨਾਸ਼ ਹੋ ਜਾਂਦਾ ਹੈ॥ ੯॥

## ਸੁਣਿਐ ਸਤੁ ਸੰਤੋਖੁ ਗਿਆਨੁ ॥

ਲਿਵ ਜੋੜ ਕੇ ਪ੍ਰਭੂ ਨਾਮ ਸੁਣਨ ਨਾਲ ਸਤ-ਸੰਤੋਖ ਤੇ ਆਤਮਿਕ ਗਿਆਨ ਪ੍ਰਾਪਤ ਹੋ ਜਾਂਦਾ ਹੈ।

## ਸੁਣਿਐ ਅਠਸਠਿ ਕਾ ਇਸਨਾਨੁ ॥

ਪਰਮਾਤਮਾ ਦਾ ਨਾਮ ਤੇ ਸਿਫਤਿ-ਸਲਾਹ ਸੁਣਨ ਨਾਲ ਘਰ ਬੈਠਿਆਂ ਹੀ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫ਼ਲ ਪ੍ਰਾਪਤ ਹੋ ਜਾਂਦਾ ਹੈ।

## ਸੁਣਿਐ ਪੜਿ ਪੜਿ ਪਾਵਹਿ ਮਾਨੁ ॥

ਜੋ ਵਿਦਵਾਨ ਲੋਕ ਵਿਦਿਆ ਪੜ੍ਹ ਕੇ ਮਾਣ ਸਤਿਕਾਰ ਪ੍ਰਾਪਤ ਕਰਦੇ ਹਨ। ਉਹ ਮਾਣ ਸਤਿਕਾਰ ਸੁਤੇ ਹੀ ਨਾਮ ਦੀ ਧੁਨੀ ਸੁਣਨ ਵਾਲੇ ਨੂੰ ਪ੍ਰਾਪਤ ਹੋ ਜਾਂਦਾ ਹੈ।

## ਸੁਣਿਐ ਲਾਗੈ ਸਹਜਿ ਧਿਆਨੁ ॥

ਨਾਮ ਨੂੰ ਸੁਣਨ ਦੀ ਬਰਕਤ ਨਾਲ ਸੁਤੇ ਹੀ ਜਗਿਆਸੂ ਦਾ ਧਿਆਨ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ।

## ਨਾਨਕ ਭਗਤਾ ਸਦਾ ਵਿਗਾਸੁ ॥

ਸਤਿਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ ਕਿ ਪ੍ਰਭੂ-ਭਗਤਾਂ ਦੇ ਹਿਰਦੇ ਵਿਖੇ ਸਦੀਵੀਂ ਖੇੜਾ ਤੇ ਖੁਸ਼ੀ ਬਣੀ ਰਹਿੰਦੀ ਹੈ।

## ਸੁਣਿਐ ਦੂਖ ਪਾਪ ਕਾ ਨਾਸੁ ॥੧੦॥

ਵਾਹਿਗੁਰੂ ਦਾ ਨਾਮ ਸੁਣਨ ਨਾਲ ਦੁੱਖਾਂ-ਪਾਪਾਂ-ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ॥੧੦॥

## ਸੁਣਿਐ ਸਰਾ ਗੁਣਾ ਕੇ ਗਾਹ ॥

ਵਾਹਿਗੁਰੂ ਜੀ ਦਾ ਨਾਮ ਸੁਣਨ ਨਾਲ ਜਗਿਆਸੂ ਸਮੂਹਕ ਗੁਣਾਂ ਦਾ ਜਾਣੂ ਤੇ ਧਾਰਨੀ ਬਣ ਜਾਂਦਾ ਹੈ।

## ਸੁਣਿਐ ਸੇਖ ਪੀਰ ਪਾਤਿਸਾਹ ॥

ਵਾਹਿਗੁਰੂ ਨਾਮ ਸੁਣਨ ਨਾਲ ਜਗਿਆਸੂ ਸ਼ੇਖਾਂ-ਪੀਰਾਂ ਤੇ ਪਾਤਿਸ਼ਾਹਾਂ ਦੀ ਪਦਵੀ ਪ੍ਰਾਪਤ ਕਰ ਲੈਂਦਾ ਹੈ।

## ਸੁਣਿਐ ਅੰਧੇ ਪਾਵਹਿ ਰਾਹੁ ॥

ਵਾਹਿਗੁਰੂ ਨਾਮ ਤੇ ਪ੍ਰਭੂ ਸਿਫਤੋ-ਸਲਾਹ ਸੁਣਨ ਨਾਲ ਅਗਿਆਨੀ ਮਨੁੱਖ ਵੀ ਪ੍ਰਭੂ ਪ੍ਰਾਪਤੀ ਦਾ ਰਸਤਾ ਪ੍ਰਾਪਤ ਕਰ ਲੈਂਦੇ ਹਨ।

## ਸੁਣਿਐ ਹਾਥ ਹੋਵੈ ਅਸਗਾਹੁ ॥

ਵਾਹਿਗੁਰੂ ਜੀ ਦਾ ਨਾਮ ਸੁਣਨ ਨਾਲ ਇਸ [1]ਅਸਗਾਹ ਸੰਸਾਰ ਦੀ ਅਸਲੀਅਤ ਦਾ ਪਤਾ ਲਗ ਜਾਂਦਾ ਹੈ।

## ਨਾਨਕ ਭਗਤਾ ਸਦਾ ਵਿਗਾਸੁ ॥

ਗੁਰਦੇਵ ਸਤਿਗੁਰੂ ਫੁਰਮਾਉਂਦੇ ਹਨ ਕਿ ਪ੍ਰਭੂ ਭਗਤਾਂ ਦੇ ਹਿਰਦੇ ਅੰਦਰ ਸਦਾ ਹੀ ਖੁਸ਼ੀ-ਖੇੜਾ ਬਣਿਆ ਰਹਿੰਦਾ ਹੈ।

## ਸੁਣਿਐ ਦੂਖ ਪਾਪ ਕਾ ਨਾਸੁ ॥੧੧॥

ਲਿਵ ਜੋੜ ਕੇ ਵਾਹਿਗੁਰੂ ਨਾਮ ਸੁਣਨ ਨਾਲ ਸਾਰੇ ਦੁੱਖਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ॥ ੧੧॥

## ਮੰਨੇ ਕੀ ਗਤਿ ਕਹੀ ਨ ਜਾਇ ॥

ਜਿਸ ਨੇ ਮਨ-ਬਚਨ ਤੇ ਕਰਮਾਂ ਕਰਕੇ ਨਾਮ ਨੂੰ ਮੰਨ ਲਿਆ, ਉਸ ਦੀ ਆਤਮਿਕ ਉੱਚਤਾ ਬਿਆਨ ਨਹੀਂ ਕੀਤੀ ਜਾ ਸਕਦੀ।

੧. ਅਥਾਹ ਦਾ ਗਿਆਨ ਹੋ ਜਾਣਾ।

## ਜੇ ਕੋ ਕਹੈ ਪਿਛੈ ਪਛੁਤਾਇ ॥

ਜੇ ਕੋਈ ਉਸ ਦੀ ਆਤਮਿਕ ਉੱਚਤਾ ਨੂੰ ਬਿਆਨ ਕਰਨ ਦੀ ਫੜ੍ਹ ਮਾਰੇ, ਉਸ ਨੂੰ ਪਛਤਾਉਣਾ ਹੀ ਪਵੇਗਾ।

## ਕਾਗਦਿ ਕਲਮ ਨ ਲਿਖਣਹਾਰੁ ॥

ਮਨ-ਬਚਨ-ਕਰਮ ਕਰਕੇ ਨਾਮ ਨੂੰ ਮੰਨਣ ਵਾਲੇ ਨਾਮੀ ਦੀ ਕਾਗਜ਼ ਉੱਪਰ ਕਲਮ ਨਾਲ ਲਿਖ ਕੇ ਆਤਮਿਕ ਉੱਚਤਾ ਬਿਆਨ ਨਹੀਂ ਕੀਤੀ ਜਾ ਸਕਦੀ।

## ਮੰਨੇ ਕਾ ਬਹਿ ਕਰਨਿ ਵੀਚਾਰੁ ॥

ਵੀਚਾਰਵਾਨ ਪੁਰਸ਼ ਰਲ ਕੇ, ਨਾਮ ਦਾ ਮੰਨਣ ਕਰਨ ਵਾਲਿਆਂ ਪ੍ਰਤੀ ਵੀਚਾਰਾਂ ਜ਼ਰੂਰ ਕਰਦੇ ਹਨ।

## ਐਸਾ ਨਾਮੁ ਨਿਰੰਜਨੁ ਹੋਇ ॥

ਵਾਹਿਗੁਰੂ ਜੀ ਦਾ ਨਾਮ ਮਾਇਆ ਦੀ ਲੇਪ-ਛੇਪ ਕਾਲਖ ਤੋਂ ਰਹਿਤ ਹੈ।

## ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥

ਜੇ ਕੋਈ ਜਗਿਆਸੂ, ਪ੍ਰਮਾਤਮਾ ਦੇ ਨਾਮ ਨੂੰ ਮਨ-ਬਚਨ-ਕਰਮਾਂ ਕਰਕੇ ਦ੍ਰਿੜਤਾ ਨਾਲ ਮੰਨ ਲਵੇ, ਉਹ ਵੀ ਮਾਇਆ ਦੀ ਕਾਲਖ ਤੋਂ ਮੁਕਤ ਹੋ ਜਾਂਦਾ ਹੈ।੧੨।

## ਮੰਨੈ ਸੁਰਤਿ ਹੋਵੈ ਮਨਿ ਬੁਧਿ ॥

ਨਾਮ ਨੂੰ ਮੰਨਣ ਵਾਲੇ ਦੀ ਸੁਰਤ ਅਤੇ ਬੁੱਧੀ ਵਿੱਚ ਇੱਕ ਅਗੰਮੀ ਸੋਝੀ ਉਤਪੰਨ ਹੋ ਜਾਂਦੀ ਹੈ।

## ਮੰਨੈ ਸਗਲ ਭਵਣ ਕੀ ਸੁਧਿ ॥

ਨਾਮ ਨੂੰ ਮੰਨਣ ਵਾਲਾ ਜਗਿਆਸੂ ਤ੍ਰੈ-ਕਾਲ ਦਰਸ਼ੀ ਬਣ ਜਾਂਦਾ ਹੈ।

## ਮੰਨੈ ਮੁਹਿ ਚੋਟਾ ਨਾ ਖਾਇ ॥

ਮਨ-ਬਚਨ-ਕਰਮਾਂ ਕਰਕੇ ਨਾਮ ਦਾ ਮੰਨਣ ਕਰਨ ਵਾਲਾ ਜਗਿਆਸੂ ਵਿਕਾਰਾਂ ਤੇ ਜਮਦੂਤਾਂ ਦੀਆਂ ਚੋਟਾਂ ਨਹੀਂ ਖਾਂਦਾ।

## ਮੰਨੈ ਜਮ ਕੈ ਸਾਥਿ ਨ ਜਾਇ ॥

ਨਾਮ ਦਾ ਮੰਨਣ ਕਰਨ ਵਾਲੇ ਨੂੰ ਜਮਦੂਤਾਂ ਨਾਲ ਵਾਹ-ਵਾਸਤਾ ਨਹੀਂ ਪੈਂਦਾ।

## ਐਸਾ ਨਾਮੁ ਨਿਰੰਜਨੁ ਹੋਇ ॥

ਵਾਹਿਗੁਰੂ ਜੀ ਦਾ ਪਵਿੱਤਰ ਨਾਮ ਮਾਇਆ ਦੀ ਲੇਪ-ਛੇਪ ਕਾਲਖ ਤੋਂ ਰਹਿਤ ਹੈ।

## ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥

ਜੋ ਆਪਣੇ ਮਨ ਵਿੱਚ, ਵਾਹਿਗੁਰੂ ਨਾਮ ਦਾ ਮਨ-ਬਚਨ ਤੇ ਕਰਮਾਂ ਕਰਕੇ ਮੰਨਣ ਕਰ ਲੈਂਦਾ ਹੈ, ਉਹ ਵੀ ਮਾਇਆ ਦੀ ਕਾਲਖ ਤੋਂ ਨਿਰਲੇਪ ਹੋ ਜਾਂਦਾ ਹੈ।੧੩॥

## ਮੰਨੈ ਮਾਰਗਿ ਠਾਕ ਨ ਪਾਇ ॥

ਜਿਹੜਾ ਜਗਿਆਸੂ ਪ੍ਰਭੂ ਨਾਮ ਦਾ ਮਨ-ਬਚਨ-ਕਰਮਾਂ ਕਰਕੇ ਮੰਨਣ ਕਰ ਲੈਂਦਾ ਹੈ, ਉਸ ਦੇ ਆਰਥਿਕ ਤੇ ਪ੍ਰਮਾਰਥਿਕ ਰਸਤੇ ਵਿੱਚ ਕੋਈ ਰੁਕਾਵਟ ਨਹੀਂ ਪੈਂਦੀ।

## ਮੰਨੈ ਪਤਿ ਸਿਉ ਪਰਗਟੁ ਜਾਇ ॥

ਨਾਮੀਂ ਪੁਰਸ਼ ਇਸ ਸੰਸਾਰ ਵਿੱਚ ਸ਼ੋਭਾ ਖੱਟ ਕੇ ਮਾਣ ਸਤਿਕਾਰ ਨਾਲ ਪ੍ਰਭੂ ਦਰਗਾਹ ਵਿੱਚ ਜਾਂਦਾ ਹੈ।

## ਮੰਨੈ ਮਗੁ ਨ ਚਲੈ ਪੰਥੁ ॥

ਨਾਮ ਨੂੰ ਮੰਨਣ ਵਾਲਾ ਦੁਬਿਧਾ ਦੇ ਰਸਤੇ ਦਾ ਤਿਆਗੀ ਬਣ ਕੇ ਅਟੱਲ ਤੇ ਅਚੱਲ ਗੁਰਮਤਿ ਗਾਡੀ ਰਸਤੇ ਦਾ ਧਾਰਨੀ ਬਣ ਜਾਂਦਾ ਹੈ।

## ਮੰਨੈ ਧਰਮ ਸੇਤੀ ਸਨਬੰਧੁ ॥

ਨਾਮੀਂ ਪੁਰਸ਼ ਦਾ ਸਿੱਧਾ ਨਾਤਾ ਧਰਮ ਨਾਲ ਬਣ ਜਾਂਦਾ ਹੈ।

## ਐਸਾ ਨਾਮੁ ਨਿਰੰਜਨੁ ਹੋਇ ॥

ਪਰਮਾਤਮਾ ਦਾ ਨਾਮ ਮਾਇਆ ਦੀ ਲੇਪ-ਛੇਪ ਤੇ ਕਾਲਖ ਤੋਂ ਰਹਿਤ ਹੈ।

## ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥

ਦ੍ਰਿੜਤਾ ਨਾਲ ਮਨ ਵਿੱਚ ਨਾਮ ਦਾ ਮੰਨਣ ਕਰਨ ਵਾਲਾ ਵੀ, ਮਾਇਆ ਦੀ ਕਾਲਖ ਤੋਂ ਅਛੋਹ ਹੋ ਜਾਂਦਾ ਹੈ।੧੪।

## ਮੰਨੈ ਪਾਵਹਿ ਮੋਖੁ ਦੁਆਰੁ ॥

ਵਾਹਿਗੁਰੂ ਨਾਮ ਦਾ ਮਨ-ਬਚਨ-ਕਰਮਾਂ ਕਰਕੇ ਮੰਨਣ ਕਰਨ ਵਾਲਾ ਜਗਿਆਸੂ ਜੀਵਨ ਮੁਕਤੀ ਦਾ ਦਰ ਪ੍ਰਾਪਤ ਕਰ ਲੈਂਦਾ ਹੈ।

## ਮੰਨੈ ਪਰਵਾਰੈ ਸਾਧਾਰੁ ॥

ਨਾਮ ਦਾ ਮੰਨਣ ਕਰਨ ਵਾਲਾ ਪੁਰਸ਼ ਆਪਣੇ ਪਰਿਵਾਰ ਨੂੰ ਵੀ ਪ੍ਰਮਾਤਮਾ ਦਾ ਆਸਰਾ ਦ੍ਰਿੜ ਕਰਵਾਕੇ ਸਾਰੇ ਪਰਿਵਾਰ ਦਾ ਉਧਾਰ ਕਰ ਦਿੰਦਾ ਹੈ।

## ਮੰਨੈ ਤਰੈ ਤਾਰੇ ਗੁਰੁ ਸਿਖ ॥

"**ਮਨ-ਬਚ-ਕਰਮ ਪ੍ਰਭ ਏਕ ਧਿਆਏ**" ਦਾ ਧਾਰਨੀ ਜਗਿਆਸੂ ਆਪ ਸੰਸਾਰ ਭਵਜਲ ਚੋਂ ਤਰ ਜਾਂਦਾ ਹੈ ਤੇ ਗੁਰੂ ਦੀ ਸਿੱਖਿਆ ਹੋਰਨਾਂ ਨੂੰ ਪ੍ਰਦਾਨ ਕਰਕੇ ਉਨ੍ਹਾਂ ਦੇ ਉਧਾਰ ਦਾ ਵਸੀਲਾ ਬਣਦਾ ਹੈ।

## ਮੰਨੈ ਨਾਨਕ ਭਵਹਿ ਨ ਭਿਖ ॥

ਨਾਮੀਂ ਪੁਰਸ਼ ਸਰੀਰਕ ਤੇ ਆਤਮਿਕ ਲੋੜਾਂ ਦੀ ਖਾਤਰ ਦਰ ਦਰ ਦੇ ਮੁਹਤਾਜ ਨਹੀਂ ਬਣਦੇ।

## ਐਸਾ ਨਾਮੁ ਨਿਰੰਜਨੁ ਹੋਇ ॥

ਪਰਮਾਤਮਾ ਦਾ ਨਾਮ ਮਾਇਆ ਦੀ ਲੇਪ-ਛੇਪ ਤੇ ਕਾਲਖ ਤੋਂ ਰਹਿਤ ਹੈ।

## ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥

ਦ੍ਰਿੜਤਾ ਨਾਲ ਮਨ-ਬਚਨ-ਕਰਮਾਂ ਕਰਕੇ ਅਪਣੇ ਜੀਵਨ ਵਿੱਚ ਨਾਮ ਦਾ ਮੰਨਣ ਕਰਕੇ ਨਾਮੀਂ ਪੁਰਸ਼ ਵੀ ਮਾਇਆ ਦੀ ਕਾਲਖ ਤੋਂ ਅਛੋਹ ਹੋ ਜਾਂਦਾ ਹੈ।੧੫।

## [1]ਪੰਚ ਪਰਵਾਣ ਪੰਚ ਪਰਧਾਨੁ ॥

ਪੁੱਗੇ ਹੋਏ ਨਾਮੀ ਮਹਾਂਪੁਰਸ਼ ਜੋ ਪਰਮਾਤਮਾ ਦੀ ਨਦਰ ਵਿੱਚ ਪਰਵਾਣ ਚੜ੍ਹ ਜਾਂਦੇ ਹਨ। ਉਹ ਸੰਸਾਰ ਅੰਦਰ ਸਭ ਤੋਂ ਸ੍ਰੇਸ਼ਟ ਤੇ ਮੁਖੀ ਮੰਨੇ ਜਾਂਦੇ ਹਨ।

## ਪੰਚੇ ਪਾਵਹਿ ਦਰਗਹਿ ਮਾਨੁ ॥

ਉਹ ਅਕਾਲ ਪੁਰਖ ਦੀ ਦਰਗਾਹ ਵਿੱਚ ਪੰਚ ਜਨ ਮਾਣ-ਸਤਿਕਾਰ ਪ੍ਰਾਪਤ ਕਰਦੇ ਹਨ।

## ਪੰਚੇ ਸੋਹਹਿ ਦਰਿ ਰਾਜਾਨੁ ॥

ਅਜਿਹੇ ਪੁੱਗਿਆਂ ਹੋਇਆਂ ਦਾ ਸੰਸਾਰੀ ਰਾਜੇ ਵੀ ਸਨਮਾਨ ਕਰਦੇ ਹਨ ਤੇ ਰਾਜਨ-ਰਾਜ ਪ੍ਰਭੂ ਦੇ ਦਰ ਵਿੱਚ ਵੀ ਉਹ ਸੋਭਾ ਦੇ ਪਾਤਰ ਬਣਦੇ ਹਨ।

## ਪੰਚਾ ਕਾ ਗੁਰੁ ਏਕੁ ਧਿਆਨੁ ॥

ਪੁੱਗੇ ਹੋਏ ਮਹਾਂਪੁਰਸ਼ਾਂ ਦਾ ਜੀਵਨ ਲਕਸ਼ ਕੇਵਲ ਗੁਰੂ ਸ਼ਬਦ ਦੇ ਵਿੱਚ ਟਿਕੇ ਰਹਿਣਾ ਹੀ ਬਣ ਜਾਂਦਾ ਹੈ।

## ਜੇ ਕੋ ਕਹੈ ਕਰੈ ਵੀਚਾਰੁ ॥

ਜੇ ਕੋਈ ਕਰਤੇ ਜਾਂ ਕਰਤੇ ਦੀ ਕ੍ਰਿਤ ਪ੍ਰਤੀ ਜਿੰਨਾਂ ਮਰਜ਼ੀ ਵੀਚਾਰ ਕਰ ਲਵੇ।

---

੧. ਜਿਨ੍ਹਾਂ ਜਗਿਆਸੂਆਂ ਨੇ ਮਨ-ਬਚਨ ਤੇ ਕਰਮਾਂ ਕਰਕੇ ਪ੍ਰਭੂ ਦੇ ਨਾਮ ਨੂੰ ਆਪਣੇ ਜੀਵਨ ਵਿੱਚ ਧਾਰਨ ਕੀਤਾ, ਉਨ੍ਹਾਂ ਤਤ-ਬੇਤਾ ਮਹਾਂਪੁਰਸ਼ਾਂ ਨੂੰ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ "**ਪੰਚ**" ਸ਼ਬਦ ਨਾਲ ਸੰਬੋਧਨ ਕੀਤਾ ਹੈ। ਪੰਚ (ਸ਼੍ਰੋਮਣੀ)

## ਕਰਤੇ ਕੈ ਕਰਣੈ ਨਾਹੀ ਸੁਮਾਰੁ ॥

ਕਰਤਾਰ ਜਾਂ ਕਰਤਾਰ ਦੀ ਰਚਨਾ ਦਾ ਕੋਈ ਅੰਤ ਨਹੀਂ ਪਾ ਸਕਦਾ।

## ਧੌਲੁ ਧਰਮੁ ਦਇਆ ਕਾ ਪੂਤੁ ॥

ਸ੍ਰਿਸ਼ਟੀ ਨੂੰ ਆਸਰਾ ਦੇਣ ਵਾਲਾ ਕੋਈ ਮਨੌਤੀ ਬਲਦ ਨਹੀਂ ਹੈ। ਧਰਤੀ ਨੂੰ ਆਸਰਾ ਦੇਣ ਵਾਲਾ ਪਰਮਾਤਮਾ ਦਾ [੧]ਧਰਮ-ਨਿਯਮ ਹੈ। ਧਰਮ, ਦਇਆ ਦਾ ਪੁੱਤਰ ਹੈ।

## ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥

ਧਰਮ ਤੋਂ ਸੰਤੋਖ ਪੈਦਾ ਹੋਇਆ, ਜਿਸ ਸੰਤੋਖ ਨੇ ਸਾਰੀ ਧਰਤੀ ਨੂੰ ਸੰਤੁਲਣ ਵਿੱਚ ਰੱਖਿਆ ਹੈ ।

## ਜੇ ਕੋ ਬੁਝੈ ਹੋਵੈ ਸਚਿਆਰੁ ॥

ਜੋ ਉੱਪਰਲੀ ਵੀਚਾਰ ਨੂੰ ਸਮਝ ਲੈਂਦਾ ਹੈ, ਉਹ ਸਚਿਆਰ (ਸੱਚ ਸਰੂਪ) ਬਣ ਜਾਂਦਾ ਹੈ।

## ਧਵਲੈ ਉਪਰਿ ਕੇਤਾ ਭਾਰੁ ॥

ਇੱਕ ਕਲਪਤ ਕੀਤਾ ਬਲਦ, ਇੰਨੇ ਧਰਤੀ ਦੇ ਭਾਰ ਨੂੰ ਕਿਵੇਂ ਚੁੱਕ ਸਕਦਾ ਹੈ?

## ਧਰਤੀ ਹੋਰੁ ਪਰੈ ਹੋਰੁ ਹੋਰੁ ॥

ਫਿਰ ਸਤਿਗੁਰੂ ਦਲੀਲ ਦਿੰਦੇ ਹਨ ਕਿ ਜੇ ਬਲਦ ਨੇ ਧਰਤੀ ਚੁੱਕੀ ਹੈ ਫਿਰ ਉਸਦੇ ਖਲੋਣ ਲਈ ਹੋਰ ਧਰਤੀ ਚਾਹੀਦੀ ਹੈ, ਫਿਰ ਉਸ ਧਰਤੀ ਦੇ ਭਾਰ ਨੂੰ ਚੁੱਕਣ ਲਈ ਹੋਰ ਧਰਤੀ ਚਾਹੀਦੀ ਹੈ।

## ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥

ਇਸੇ ਤਰ੍ਹਾਂ ਅਖੀਰਲੇ ਬਲਦ ਨੂੰ ਆਸਰਾ ਦੇਣ ਵਾਲਾ ਕੌਣ ਹੈ?

---

੧. ਮਰਯਾਦਾ

**ਜੀਅ ਜਾਤਿ ਰੰਗਾ ਕੇ ਨਾਵ ॥**

ਹਰੇਕ ਧਰਤੀ ਉੱਪਰ ਅਨੇਕਾਂ ਜਿਨਸਾਂ ਤੇ ਨਾਵਾਂ ਵਾਲੇ ਨਾ-ਨਾ ਪ੍ਰਕਾਰੀ ਜੀਵ ਜੰਤ ਵਸਦੇ ਹਨ।

**ਸਭਨਾ ਲਿਖਿਆ ਵੁੜੀ ਕਲਾਮ ॥**

ਸਭਨਾਂ ਜੀਵਾਂ-ਜੰਤਾਂ ਦੇ ਮੱਥੇ ਉੱਪਰ ਧੁਰ-ਦਰਗਾਹੀ ਕਲਮ ਦਾ ਲੇਖ ਲਿਖਿਆ ਹੋਇਆ ਹੈ।

**ਏਹੁ ਲੇਖਾ ਲਿਖਿ ਜਾਣੈ ਕੋਇ ॥**

ਪ੍ਰਭੂ ਨਿਯਮ ਦੇ ਲੇਖੇ ਨੂੰ ਕੋਈ ਲਿਖਣਾ ਜਾਣਦਾ ਹੋਵੇ ਤਾਂ ਲਿਖੇ।

**ਲੇਖਾ ਲਿਖਿਆ ਕੇਤਾ ਹੋਇ ॥**

ਜੇ ਕੋਈ ਪ੍ਰਭੂ ਨਿਯਮ ਦੇ ਲੇਖੇ ਨੂੰ ਲਿਖਣਾ ਵੀ ਚਾਹੇ, ਧਰਮ-ਨਿਯਮ ਦਾ ਲੇਖਾ ਅਮੁੱਕ ਹੈ। ਲੇਖਾਂ ਲਿਖਣ ਵਾਲੇ ਨੂੰ ਸਫਲਤਾ ਨਹੀਂ ਮਿਲੇਗੀ।

**ਕੇਤਾ ਤਾਣੁ ਸੁਆਲਿਹੁ ਰੂਪੁ ॥**

ਹੇ ਕਰਤਾਰ ! ਤੇਰੇ ਵਿੱਚ ਬੇਅੰਤ ਬਲ ਹੈ। ਤੇਰਾ ਸਰੂਪ ਅੱਤ ਸੁੰਦਰ ਹੈ।

**ਕੇਤੀ ਦਾਤਿ ਜਾਣੈ ਕੌਣੁ ਕੂਤੁ ॥**

ਕਿੰਨੀਆਂ ਵੱਡੀਆਂ ਤੇਰੀਆਂ ਦਾਤਾਂ ਹਨ, ਜਿਨ੍ਹਾਂ ਦਾ ਕੋਈ ਅੰਦਾਜ਼ਾ ਨਹੀਂ ਲਾ ਸਕਦਾ।

**ਕੀਤਾ ਪਸਾਉ ਏਕੋ ਕਵਾਉ ॥**

ਕਰਤਾਰ ਦੇ ਇੱਕ ਹੁਕਮ ਨਾਲ ਸਾਰਾ ਬ੍ਰਹਿਮੰਡ ਪਸਾਰਾ ਹੋਂਦ ਵਿੱਚ ਆ ਗਿਆ।

**ਤਿਸ ਤੇ ਹੋਏ ਲਖ ਦਰੀਆਉ ॥**

ਕਰਤੇ ਦੇ ਹੁਕਮ ਨਾਲ ਲੱਖਾਂ ਜੀਵਨ ਪ੍ਰਵਾਹ ਚੱਲ ਪਏ।

## ਕੁਦਰਤਿ ਕਵਣ ਕਹਾ ਵੀਚਾਰੁ ॥

ਹੇ ਕਰਤਾਰ ! ਮੇਰੀ ਕੀ ਤਾਕਤ ਹੈ ਜੋ ਮੈਂ ਤੇਰੀ ਕੁਦਰਤ ਦੀ ਵੀਚਾਰ ਕਰ ਸਕਾਂ।

## ਵਾਰਿਆ ਨ ਜਾਵਾ ਏਕ ਵਾਰ ॥

ਹੇ ਕਰਤਾਰ ! ਮੈਂ ਤੈਥੋਂ ਇੱਕੋ ਵਾਰੀ ਕੁਰਬਾਨ ਹੋ ਜਾਣਾ ਚਾਹੁੰਦਾ ਹਾਂ।

## ਜੋ ਤੁਧੁ ਭਾਵੈ ਸਾਈ ਭਲੀ ਕਾਰ ॥

ਹੇ ਨਿਰੰਕਾਰ ! ਜੋ ਤੈਨੂੰ ਚੰਗਾ ਲਗਦਾ ਹੈ ਉਹੀ ਚੰਗੀ ਕਾਰ ਹੈ।

## ਤੂ ਸਦਾ ਸਲਾਮਤਿ ਨਿਰੰਕਾਰ ॥੧੬॥

ਹੇ ਨਿਰੰਕਾਰ ! ਤੈਥੋਂ ਬਿਨਾਂ ਸਭ ਬਦਲਦਾ ਰਹਿੰਦਾ ਹੈ ਪਰ ਤੂੰ ਸਦਾ ਸਦਾ ਕਾਇਮ ਰਹਿੰਦਾ ਹੈਂ।੧੬॥

## ਅਸੰਖ ਜਪ ਅਸੰਖ ਭਾਉ ॥

ਹੇ ਕਰਤੇ! ਤੇਰੀ ਰਚਨਾ ਵਿੱਚ ਅਣਗਿਣਤ ਹੀ ਜਪ ਕਰਦੇ ਹਨ ਤੇ ਅਣਗਿਣਤ ਹੀ ਪਿਆਰ ਕਰਨ ਵਾਲੇ ਪ੍ਰੇਮੀ ਹਨ।

## ਅਸੰਖ ਪੂਜਾ ਅਸੰਖ ਤਪ ਤਾਉ ॥

ਅਣਗਿਣਤ ਜੀਵ ਪੂਜਾ-ਅਰਚਾ ਕਰਦੇ ਤੇ ਅਣਗਿਣਤ ਹੀ ਤਪ-ਸਾਧਨਾ ਕਰਦੇ ਹਨ।

## ਅਸੰਖ ਗਰੰਥ ਮੁਖਿ ਵੇਦ ਪਾਠ ॥

ਅਣਗਿਣਤ ਹੀ ਧਰਮ-ਗ੍ਰੰਥਾਂ ਤੇ ਵੇਦਾਂ ਦਾ ਜ਼ੁਬਾਨੀ ਉਚਾਰਨ ਕਰਦੇ ਹਨ।

## ਅਸੰਖ ਜੋਗ ਮਨਿ ਰਹਹਿ ਉਦਾਸ ॥

ਅਣਗਿਣਤ ਹੀ ਜੋਗੀ ਲੋਕ, ਸੰਸਾਰ ਵੱਲੋਂ ਉਪਰਾਮ ਹੋ ਕੇ ਜੋਗ-ਸਾਧਨਾ ਕਰਦੇ ਹਨ।

## ਅਸੰਖ ਭਗਤ ਗੁਣ ਗਿਆਨ ਵੀਚਾਰ ॥

ਅਣਗਿਣਤ ਹੀ ਭਗਤ ਜਨ ਹਨ ਜੋ ਦਿਨ ਰਾਤ ਪਰਮਾਤਮਾ ਦੇ ਗੁਣਾਂ ਦੀ ਵੀਚਾਰ ਕਰਦੇ ਹਨ।

## ਅਸੰਖ ਸਤੀ ਅਸੰਖ ਦਾਤਾਰ ॥

ਪ੍ਰਭੂ ਕੁਦਰਤ ਵਿੱਚ ਅਣਗਿਣਤ ਹੀ ਸਤਵਾਦੀ ਤੇ ਦਾਨੀ ਹਨ।

## ਅਸੰਖ ਸੂਰ ਮੁਹ ਭਖ ਸਾਰ ॥

ਅਣਗਿਣਤ ਹੀ ਸੂਰਮੇ ਹਨ ਜੋ ਇੱਕ ਦੂਜੇ ਦੇ ਸਨਮੁੱਖ ਸ਼ਸ਼ਤਰਾਂ ਦੇ ਵਾਰ ਝੱਲਦੇ ਹਨ।

## ਅਸੰਖ ਮੋਨਿ ਲਿਵ ਲਾਇ ਤਾਰ ॥

ਕਾਦਰ ਦੀ ਕੁਦਰਤ ਵਿੱਚ, ਅਣਗਿਣਤ ਹੀ ਮੋਨੀ ਹਨ ਜੋ ਇੱਕ-ਟੱਕ ਮੋਨ ਸਮਾਧੀ ਲਾਈ ਰੱਖਦੇ ਹਨ।

## ਕੁਦਰਤਿ ਕਵਣ ਕਹਾ ਵੀਚਾਰੁ ॥

ਹੇ ਕਰਤਾਰ! ਮੇਰੀ ਕੀਹ [੧]ਪਾਂਇਆ ਹੈ ਜੋ ਮੈਂ ਆਪ ਜੀ ਦੀ ਕੁਦਰਤ ਦੀ ਵੀਚਾਰ ਕਰ ਸਕਾਂ? (ਭਾਵ ਨਹੀਂ ਕਰ ਸਕਦਾ)

## ਵਾਰਿਆ ਨ ਜਾਵਾ ਏਕ ਵਾਰ ॥

ਹੇ ਕਰਤਾਰ! ਕਿਉਂ ਨਾ ਮੈਂ ਤੈਥੋਂ ਇੱਕੋ ਵਾਰ ਕੁਰਬਾਨ ਹੋ ਜਾਵਾਂ।

## ਜੋ ਤੁਧੁ ਭਾਵੈ ਸਾਈ ਭਲੀ ਕਾਰ ॥

ਜੋ ਕਾਰ ਤੈਨੂੰ ਚੰਗੀ ਲਗਦੀ ਹੈ ਉਹ ਹੀ ਭਲੀ ਹੈ।

## ਤੂ ਸਦਾ ਸਲਾਮਤਿ ਨਿਰੰਕਾਰ ॥੧੭॥

ਹੇ ਨਿਰੰਕਾਰ! ਤੇਰੇ ਹੁਕਮ ਵਿੱਚ ਤੇਰੀ ਕੁਦਰਤ ਤਾਂ ਬਦਲਦੀ ਰਹਿੰਦੀ ਹੈ ਪਰ ਤੂੰ ਸਦਾ ਸਦਾ ਇੱਕ ਰਸ ਕਾਇਮ ਰਹਿੰਦਾ ਹੈਂ।੧੭।

## ਅਸੰਖ ਮੂਰਖ ਅੰਧ ਘੋਰ ॥

ਵਾਹਿਗੁਰੂ ਦੀ ਰਚੀ ਰਚਨਾ ਅੰਦਰ ਅਣਗਿਣਤ ਹੀ ਮੂਰਖ ਅਤੇ ਮਹਾਂ ਅਗਿਆਨੀ ਹਨ।

---

੧. ਹਸਤੀ

## ਅਸੰਖ ਚੋਰ ਹਰਾਮਖੋਰ ॥

ਅਣਗਿਣਤ ਹੀ ਚੋਰੀ ਕਰਨ ਵਾਲੇ ਅਤੇ ਅਣਗਿਣਤ ਹੀ [੧]ਹਰਾਮ ਖਾਣ ਵਾਲੇ ਹਨ।

## ਅਸੰਖ ਅਮਰ ਕਰਿ ਜਾਹਿ ਜੋਰ ॥

ਅਣਗਿਣਤ ਹੁਕਮਰਾਨ ਲੁਕਾਈ ਉੱਪਰ ਜ਼ੋਰ-ਜ਼ੁਲਮ ਹੀ ਕਰੀ ਜਾਂਦੇ ਹਨ।

## ਅਸੰਖ ਗਲਵਢ ਹਤਿਆ ਕਮਾਹਿ ॥

ਅਣਗਿਣਤ ਹਤਿਆਰੇ ਜੀਵ-ਹੱਤਿਆ ਹੀ ਕਰੀ ਜਾਂਦੇ ਹਨ।

## ਅਸੰਖ ਪਾਪੀ ਪਾਪੁ ਕਰਿ ਜਾਹਿ ॥

ਅਣਗਿਣਤ ਪਾਪ ਕਰਨ ਵਾਲੇ ਦਿਨ ਰਾਤ ਪਾਪ ਕਰਦੇ ਹੀ ਇਥੋਂ ਤੁਰ ਜਾਂਦੇ ਹਨ।

## ਅਸੰਖ ਕੂੜਿਆਰ ਕੂੜੇ ਫਿਰਾਹਿ ॥

ਅਨੇਕਾਂ ਝੂਠ ਬੋਲਣ ਵਾਲੇ ਦਿਨ ਰਾਤ ਝੂਠ ਹੀ ਬੋਲੀ ਜਾਂਦੇ ਹਨ।

## ਅਸੰਖ ਮਲੇਛ ਮਲੁ ਭਖਿ ਖਾਹਿ ॥

ਅਨੇਕਾਂ ਮਲੀਨ ਬੁੱਧੀ ਵਾਲੇ, ਗੰਦ ਹੀ ਬੋਲਦੇ ਅਤੇ ਗੰਦ ਹੀ ਖਾਈ ਜਾਂਦੇ ਹਨ।

## ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥

ਅਣਗਿਣਤ ਨਿੰਦਕ ਲੋਕ, ਲੋਕਾਂ ਦੀ ਨਿੰਦਿਆ ਕਰਕੇ ਆਪਣੇ ਸਿਰ ਉੱਪਰ ਨਿੰਦਿਆ ਦਾ ਭਾਰ ਚੁੱਕੀ ਜਾਂਦੇ ਹਨ।

## ਨਾਨਕੁ ਨੀਚੁ ਕਹੈ ਵੀਚਾਰੁ ॥

ਸਤਿਗੁਰ ਨਾਨਕ ਪਾਤਸ਼ਾਹ ਨਿਮਰਤਾ ਦੇ ਪੂਰਨੇ ਪਾਉਂਦੇ ਹੋਏ ਕਥਨ ਕਰਦੇ ਹਨ ਕਿ ਹੇ ਪ੍ਰਭੂ! ਮੈਂ ਨਿਮਾਣਾ ਤੇਰੀ ਕੁਦਰਤ ਦਾ ਕੀ ਵੀਚਾਰ ਕਰਾਂ?

੧. ਪਰਾਇਆ ਹੱਕ

## ਵਾਰਿਆ ਨ ਜਾਵਾ ਏਕ ਵਾਰ ॥

ਹੇ ਕਰਤਾਰ! ਮੈਂ ਕਿਉਂ ਨਾ ਤੈਥੋਂ ਇੱਕੋ ਵਾਰ ਕੁਰਬਾਨ ਹੋ ਜਾਵਾਂ? ਪਰ ਤੈਥੋਂ ਵਾਰਨੇ ਜਾਣਾ ਵੀ ਮੇਰੇ ਵਸ ਵਿੱਚ ਨਹੀਂ ਹੈ।

## ਜੋ ਤੁਧੁ ਭਾਵੈ ਸਾਈ ਭਲੀ ਕਾਰ ॥

ਹੇ ਪ੍ਰਭੂ! ਜੋ ਤੈਨੂੰ ਕਾਰ ਚੰਗੀ ਲਗਦੀ ਹੈ, ਉਹ ਹੀ ਭਲੀ ਹੈ।

## ਤੂ ਸਦਾ ਸਲਾਮਤਿ ਨਿਰੰਕਾਰ ॥੧੮॥

ਤੇਰੇ ਹੁਕਮ ਵਿੱਚ ਕੁਦਰਤ ਤਾਂ ਬਦਲਦੀ ਰਹਿੰਦੀ ਹੈ ਪਰ ਤੂੰ ਸਦਾ ਸਲਾਮਤ, ਕਾਇਮ ਰਹਿੰਦਾ ਹੈਂ।੧੮॥

## ਅਸੰਖ ਨਾਵ ਅਸੰਖ ਥਾਵ ॥

ਜਿੱਥੇ ਪਰਮਾਤਮਾ ਦੇ ਅਣਗਿਣਤ ਨਾਮ ਅਤੇ ਅਣਗਿਣਤ ਹੀ ਟਿਕਣ ਵਾਲੇ ਟਿਕਾਣੇ ਹਨ, ਉਥੇ ਕਾਦਰ ਦੀ ਕੁਦਰਤ ਵਿੱਚ ਜੀਵਾਂ-ਜੰਤਾਂ ਤੇ ਥਾਵਾਂ ਦੇ ਅਣਗਿਣਤ ਹੀ ਨਾਮ ਹਨ।

## ਅਗੰਮ ਅਗੰਮ ਅਸੰਖ ਲੋਅ ॥

ਕਾਦਰ ਦੀ ਕੁਦਰਤ ਵਿੱਚ ਅਣਗਿਣਤ ਹੀ ਬ੍ਰਹਿਮੰਡ ਹਨ, ਜੋ ਮਨੁੱਖ ਦੀ ਸੂਝ-ਬੂਝ ਤੇ ਪਹੁੰਚ ਤੋਂ ਪਰ੍ਹੇ ਹਨ।

## ਅਸੰਖ ਕਹਹਿ ਸਿਰਿ ਭਾਰੁ ਹੋਇ ॥

ਜੋ ਕਾਦਰ ਦੀ ਕੁਦਰਤ ਦੇ ਨਾਵਾਂ-ਥਾਂਵਾਂ ਤੇ ਭਵਨਾਂ ਪ੍ਰਤੀ ਫਰਜ਼ੀ ਕਿਆਫੇ ਲਾ ਕੇ ਕੁਝ ਕਹਿੰਦੇ ਹਨ, ਅਜਿਹਾ ਕਰਨ ਨਾਲ ਉਨ੍ਹਾਂ ਦੇ ਸਿਰ ਉੱਪਰ ਭਾਰ ਚੜ੍ਹਦਾ ਹੈ।

## ਅਖਰੀ ਨਾਮੁ ਅਖਰੀ ਸਾਲਾਹ ॥

ਅੱਖਰਾਂ ਦੁਆਰਾ ਹੀ ਪਰਮਾਤਮਾ ਦਾ ਨਾਮ ਲਿਆ ਜਾ ਸਕਦਾ ਹੈ। ਅੱਖਰਾਂ ਰਾਹੀਂ ਹੀ ਪਰਮਾਤਮਾ ਦੀ ਸਿਫਤਿ-ਸਲਾਹ ਕੀਤੀ ਜਾ ਸਕਦੀ ਹੈ।

## ਅਖਰੀ ਗਿਆਨੁ ਗੀਤ ਗੁਣ ਗਾਹ ॥

ਅੱਖਰਾਂ ਦੁਆਰਾ ਹੀ ਗਿਆਨ ਪ੍ਰਾਪਤ ਹੁੰਦਾ ਹੈ । ਅੱਖਰਾਂ ਰਾਹੀਂ ਹੀ ਪ੍ਰਭੂ ਦੇ ਗੁਣ ਗਾਏ ਜਾ ਸਕਦੇ ਹਨ ਤੇ ਅੱਖਰਾਂ ਰਾਹੀਂ ਹੀ ਗੁਣਾਂ ਦਾ ਮੰਥਨ ਕੀਤਾ ਜਾ ਸਕਦਾ ਹੈ।

## ਅਖਰੀ ਲਿਖਣੁ ਬੋਲਣੁ ਬਾਣਿ ॥

ਅੱਖਰਾਂ ਦੁਆਰਾ ਹੀ ਬਾਣੀ ਦਾ ਲਿਖਣਾ ਤੇ ਬੋਲਣਾ ਸੰਭਵ ਹੈ।

## ਅਖਰਾ ਸਿਰਿ ਸੰਜੋਗੁ ਵਖਾਣਿ ॥

ਅੱਖਰਾਂ ਦੁਆਰਾ ਹੀ ਮਸਤਕ ਤੇ ਲਿਖੇ ਵਿਧਾਤਾ ਦੇ ਸੰਜੋਗ ਤੇ ਵਿਜੋਗ ਦਾ ਵਿਖਿਆਨ ਕੀਤਾ ਜਾ ਸਕਦਾ ਹੈ।

## ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥

ਜਿਸ [1]ਵਿਧਾਤਾ ਨੇ ਜੀਵਾਂ ਦੇ ਮਸਤਕ ਤੇ ਸੰਜੋਗ-ਵਿਜੋਗ ਲਿਖੇ ਹਨ। ਉਸ ਪਰਮਾਤਮਾ ਦੇ ਸਿਰ ਤੇ ਕੋਈ ਲੇਖ ਨਹੀਂ ਹੈ।

## ਜਿਵ ਫੁਰਮਾਏ ਤਿਵ ਤਿਵ ਪਾਹਿ ॥

ਜਿਵੇਂ ਜਿਵੇਂ ਪਰਮਾਤਮਾ ਵੱਲੋਂ ਹੁਕਮ ਹੁੰਦਾ ਹੈ, ਤਿਵੇਂ ਤਿਵੇਂ ਜੀਵ ਆਪਣੇ ਸੰਜੋਗਾਂ ਅਨੁਸਾਰ ਦੁੱਖ-ਸੁੱਖ ਭੋਗਦਾ ਹੈ।

## ਜੇਤਾ ਕੀਤਾ ਤੇਤਾ ਨਾਉ ॥

ਕਰਤਾਰ-ਕਾਦਰ ਦਾ ਜਿੰਨਾ ਵੀ ਪਸਾਰਾ ਹੈ, ਉਸਦਾ ਕੋਈ ਨਾ ਕੋਈ ਨਾਉਂ ਹੈ।

## ਵਿਣੁ ਨਾਵੈ ਨਾਹੀ ਕੋ ਥਾਉ ॥

ਕੋਈ ਵੀ ਅਜਿਹਾ ਥਾਂ ਨਹੀਂ ਜਿਸਦਾ ਨਾਮ ਨਾ ਹੋਵੇ।

---

੧. ਪਰਮਾਤਮਾ

## ਕੁਦਰਤਿ ਕਵਣ ਕਹਾ ਵੀਚਾਰੁ ॥

ਹੇ ਕਰਤਾਰ! ਮੇਰੀ ਕੋਈ ਹਸਤੀ ਨਹੀਂ ਕਿ ਮੈਂ ਤੇਰੀ ਕੁਦਰਤ ਦਾ ਵੀਚਾਰ ਕਰ ਸਕਾਂ।

## ਵਾਰਿਆ ਨ ਜਾਵਾ ਏਕ ਵਾਰ ॥

ਹੇ ਕਰਤਾਰ! ਮੈਂ ਤੈਥੋਂ ਇੱਕੋ ਵਾਰ ਹੀ ਕੁਰਬਾਨ ਹੋਣਾ ਚਾਹੁੰਦਾ ਹਾਂ ਪਰ, ਹੇ ਪ੍ਰਭੂ! ਇਹ ਵੀ ਮੇਰੇ ਵਸ ਵਿੱਚ ਨਹੀਂ।

## ਜੋ ਤੁਧੁ ਭਾਵੈ ਸਾਈ ਭਲੀ ਕਾਰ ॥

ਹੇ ਪ੍ਰਭੂ! ਜੋ ਤੈਨੂੰ ਚੰਗਾ ਲਗਦਾ ਹੈ ਉਹ ਹੀ ਭਲੀ ਕਾਰ ਹੈ।

## ਤੂ ਸਦਾ ਸਲਾਮਤਿ ਨਿਰੰਕਾਰ ॥੧੯॥

ਹੇ ਕਰਤਾਰ! ਤੇਰੇ ਹੁਕਮ ਵਿੱਚ ਤੇਰੀ ਕੁਦਰਤ ਤਾਂ ਬਦਲਦੀ ਰਹਿੰਦੀ ਹੈ ਪਰ ਪਰਮਾਤਮਾ! ਤੂੰ ਸਦਾ ਸਦਾ ਕਾਇਮ-ਦਾਇਮ ਰਹਿੰਦਾ ਹੈਂ।੧੯॥

## ਭਰੀਐ ਹਥੁ ਪੈਰੁ ਤਨੁ ਦੇਹ ॥

ਜੇ ਸਰੀਰ ਦਾ ਕੋਈ ਅੰਗ ਹੱਥ, ਪੈਰ ਅਥਵਾ ਸਰੀਰ, ਮਿੱਟੀ ਘੱਟੇ ਨਾਲ ਗੰਦਾ ਹੋ ਜਾਵੇ।

## ਪਾਣੀ ਧੋਤੈ ਉਤਰਸੁ ਖੇਹ ॥

ਪਾਣੀ ਨਾਲ ਧੋਣ ਦੁਆਰਾ ਮਿੱਟੀ-ਘੱਟੇ ਦੀ ਮੈਲ ਉੱਤਰ ਜਾਂਦੀ ਹੈ।

## ਮੂਤ ਪਲੀਤੀ ਕਪੜੁ ਹੋਇ ॥

ਜੇ ਕੋਈ ਕੱਪੜਾ ਮਲ-ਮੂਤਰ ਨਾਲ ਗੰਦਾ ਹੋ ਜਾਵੇ।

## ਦੇ ਸਾਬੂਣੁ ਲਈਐ ਓਹੁ ਧੋਇ ॥

ਉਸ ਕਪੜੇ ਨੂੰ ਸਾਬਣ ਲਾ ਕੇ ਪਾਣੀ ਨਾਲ ਸਾਫ ਕੀਤਾ ਜਾ ਸਕਦਾ ਹੈ।

## ਭਰੀਐ ਮਤਿ ਪਾਪਾ ਕੈ ਸੰਗਿ ॥

ਜੇ ਮਨੁੱਖ ਦੀ ਮੱਤ ਪਾਪਾਂ ਦੀ ਪਲੀਤਤਾਈ ਨਾਲ ਭਰੀ ਹੋਵੇ।

## ਓਹੁ ਧੋਪੈ ਨਾਵੈ ਕੈ ਰੰਗਿ ॥

ਪਿਆਰ ਵਿੱਚ ਭਿੱਜ ਕੇ ਪ੍ਰਭੂ ਨਾਮ ਜੱਪਣ ਨਾਲ ਮਨੁੱਖ ਦੀ ਮੱਤ ਸਵੱਸ਼ ਹੋ ਜਾਂਦੀ ਹੈ।

## ਪੁੰਨੀ ਪਾਪੀ ਆਖਣੁ ਨਾਹਿ ॥

ਪੁੰਨ ਤੇ ਪਾਪ ਨਿਰਾ ਕਹਿਣ ਮਾਤਰ ਨਹੀਂ ਹਨ।

## ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥

ਮਨੁੱਖ ਜੇਹੋ ਜਿਹੇ ਚੰਗੇ ਜਾਂ ਮਾੜੇ ਕਰਮ ਕਰਦਾ ਹੈ ਉਹ ਕਰਮ, ਜੀਵ-ਆਤਮਾ ਆਪਣੇ ਨਾਲ ਲੈ ਜਾਂਦੀ ਹੈ।

## ਆਪੇ ਬੀਜਿ ਆਪੇ ਹੀ ਖਾਹੁ ॥

ਹੇ ਮਨੁੱਖ! ਜਿਹੋ ਜਿਹੇ ਚੰਗੇ ਮਾੜੇ ਕਰਮ ਤੂੰ ਸਰੀਰ ਦੁਆਰਾ ਕਰੇਂਗਾ। ਉਸ ਦਾ ਫਲ ਦੁੱਖ ਜਾਂ ਸੁੱਖ ਦੇ ਰੂਪ ਵਿੱਚ ਤੈਨੂੰ ਹੀ ਭੋਗਣਾ ਪਵੇਗਾ।

## ਨਾਨਕ ਹੁਕਮੀ ਆਵਹੁ ਜਾਹੁ ॥੨੦॥

ਸਤਿਗੁਰੂ ਨਾਨਕ ਦੇਵ ਜੀ ਫੁਰਮਾਨ ਕਰਦੇ ਹਨ, ਹੇ ਜੀਵ! ਤੇਰੇ ਕੀਤੇ ਕਰਮਾਂ ਅਨੁਸਾਰ ਪ੍ਰਭੂ ਹੁਕਮ ਵਿੱਚ ਤੈਨੂੰ ਆਵਾਗਉਣ ਦਾ ਚੱਕਰ ਭੁਗਤਣਾ ਪਵੇਗਾ।੨੦।

## ਤੀਰਥੁ ਤਪੁ ਦਇਆ ਦਤੁ ਦਾਨੁ ॥

ਤੀਰਥ ਯਾਤਰਾ-ਤਪ ਸਾਧਨਾ, ਦਇਆ ਦੇ ਕਰਮ ਅਤੇ ਦਾਨ ਕਰਨਾ

## ਜੇ ਕੋ ਪਾਵੈ ਤਿਲ ਕਾ ਮਾਨੁ ॥

ਇਨ੍ਹਾਂ ਕਰਮਾਂ ਨਾਲ ਪ੍ਰਭੂ ਮਿਲਾਪ ਨਹੀਂ ਹੁੰਦਾ। ਕੇਵਲ ਥੋੜ੍ਹਾ ਜਿਹਾ ਮਾਣ ਸਤਿਕਾਰ ਹੀ ਮਿਲਦਾ ਹੈ।

## ਸੁਣਿਆ ਮੰਨਿਆ ਮਨਿ ਕੀਤਾ ਭਾਉ ॥

ਦੂਸਰੇ ਪਾਸੇ ਜਿਸ ਨੇ ਗੁਰੂ ਦੀ ਸਿੱਖਿਆ ਨੂੰ ਸੁਣਿਆ, ਮੰਨਿਆ ਤੇ ਪ੍ਰਮਾਤਮਾ ਨਾਲ ਪਿਆਰ ਕੀਤਾ।

**ਅੰਤਰਗਤਿ ਤੀਰਥਿ ਮਲਿ ਨਾਉ ॥**

ਉਸ ਨੇ ਆਪਣੀ ਆਤਮਾ ਦਾ, ਆਪਣੇ ਅੰਦਰ ਦੇ ਤੀਰਥ ਉੱਪਰ ਇਸ਼ਨਾਨ ਕਰਾਕੇ ਆਪਣੀ ਆਤਮਾ ਨੂੰ ਪਵਿੱਤ੍ਰ ਕਰ ਲਿਆ।

**ਸਭਿ ਗੁਣ ਤੇਰੇ ਮੈ ਨਾਹੀ ਕੋਇ ॥**

ਹੇ ਵਾਹਿਗੁਰੂ! ਸਾਰੇ ਦੈਵੀ ਗੁਣ ਆਪ ਜੀ ਦੇ ਹੀ ਦਿੱਤੇ ਹੋਏ ਹਨ। ਮੇਰੇ ਅੰਦਰ ਆਪਣਾ ਕੋਈ ਵੀ ਗੁਣ ਨਹੀਂ ਹੈ।

**ਵਿਣੁ ਗੁਣ ਕੀਤੇ ਭਗਤਿ ਨ ਹੋਇ ॥**

ਹੇ ਵਾਹਿਗੁਰੂ! ਤੇਰੀ ਮਿਹਰ ਤੇ ਦੈਵੀ ਗੁਣਾਂ ਤੋਂ ਬਿਨਾ ਤੇਰੀ ਭਗਤੀ ਵੀ ਨਹੀਂ ਹੋ ਸਕਦੀ।

**ਸੁਅਸਤਿ ਆਥਿ ਬਾਣੀ ਬਰਮਾਉ ॥**

ਹੇ ਵਾਹਿਗੁਰੂ! ਤੂੰ ਕਲਿਆਣ ਸਰੂਪ ਹੈਂ। ਤੇਰੀ ਬਾਣੀ ਵੀ ਬ੍ਰਹਮ ਰੂਪ ਹੈ।

**ਸਤਿ ਸੁਹਾਣੁ ਸਦਾ ਮਨਿ ਚਾਉ ॥**

ਤੂੰ ਸਤ-ਸਰੂਪ, ਸੁੰਦਰ ਅਤੇ ਸਦੀਵੀਂ ਚਾਉ ਵਾਲਾ ਹੈਂ।

**ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥**

ਜਿਸ ਵੇਲੇ ਜਗਤ ਪਸਾਰਾ ਹੋਇਆ ਉਸ ਵੇਲੇ ਕਿਹੜਾ ਸਮਾਂ ਸੀ, ਕਿਹੜੀ ਥਿੱਤ ਤੇ ਕਿਹੜਾ ਦਿਨ ਸੀ?

**ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥**

ਜਗਤ ਰਚਨਾ ਸਮੇਂ ਕਿਹੜੀ ਰੁੱਤ ਤੇ ਕਿਹੜਾ ਮਹੀਨਾ ਸੀ?

**ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥**

ਸੰਸਾਰ ਪਸਾਰੇ ਪ੍ਰਤੀ ਪੰਡਤਾਂ ਨੂੰ ਵੀ ਕੋਈ ਪਤਾ ਨਹੀਂ। ਜੇ ਪਤਾ ਹੁੰਦਾ ਤਾਂ ਉਹ ਜ਼ਰੂਰ ਪੁਰਾਣਾਂ ਵਿੱਚ ਲਿਖ ਦਿੰਦੇ।

**ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥**

ਕਾਜੀਆ ਨੂੰ ਵੀ ਜਗਤ ਰਚਨਾ ਪ੍ਰਥਾਇ ਕੋਈ ਗਿਆਨ ਨਹੀਂ। ਜੇ ਹੁੰਦਾ ਤਾਂ ਉਹ ਜ਼ਰੂਰ ਕੁਰਾਨ ਅੰਦਰ ਅੰਕਿਤ ਕਰ ਦਿੰਦੇ।

**ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥**

ਜੋਗੀਆਂ ਨੂੰ ਵੀ ਜਗਤ ਰਚਨਾ ਦੀ ਥਿੱਤ, ਵਾਰ, ਰੁੱਤ ਤੇ ਮਹੀਨੇ ਦਾ ਕੋਈ ਗਿਆਨ ਨਹੀਂ।

**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥**

ਉਹ ਕਰਤਾਰ ਜਿਸ ਨੇ ਜਗਤ ਰਚਨਾ ਰਚੀ ਹੈ, ਕੇਵਲ ਉਹ ਆਪ ਹੀ ਜਾਣਦਾ ਹੈ।

**ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥**

ਮੈਂ ਉਸ ਦੀ ਜਗਤ ਰਚਨਾ ਪ੍ਰਤੀ ਕੀ ਦੱਸਾਂ? ਮੈਂ ਉਸ ਦੀ ਸਿਫਤ ਕਰਕੇ ਉਸ ਦਾ ਕੀ ਵਰਨਣ ਕਰਾਂ ਤੇ ਕਿਵੇਂ ਉਸ ਦੇ ਭੇਦ ਨੂੰ ਜਾਣਾ?

**ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ ॥**

ਉਂਝ ਹਰ ਮਨੁੱਖ ਦੂਸਰੇ ਨਾਲੋਂ ਆਪਣੇ ਆਪ ਨੂੰ ਸਿਆਣਾ ਸਮਝ ਕੇ, ਜਗਤ ਰਚਨਾ ਤੇ ਕਰਤਾਰ ਪ੍ਰਤੀ ਆਖਦਾ ਹੈ।

**ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥**

ਜਿਸ ਪ੍ਰਮਾਤਮਾ ਦਾ ਕੀਤਾ ਸਭ ਕੁਝ ਹੋਇਆ ਤੇ ਹੋ ਰਿਹਾ ਹੈ ਉਹ ਪ੍ਰਭੂ ਵੱਡਾ ਹੈ ਉਸ ਦੀ ਸੋਭਾ ਵੀ ਅੱਤ ਵੱਡੀ ਹੈ।

**ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥੨੧॥**

ਗੁਰੂ ਨਾਨਕ ਪਾਤਸ਼ਾਹ ਫੁਰਮਾਨ ਕਰਦੇ ਹਨ, ਜੇ ਕੋਈ ਆਪਣੀ ਸਿਆਣਪ ਨਾਲ ਕਰਤਾਰ ਤੇ ਕੁਦਰਤ ਪ੍ਰਤੀ ਕੁਝ ਕਹਿਣ ਦਾ ਦਾਅਵਾ

ਬੰਨਦਾ ਹੈ, ਉਹ ਪ੍ਰਭੂ ਦਰਗਾਹ ਵਿੱਚ ਸੋਭਾ ਨਹੀਂ ਪਾਵੇਗਾ।੨੧।

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥**

ਕਾਦਰ ਦੀ ਰਚਨਾ ਅੰਦਰ ਲੱਖਾਂ ਹੀ ਪਾਤਾਲ ਤੇ ਲੱਖਾਂ ਹੀ ਅਕਾਸ਼ ਹਨ।

**ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥**

ਪ੍ਰਭੂ ਰਚਨਾ ਦਾ ਹੱਦ-ਬੰਨਾ ਲੱਭ ਕੇ ਸਭ ਥੱਕ ਗਏ ਹਨ, ਵੇਦ ਵੀ ਇੱਕ ਜ਼ੁਬਾਨ ਹੋ ਕੇ ਇਹ ਹੀ ਕਹਿੰਦੇ ਹਨ।

**[੧]ਸਹਸ ਅਠਾਰਹ ਕਹਨਿ ਕਤੇਬਾ [੨]ਅਸੁਲੂ [੩]ਇਕੁ ਧਾਤੁ ॥**

ਕੁੱਲ ਦੁਨੀਆਂ, ਕੁਰਾਨ ਸ਼ਰੀਫ, ਅੰਜ਼ੀਲ, ਤੌਰੇਤ, ਜ਼ੰਬੂਰ ਸਭ ਇਹ ਹੀ ਆਖਦੇ ਹਨ ਕਿ ਸਭ ਦਾ ਮੂਲ ਇੱਕ ਪਰਮਾਤਮਾ ਹੀ ਹੈ। ਬਾਕੀ ਸਭ ਨਾਸ਼ਵੰਤ ਹੈ।

**ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥**

ਜੇ ਕਰਤਾਰ ਦੀ ਰਚਨਾ ਦਾ ਲੇਖਾ ਜੋਖਾ ਹੋ ਸਕਦਾ ਹੋਵੇ ਤਦ ਲਿਖਿਆ ਜਾਵੇ, ਪਰ ਲੇਖਾ ਲਿਖਦਿਆਂ ਲੇਖੇ ਦਾ ਹੀ ਖਾਤਮਾ ਹੋ ਜਾਂਦਾ ਹੈ।

**ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥**

ਸਤਿਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ, ਉਸ ਕਾਦਰ ਨੂੰ ਵੱਡਾ ਹੀ ਕਹਿਣਾ ਚਾਹੀਦਾ ਹੈ। ਉਹ ਆਪਣੇ ਆਪ ਨੂੰ ਆਪ ਹੀ ਜਾਣਦਾ ਹੈ।੨੨।

**ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥**

ਸਿਫਤ ਕਰਨ-ਯੋਗ ਪਰਮਾਤਮਾ ਦੀ ਜਿਸ ਜਿਸ ਨੇ ਸਿਫਤ-ਸਲਾਹ ਕੀਤੀ, ਉਸਨੂੰ ਇਹ ਸਮਝ ਤਾਂ ਨਹੀਂ ਲੱਗੀ ਕਿ ਪਰਮਾਤਮਾ ਕਿੰਨਾ ਕੁ ਵੱਡਾ ਹੈ।

---

੧. ਅਠਾਰਹ ਹਜ਼ਾਰ ਆਲਮ (ਕੁੱਲ ਦੁਨੀਆਂ) ੨. ਮੁੱਢ ੩. ਇੱਕ ਪਰਮਾਤਮਾ

## ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥

ਜਿਵੇਂ ਨਦੀਆਂ, ਨਾਲੇ, ਸਮੁੰਦਰ ਵਿੱਚ ਪੈ ਕੇ ਸਮੁੰਦਰ ਹੀ ਬਣ ਜਾਂਦੇ ਹਨ। ਤਿਵੇਂ ਸਿਫਤ-ਸਲਾਹ ਕਰਨ ਵਾਲੇ ਵੀ ਪਰਮਾਤਮਾ ਵਿੱਚ ਅਭੇਦ ਹੋ ਜਾਂਦੇ ਹਨ।

## ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥

ਸਮੁੰਦਰਾਂ ਦੇ ਮਾਲਿਕ ਤੇ ਰਾਜੇ ਮਹਾਂਰਾਜੇ ਜਿਨ੍ਹਾਂ ਪਾਸ ਪਹਾੜਾਂ ਜੇਡੇ ਧਨ ਪਦਾਰਥਾਂ ਦੇ ਢੇਰ ਹੋਣ।

## ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥੨੩॥

ਅਜਿਹੇ ਸੁਲਤਾਨ ਉਸ ਕੀੜੀ ਦੀ ਵੀ ਬਰਾਬਰਤਾ ਨਹੀਂ ਕਰ ਸਕਦੇ ਜਿਸ ਨੂੰ ਪਰਮਾਤਮਾ ਕਦੇ ਨਹੀਂ ਵਿਸਰਦਾ।੨੩।

## ਅੰਤੁ ਨ ਸਿਫਤੀ ਕਹਣਿ ਨ ਅੰਤੁ ॥

ਅਕਾਲ ਪੁਰਖ ਦੀਆਂ ਸਿਫਤਾਂ ਦਾ ਕੋਈ ਅੰਤ ਨਹੀਂ । ਉਸ ਦੀਆਂ ਸਿਫਤਾਂ ਕਰਨ ਨਾਲ ਵੀ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ।

## ਅੰਤੁ ਨ ਕਰਣੈ ਦੇਣਿ ਨ ਅੰਤੁ ॥

ਅਕਾਲ ਪੁਰਖ ਦੇ ਕਾਰਨਾਮਿਆਂ ਤੇ ਉਸ ਦੀਆਂ ਦਾਤਾਂ ਦਾ ਵੀ ਅੰਤ ਨਹੀਂ ਪੈ ਸਕਦਾ ।

## ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥

ਵੇਖਣ ਤੇ ਸੁਣਨ ਨਾਲ ਵੀ ਉਸ ਦਾ ਅੰਤ ਨਹੀਂ ਪੈ ਸਕਦਾ।

## ਅੰਤੁ ਨ ਜਾਪੈ ਕਿਆ ਮਨਿ ਮੰਤੁ ॥

ਅਕਾਲ ਪੁਰਖ ਦੇ ਮਨ ਦਾ ਕੀ ਮੰਤਵ ਹੈ, ਤੇ ਕੀ ਸੀ, ਉਸ ਦਾ ਵੀ ਕੋਈ ਅੰਤ ਨਹੀਂ ਪੈ ਸਕਦਾ।

## ਅੰਤੁ ਨ ਜਾਪੈ ਕੀਤਾ ਆਕਾਰੁ ॥

ਪਰਮਾਤਮਾ ਦੇ ਜਗਤ ਪਸਾਰੇ ਦਾ ਵੀ ਕੋਈ ਅੰਤ ਨਹੀਂ।

**ਅੰਤੁ ਨ ਜਾਪੈ ਪਾਰਾਵਾਰੁ[੧] ॥**

ਉਸ ਦੇ ਪਾਰਾਵਾਰ ਦਾ ਵੀ ਕੋਈ ਆਦਿ-ਅੰਤ ਨਹੀਂ ਹੈ।

**ਅੰਤ ਕਾਰਣਿ ਕੇਤੇ ਬਿਲਲਾਹਿ ॥**

ਕਈ ਮਨੁੱਖ ਉਸ ਦਾ ਹੱਦ-ਬੰਨਾ ਭਾਲਣ ਲਈ ਤਰਲੇ ਲੈ ਰਹੇ ਹਨ।

**ਤਾ ਕੇ ਅੰਤ ਨ ਪਾਏ ਜਾਹਿ ॥**

ਪਰ ਉਸ ਅਕਾਲ ਪੁਰਖ ਦਾ ਹੱਦ-ਬੰਨਾ ਲੱਭਿਆ ਨਹੀਂ ਜਾ ਸਕਦਾ।

**ਏਹੁ ਅੰਤੁ ਨ ਜਾਣੈ ਕੋਇ ॥**

ਅੰਤ ਦੀ ਗੱਲ ਇਹ ਹੀ ਹੈ ਕਿ ਉਸ ਦਾ ਕੋਈ ਅੰਤ ਨਹੀਂ ਜਾਣ ਸਕਦਾ।

**ਬਹੁਤਾ ਕਹੀਐ ਬਹੁਤਾ ਹੋਇ ॥**

ਪ੍ਰਭੂ ਬਿਅੰਤਤਾ ਬਾਰੇ ਜਿੰਨਾਂ ਵਧੀਕ ਆਖੀ ਜਾਈਏ ਅਜੇ ਉਹ ਹੋਰ ਵਧੀਕ ਹੈ।

**ਵਡਾ ਸਾਹਿਬੁ ਊਚਾ ਥਾਉ ॥**

ਅਕਾਲ ਪੁਰਖ ਵੱਡਾ ਹੈ ਉਸ ਦਾ ਟਿਕਾਣਾ ਵੀ ਓਨਾ ਹੀ ਉੱਚਾ ਹੈ।

**ਊਚੇ ਉਪਰਿ ਊਚਾ ਨਾਉ ॥**

ਉਸ ਦਾ ਨਾਮ ਵੀ ਉਚਿਓਂ ਉੱਚਾ ਹੈ।

**ਏਵਡੁ ਊਚਾ ਹੋਵੈ ਕੋਇ ॥**

ਜੇ ਕੋਈ ਉਸ ਜਿੱਡਾ ਉੱਚਾ ਹੋਵੇ।

**ਤਿਸੁ ਊਚੇ ਕਉ ਜਾਣੈ ਸੋਇ ॥**

ਤਦ ਹੀ ਉਸ ਉੱਚੇ ਪਰਮਾਤਮਾ ਨੂੰ ਜਾਣ ਸਕਦਾ ਹੈ।

**ਜੇਵਡੁ ਆਪਿ ਜਾਣੈ ਆਪਿ ਆਪਿ ॥**

ਪਰਮਾਤਮਾ ਕਿੰਨਾ ਕੁ ਵੱਡਾ ਹੈ? ਇਸ ਰਹੱਸ ਨੂੰ ਉਹ ਆਪ ਹੀ ਜਾਣਦਾ ਹੈ।

੧. ਪਾਰ ਤੇ ਉਰਾਰ

## ਨਾਨਕ [1]ਨਦਰੀ [2]ਕਰਮੀ ਦਾਤਿ ॥੨੪॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਕ੍ਰਿਪਾਲੂ ਪ੍ਰਮਾਤਮਾ ਦੀ ਬਖਸ਼ਿਸ਼ ਦੁਆਰਾ ਹੀ ਸਭ ਦਾਤਾਂ ਪ੍ਰਾਪਤ ਹੁੰਦੀਆਂ ਹਨ।੨੪।

## ਬਹੁਤਾ ਕਰਮੁ ਲਿਖਿਆ ਨਾ ਜਾਇ ॥

ਅਕਾਲ ਪੁਰਖ ਦੀਆਂ ਬਖਸ਼ਿਸ਼ਾਂ ਇੰਨੀਆਂ ਵੱਡੀਆਂ ਹਨ ਉਨ੍ਹਾਂ ਨੂੰ ਲਿਖ ਕੇ ਦਰਸਾਇਆ ਨਹੀਂ ਜਾ ਸਕਦਾ।

## ਵਡਾ ਦਾਤਾ ਤਿਲੁ ਨ ਤਮਾਇ[3] ॥

ਦਾਤਾਰ ਦਾਤਾਂ ਦੇ ਕੇ ਮੁੜ ਇਵਜ਼ਾਨੇ ਵਿੱਚ ਲੈਣ ਦੀ ਤਮਾ ਨਹੀਂ ਰੱਖਦਾ।

## ਕੇਤੇ ਮੰਗਹਿ ਜੋਧ ਅਪਾਰ ॥

ਕਿੰਨੇ ਹੀ ਸੂਰਮੇ ਉਸ ਅਪਾਰ ਪ੍ਰਭੂ ਤੋਂ ਸ਼ਕਤੀ ਮੰਗਦੇ ਹਨ।

## ਕੇਤਿਆ ਗਣਤ ਨਹੀ ਵੀਚਾਰੁ ॥

ਕਿੰਨੇ ਕੁ ਹੋਰ ਦਾਤਾਂ ਮੰਗਣ ਵਾਲੇ ਹਨ, ਉਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ।

## ਕੇਤੇ ਖਪਿ ਤੁਟਹਿ ਵੇਕਾਰ ॥

ਅਗਣਤ ਜੀਵ ਵਿਸ਼ੇ-ਵਿਕਾਰਾਂ ਵਿੱਚ ਖੱਚਤ ਹੋ ਕੇ ਨਾਸ਼ ਹੋ ਜਾਂਦੇ ਹਨ।

## ਕੇਤੇ ਲੈ ਲੈ ਮੁਕਰੁ ਪਾਹਿ ॥

ਸੰਸਾਰ ਅੰਦਰ ਬਿਅੰਤ ਅਕ੍ਰਿਤਘਣ, ਦਾਤੇ ਪਾਸੋਂ ਦਾਤਾਂ ਲੈ ਕੇ ਮੁਨਕਰ ਹੋਈ ਜਾਂਦੇ ਹਨ।

## ਕੇਤੇ ਮੂਰਖ ਖਾਹੀ ਖਾਹਿ ॥

ਅਨਗਿਣਤ ਮੂਰਖ, ਦਾਤੇ ਦੀਆਂ ਦਾਤਾਂ ਖਾਈ ਜਾਂਦੇ ਹਨ ਪਰ ਉਸ ਨੂੰ ਯਾਦ ਨਹੀਂ ਕਰਦੇ।

---

੧. ਕ੍ਰਿਪਾਲੂ ਵਾਹਿਗੁਰੂ ੨. ਬਖਸ਼ਿਸ਼ ੩. ਲਾਲਚ

## ਕੇਤਿਆ ਦੂਖ ਭੂਖ ਸਦ ਮਾਰ ॥

ਅਨੇਕਾਂ ਨੂੰ ਦੁੱਖ ਤੇ ਭੁੱਖ ਦੀ ਮਾਰ ਹੀ ਸਦਾ ਪਈ ਰਹਿੰਦੀ ਹੈ।

## ਏਹਿ ਭਿ ਦਾਤਿ ਤੇਰੀ ਦਾਤਾਰ ॥

ਹੇ ਦਾਤਾਰ! ਦੁੱਖ ਤੇ ਭੁੱਖ ਵੀ ਤੇਰੀ ਦਿੱਤੀ ਹੋਈ ਦਾਤ ਹੈ।

## ਬੰਦਿ ਖਲਾਸੀ ਭਾਣੈ ਹੋਇ ॥

ਮਾਇਆ ਦੇ ਬੰਧਨਾਂ ਤੋਂ ਖਲਾਸੀ, ਪ੍ਰਭੂ ਰਜ਼ਾ ਵਿੱਚ ਤੁਰਿਆਂ ਹੀ ਹੁੰਦੀ ਹੈ।

## ਹੋਰੁ ਆਖਿ ਨ ਸਕੈ ਕੋਇ ॥

ਪ੍ਰਭੂ ਰਜ਼ਾ ਵਿੱਚ ਤੁਰਨ ਤੋਂ ਬਿਨਾਂ, ਬੰਦ-ਖਲਾਸੀ ਪ੍ਰਾਪਤ ਕਰਨ ਦਾ ਕੋਈ ਹੋਰ ਰਸਤਾ ਨਹੀਂ ਹੈ।

## ਜੇ ਕੋ ਖਾਇਕੁ ਆਖਣਿ ਪਾਇ ॥

ਜੇ ਕੋਈ ਮੂਰਖ, ਮਾਇਆ ਦੇ ਫੰਧੇ ਵਿੱਚੋਂ ਨਿਕਲਣ ਦਾ ਕੋਈ ਹੋਰ ਰਸਤਾ ਦੱਸੇ।

## ਓਹੁ ਜਾਣੈ ਜੇਤੀਆ ਮੁਹਿ ਖਾਇ ॥

ਇਸ ਇਵਜ਼ਾਨੇ ਵਿੱਚ ਜਿੰਨੀਆਂ ਕੁ ਚੋਟਾਂ ਉਹ ਮੂੰਹ ਤੇ ਸਹਾਰਦਾ ਹੈ, ਬਸ ਉਹ ਹੀ ਜਾਣਦਾ ਹੈ।

## ਆਪੇ ਜਾਣੈ ਆਪੇ ਦੇਇ ॥

ਅਕਾਲ ਪੁਰਖ ਜੀਵਾਂ ਦੀਆਂ ਲੋੜਾਂ ਨੂੰ ਆਪ ਹੀ ਜਾਣਦਾ ਤੇ ਆਪ ਹੀ ਦਾਤਾਂ ਦਿੰਦਾ ਹੈ।

## ਆਖਹਿ ਸਿ ਭਿ ਕੇਈ ਕੇਇ[੧] ॥

ਇਸ ਗੱਲ ਨੂੰ ਕੇਵਲ ਵਿਰਲੇ ਹੀ ਜਾਣਦੇ ਅਤੇ ਕਹਿੰਦੇ ਹਨ।

੧. ਵਿਰਲੇ-ਟਾਵੇਂ-ਟਾਵੇਂ

## ਜਿਸ ਨੋ ਬਖਸੇ ਸਿਫਤਿ ਸਾਲਾਹ ॥

ਜਿਨ੍ਹਾਂ ਨੂੰ ਪਰਮਾਤਮਾ ਆਪਣੀ ਸਿਫਤ-ਸਲਾਹ ਦੀ ਦਾਤ ਬਖਸ਼ਦਾ ਹੈ।

## ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥

ਉਹ ਪਾਤਸ਼ਾਹਾਂ ਦਾ ਪਾਤਸ਼ਾਹ ਬਣ ਜਾਂਦਾ ਹੈ।੨੫॥

## ਅਮੁਲ ਗੁਣ ਅਮੁਲ ਵਾਪਾਰ ॥

ਅਮੁੱਲ ਕਰਤਾਰ ਦੇ ਗੁਣ ਵੀ ਅਮੁੱਲ ਹਨ ।ਉਨ੍ਹਾਂ ਗੁਣਾਂ ਦਾ ਵਪਾਰ ਵੀ ਅਮੁੱਲ ਹੈ।

## ਅਮੁਲ ਵਾਪਾਰੀਏ ਅਮੁਲ ਭੰਡਾਰ ॥

ਅਮੁੱਲ ਗੁਣਾਂ ਦਾ ਵਣਜ ਕਰਨ ਵਾਲੇ ਵੀ ਅਮੋਲਕ ਹਨ।ਦਾਤੇ ਦੇ ਭੰਡਾਰ ਵੀ ਅਮੋਲਕ ਹਨ।

## ਅਮੁਲ ਆਵਹਿ ਅਮੁਲ ਲੈ ਜਾਹਿ ॥

ਜਿਹੜੇ ਅਮੋਲਕ ਗੁਣਾਂ ਦਾ ਵਣਜ ਕਰਨ ਲਈ ਆਉਂਦੇ ਤੇ ਅਮੋਲਕ ਗੁਣਾਂ ਦਾ ਸੌਦਾ ਵਿਹਾਝ ਕੇ ਪ੍ਰਭੂ ਦਰ ਜਾਂਦੇ ਹਨ, ਉਹ ਵੀ ਅਮੋਲਕ ਹਨ।

## ਅਮੁਲ ਭਾਇ ਅਮੁਲਾ ਸਮਾਹਿ ॥

ਅਮੋਲਕ ਹਨ ਉਹ, ਜੋ ਪਰਮਾਤਮਾ ਦੇ ਪਿਆਰ ਵਿੱਚ ਰੱਤ ਕੇ ਉਸ ਵਿੱਚ ਸਮਾ ਜਾਂਦੇ ਹਨ ।

## ਅਮੁਲੁ ਧਰਮੁ ਅਮੁਲੁ ਦੀਬਾਣੁ[੧] ॥

ਅਕਾਲ ਪੁਰਖ ਦਾ ਧਰਮ ਨਿਆਉ ਤੇ ਉਸ ਦਾ ਦਰਬਾਰ ਵੀ ਅਮੋਲਕ ਹੈ।

---

੧. ਦਰਬਾਰ- ਕਚੈਹਿਰੀ

## ਅਮੁਲੁ ਤੁਲੁ ਅਮੁਲੁ ਪਰਵਾਣੁ ॥

ਅਕਾਲ ਪੁਰਖ ਦਾ ਧਰਮ ਕੰਡਾ ਤੇ ਜੀਵਾਂ ਦੇ ਕਰਮ ਤੋਲਣ ਵਾਲਾ ਵੱਟਾ ਵੀ ਅਮੋਲਕ ਹੈ।

## ਅਮੁਲੁ ਬਖਸੀਸ ਅਮੁਲੁ ਨੀਸਾਣੁ ॥

ਪਰਮਾਤਮਾ ਦੀ ਬਖਸ਼ਿਸ਼ ਤੇ ਉਸ ਦਾ ਬਖਸ਼ਿਸ਼ ਨਿਸ਼ਾਨ ਵੀ ਅਮੋਲਕ ਹੈ।

## ਅਮੁਲੁ ਕਰਮੁ ਅਮੁਲੁ ਫੁਰਮਾਣੁ ॥

ਅਮੋਲਕ ਹੈ ਪਰਮਾਤਮਾ ਦੀ ਬਖਸ਼ਿਸ਼ ਤੇ ਅਮੋਲਕ ਹੈ ਪ੍ਰਭੂ ਦਾ ਹੁਕਮ।

## ਅਮੁਲੋ ਅਮੁਲੁ ਆਖਿਆ ਨ ਜਾਇ ॥

ਅਮੋਲਕ ਪਰਮਾਤਮਾ ਦਾ ਸਭ ਕੁਝ ਅਮੋਲਕ ਹੈ ਉਸ ਪ੍ਰਤੀ ਕੁਝ ਕਹਿਆ ਨਹੀਂ ਜਾ ਸਕਦਾ।

## ਆਖਿ ਆਖਿ ਰਹੇ ਲਿਵ ਲਾਇ ॥

ਸੁਰਤੀ ਜੋੜ-ਜੋੜ ਕੇ ਦਾਨੇ ਉਸ ਦਾ ਅੰਤ ਪਾਉਣ ਤੋਂ ਰਹਿ ਗਏ।

## ਆਖਹਿ ਵੇਦ ਪਾਠ ਪੁਰਾਣ ॥

ਅਕਾਲ ਪੁਰਖ ਦੇ ਗੁਣਾਂ ਦਾ ਵੇਦ ਤੇ ਪੁਰਾਣ ਪਾਠੀ ਵਖਿਆਣ ਕਰਦੇ ਹਨ।

## ਆਖਹਿ ਪੜੇ ਕਰਹਿ ਵਖਿਆਣ ॥

ਪੜ੍ਹੇ-ਲਿਖੇ ਵਿਦਵਾਨ ਵੀ ਪ੍ਰਭੂ ਗੁਣਾਂ ਦਾ ਵਖਿਆਣ ਕਰਦੇ ਹਨ।

## ਆਖਹਿ ਬਰਮੇ ਆਖਹਿ ਇੰਦ ॥

ਕਿੰਨੇ ਹੀ ਬ੍ਰਹਮਾ ਤੇ ਇੰਦਰ ਵਰਗੇ ਉਸ ਦੇ ਗੁਣਾਂ ਦਾ ਵਰਨਣ ਕਰਦੇ ਹਨ।

## ਆਖਹਿ ਗੋਪੀ ਤੈ ਗੋਵਿੰਦ ॥

ਕਿੰਨੇ ਹੀ ਕ੍ਰਿਸ਼ਨ ਤੇ ਗੋਪੀਆਂ ਪਰਮਾਤਮਾ ਦੇ ਗੁਣਾਂ ਦਾ ਵਰਨਣ ਕਰਦੇ ਹਨ।

## ਆਖਹਿ ਈਸਰ ਆਖਹਿ ਸਿਧ ॥

ਕਿੰਨੇ ਹੀ ਸ਼ਿਵਜੀ ਅਤੇ ਪੁੱਗੇ ਹੋਏ ਜੋਗੀਰਾਜ ਪਰਮਾਤਮਾ ਦੀ ਵਡਿਆਈ ਕਰਦੇ ਹਨ।

## ਆਖਹਿ ਕੇਤੇ ਕੀਤੇ ਬੁਧ ॥

ਕਿੰਨੇ ਹੀ ਬੁੱਧ ਤੇ ਬੁੱਧੀਮਾਨ ਪਰਮਾਤਮਾ ਦੀ ਵਡਿਆਈ ਦਾ ਵੀਚਾਰ ਕਰਦੇ ਹਨ।

## ਆਖਹਿ ਦਾਨਵ ਆਖਹਿ ਦੇਵ ॥

ਰਾਖਸ਼ ਅਤੇ ਦੇਵਤੇ ਵੀ ਅਕਾਲ ਪੁਰਖ ਦੇ ਗੁਣ ਆਖਦੇ ਹਨ।

## ਆਖਹਿ ਸੁਰਿ ਨਰ ਮੁਨਿ ਜਨ ਸੇਵ ॥

ਕਿੰਨੇ ਹੀ ਦੈਵੀ ਸੁਭਾਅ ਵਾਲੇ ਮਨੁੱਖ, ਰਿਸ਼ੀ-ਮੁਨੀ, ਸੇਵਕ ਭਾਵਨਾ ਨਾਲ ਪ੍ਰਭੂ ਦੇ ਅਮੋਲਕ ਗੁਣਾਂ ਨੂੰ ਵਰਨਣ ਕਰਦੇ ਹਨ।

## ਕੇਤੇ ਆਖਹਿ ਆਖਣਿ ਪਾਹਿ ॥

ਬਿਅੰਤ ਜੀਵ ਪਰਮਾਤਮਾ ਦੇ ਗੁਣਾਂ ਨੂੰ ਆਖਦੇ ਹਨ ਤੇ ਅਨੇਕਾਂ ਉਸ ਦੀ ਬਿਅੰਤਤਾਈ ਨੂੰ ਆਖਣ ਲਈ ਯਤਨਸ਼ੀਲ ਹਨ।

## ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥

ਬਿਅੰਤ ਜੀਵ, ਬਿਅੰਤ ਦਾ ਅੰਦਾਜ਼ਾ ਲਾ ਕੇ ਇਸ ਸੰਸਾਰ ਚੋਂ ਤੁਰ ਗਏ।

## ਏਤੇ ਕੀਤੇ ਹੋਰਿ ਕਰੇਹਿ ॥

ਜਿੰਨੇ ਜੀਵ ਹੁਣ ਹਨ ਹੇ ਕਰਤਾਰ! ਇੰਨੇ ਤੂੰ ਹੋਰ ਪੈਦਾ ਕਰ ਦੇਵੇਂ।

## ਤਾ ਆਖਿ ਨ ਸਕਹਿ ਕੇਈ ਕੇਇ ॥

ਤਾਂ ਭੀ ਸਾਰੇ ਜੀਵ ਪੂਰਨ ਤੌਰ ਤੇ ਤੇਰਾ ਵਰਨਣ ਨਹੀਂ ਕਰ ਸਕਦੇ।

**ਜੇਵਡੁ ਭਾਵੈ ਤੇਵਡੁ ਹੋਇ ॥**

ਪਰਮਾਤਮਾ ਜਿੰਨਾ ਵੱਡਾ ਹੋਣਾ ਚਾਹੁੰਦਾ ਹੈ, ਉਨਾਂ ਵੱਡਾ ਉਹ ਹੋ ਜਾਂਦਾ ਹੈ।

**ਨਾਨਕ ਜਾਣੈ ਸਾਚਾ ਸੋਇ ॥**

ਉਹ ਸਦਾ ਥਿਰ ਪਰਮਾਤਮਾ ਹੀ ਆਪਣੇ ਵਡੱਪਣ ਨੂੰ ਜਾਣਦਾ ਹੈ।

**ਜੇ ਕੋ ਆਖੈ ਬੋਲੁ ਵਿਗਾੜੁ ॥**

ਜੇ ਕੋਈ ਬੜਬੋਲਾ ਮਨੁੱਖ ਦੱਸੇ ਕਿ ਪਰਮਾਤਮਾ ਇੰਨਾ ਕੁ ਵੱਡਾ ਹੈ।

**ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥**

ਇਸ ਗੁਸਤਾਖੀ ਬਦਲੇ ਉਹ ਮੂਰਖਾਂ ਦਾ ਸਿਰਦਾਰ ਗਿਣਿਆ ਜਾਂਦਾ ਹੈ।੨੬॥

**ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥**

ਹੇ ਅਕਾਲ ਪੁਰਖ! ਤੇਰਾ ਅਦਭੁਤ ਦਰ ਤੇ ਘਰ ਕਿਹੜਾ ਹੈ? ਜਿੱਥੇ ਬੈਠ ਕੇ ਤੂੰ ਸਾਰੀ ਕਾਇਨਾਤ ਦੀ ਸਾਰ-ਸੰਭਾਲ ਕਰ ਰਿਹਾ ਹੈਂ।

**ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥**

ਤੇਰੇ ਉਸ ਘਰ ਵਿੱਚ ਅਨੇਕਾਂ ਪ੍ਰਕਾਰ ਦੇ ਧੁਨੀ-ਨਾਦ ਵੱਜ ਰਹੇ ਹਨ ਤੇ ਅਨੇਕਾਂ ਹੀ ਉਨ੍ਹਾਂ ਨੂੰ ਵਜਾਉਣ ਵਾਲੇ ਹਨ।

**ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥**

ਤੇਰੇ ਘਰ ਵਿੱਚ ਅਣਗਿਣਤ ਰਾਗ, ਰਾਗਣੀਆਂ ਸਹਿਤ ਤੇਰਾ ਜਸ ਕਰ ਰਹੇ ਹਨ।

**ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥**

ਹੇ ਵਾਹਿਗੁਰੂ! ਤੈਨੂੰ ਪਉਣ, ਪਾਣੀ, ਅਗਨੀ ਸਭ ਤੱਤ ਗਾ ਰਹੇ ਹਨ।ਧਰਮਰਾਜ ਵੀ ਤੇਰੇ ਦਰ ਉੱਪਰ ਬੈਠਾ ਤੇਰਾ ਜਸ ਕਰ ਰਿਹਾ ਹੈ।

**ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥**

ਮਨੁੱਖ ਦੇ ਚੰਗੇ ਮਾੜੇ ਕਰਮਾਂ ਨੂੰ ਲਿਖਣ ਵਾਲੇ ਚਿਤ੍ਰ-ਗੁਪਤ, ਜਿਨ੍ਹਾਂ ਦੀ ਲਿਖਤ ਉੱਪਰ ਧਰਮ-ਰਾਜਾ ਵੀਚਾਰ ਕਰਦਾ ਹੈ। ਉਹ ਵੀ ਤੈਨੂੰ ਗਾਉਂਦੇ ਹਨ।

**ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥**

ਤੇਰੇ ਸਾਜੇ ਸਵਾਰੇ ਸ਼ਿਵਜੀ, ਬ੍ਰਹਮਾ ਤੇ ਸਾਰੇ ਦੇਵੀ-ਦੇਵਤੇ ਤੈਨੂੰ ਗਾ ਰਹੇ ਹਨ।

**ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥**

ਇੰਦ੍ਰ-ਪਦਵੀਆਂ ਉੱਪਰ ਬਿਰਾਜਮਾਨ ਹੋ ਕੇ ਇੰਦ੍ਰ, ਦੇਵਤਿਆਂ ਸਹਿਤ ਤੇਰਾ ਜਸ ਕਰਦੇ ਹਨ।

**ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥**

ਸਿੱਧ ਲੋਕ ਧਿਆਨ ਮਗਨ ਹੋ ਕੇ ਤੇ ਸਾਧਨਾ ਕਰਨ ਵਾਲੇ ਵੀ ਤੇਰੀ ਬਿਅੰਤਤਾ ਦਾ ਵੀਚਾਰ ਕਰਕੇ ਤੈਨੂੰ ਗਾਉਂਦੇ ਹਨ।

**ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥**

ਅਨਗਿਣਤ ਬ੍ਰਹਮਚਾਰੀ, ਸੱਤਵਾਦੀ, ਸੰਤੋਖੀ ਸੁਭਾਅ ਵਾਲੇ ਤੇ ਸੂਰਮੇ ਜੋਧੇ ਵੀ ਤੈਨੂੰ ਗਾ ਰਹੇ ਹਨ।

**ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥**

ਹੇ ਅਕਾਲ ਪੁਰਖ! ਅਣਗਿਣਤ, ਪੰਡਤ ਤੇ ਮਹਾਂਰਿਖੀ ਵੇਦਾਂ ਸਹਿਤ ਜੁਗਾਂ-ਜੁਗਾਂਤਰਾਂ ਤੋਂ ਤੇਰਾ ਜਸ ਕਰ ਰਹੇ ਹਨ।

**ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥**

ਸਵਰਗ, ਮਾਤ-ਲੋਕ ਤੇ ਪਤਾਲ ਦੀਆਂ ਮਨ ਨੂੰ ਮੋਹਨ ਵਾਲੀਆਂ ਸੁੰਦਰੀਆਂ ਵੀ ਤੈਨੂੰ ਗਾ ਰਹੀਆਂ ਹਨ।

**ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥**

ਹੇ ਪਰਮਾਤਮਾ! ਤੇਰੇ ਪੈਦਾ ਕੀਤੇ ਹੋਏ ਰਤਨ, ਸਮੇਤ ਅਠਾਹਠ ਤੀਰਥਾਂ ਦੇ, ਤੈਨੂੰ ਹੀ ਗਾ ਰਹੇ ਹਨ।

**ਗਾਵਹਿ ਜੋਧ ਮਹਾ ਬਲ ਸੂਰਾ ਗਾਵਹਿ ਖਾਣੀ ਚਾਰੇ ॥**

ਜੋਧੇ-ਮਹਾਂਬਲੀ ਸੂਰਮੇ ਸੰਸਾਰ ਦੀ ਉਤਪਤੀ ਦੀਆਂ [1]ਚਾਰੇ ਖਾਣੀਆਂ ਵੀ ਤੈਨੂੰ ਹੀ ਗਾ ਰਹੀਆਂ ਹਨ।

**ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥**

ਤੇਰੇ ਆਸਰੇ ਟਿਕੇ ਹੋਏ, ਅਨੇਕਾਂ ਬ੍ਰਹਿਮੰਡ ਤੇ ਉਨ੍ਹਾਂ ਦੇ ਵੱਖ-ਵੱਖ ਹਿੱਸੇ ਤੈਨੂੰ ਹੀ ਗਾ ਰਹੇ ਹਨ।

**ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥**

ਹੇ ਪ੍ਰਭੂ! ਤੇਰੇ ਪਿਆਰ ਅਤੇ ਰਸ ਵਿੱਚ ਭਿੱਜ ਕੇ ਜੋ ਤੈਨੂੰ ਗਾਉਂਦੇ ਹਨ ਉਹ ਤੈਨੂੰ ਚੰਗੇ ਲਗਦੇ ਹਨ।

**ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ**
**ਨਾਨਕੁ ਕਿਆ ਵੀਚਾਰੇ ॥**

ਹੋਰ ਕਿੰਨੇ ਕੁ ਦ੍ਰਿਸ਼ਟ-ਅਦ੍ਰਿਸ਼ਟ ਤੈਨੂੰ ਗਾ ਰਹੇ ਹਨ, ਉਹ ਮੇਰੀ ਸਿਮ੍ਰਤੀ ਵਿੱਚ ਨਹੀਂ ਆਏ। ਮੈਂ ਉਨ੍ਹਾਂ ਪ੍ਰਥਾਇ ਕੀ ਵੀਚਾਰ ਕਰਾਂ?

**ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥**

ਉਹ ਅਕਾਲ ਪੁਰਖ ਸਦਾ ਥਿਰ ਹੈ, ਸੱਚਾ ਹੈ, ਉਸ ਦੀ ਸ਼ੋਭਾ ਵੀ ਸਦਾ ਥਿਰ ਰਹਿਣ ਵਾਲੀ ਹੈ।

**ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥**

ਜਿਸ ਨੇ ਸੰਸਾਰ ਰਚਨਾ ਰਚੀ ਹੈ, ਉਹ ਹੁਣ ਭੀ ਹੈ, ਪਹਿਲਾਂ ਭੀ

---

੧.ਅੰਡਜ, ਜੇਰਜ, ਸੇਤਜ, ਉਤਭੁਜ

ਸੀ, ਅੱਗੇ ਨੂੰ ਵੀ ਹਮੇਸ਼ਾ ਕਾਇਮ ਰਹੇਗਾ। ਉਹ ਕਦੇ ਜੰਮਦਾ ਮਰਦਾ ਨਹੀਂ ਹੈ।

**ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥**

ਜਿਸ ਅਕਾਲ ਪੁਰਖ ਨੇ ਅਨੇਕਾਂ ਰੰਗਾਂ, ਕਿਸਮਾਂ ਤੇ ਜਿਨਸਾਂ ਦੀ ਸ੍ਰਿਸਟੀ ਪੈਦਾ ਕੀਤੀ ਹੈ।

**ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥**

ਉਹ ਸਾਰੀ ਕ੍ਰਿਤ ਦੀ ਆਪਣੀ ਰਜ਼ਾ ਅੰਦਰ ਪੂਰੀ-ਪੂਰੀ ਨਿਗਾਹਬਾਨੀ ਤੇ ਸੰਭਾਲ ਕਰ ਰਿਹਾ ਹੈ।

**ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥**

ਜੋ ਅਕਾਲ ਪੁਰਖ ਨੂੰ ਚੰਗਾ ਲੱਗਦਾ ਹੈ, ਉਹ ਕੁਝ ਹੀ ਉਹ ਕਰਦਾ ਹੈ ਉਸ ਦੇ ਹੁਕਮ ਅੱਗੇ ਕੋਈ ਹੀਲ-ਹੁੱਜਤ ਨਹੀਂ ਕਰ ਸਕਦਾ।

**ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥**

ਅਕਾਲ ਪੁਰਖ ਪਾਤਸ਼ਾਹਾਂ ਦਾ ਭੀ ਪਾਤਸ਼ਾਹ ਹੈ। ਉਸ ਦੀ ਰਜ਼ਾ ਵਿੱਚ ਹੀ ਰਹਿਣਾ ਚਾਹੀਦਾ ਹੈ।੨੭।

**ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥**

ਹੇ ਜੋਗੀ! ਜੇ ਤੂੰ ਸੰਤੋਖ ਨੂੰ ਆਪਣੀਆਂ ਮੁੰਦਰਾਂ ਬਣਾਵੇਂ, ਮਿਹਨਤ ਤੇ ਉੱਦਮ ਨੂੰ ਖੱਪਰ ਤੇ ਝੋਲੀ ਬਣਾਵੇਂ, ਪਰਮਾਤਮਾ ਵਿੱਚ ਲਿਵ ਲਾਉਣ ਦੀ ਭਸਮ ਧਾਰਨ ਕਰੇਂ।

**ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥**

ਮੌਤ ਦਾ ਭੈ ਤੇਰੀ ਗੋਦੜੀ ਹੋਵੇ, ਸਰੀਰ ਨੂੰ ਵਿਕਾਰਾਂ ਤੋਂ ਬਚਾ ਕੇ ਰੱਖਣਾ ਤੇਰੀ ਜੋਗ ਦੀ ਰਹਿਤ ਹੋਵੇ। ਸ਼ਰਧਾ-ਭਰੋਸੇ ਨੂੰ ਡੰਡਾ ਸਮਝੇਂ ਤਾਂ ਤੇਰੇ ਅੰਦਰੋਂ ਕੂੜ ਦੀ ਕੰਧ ਦੂਰ ਹੋ ਸਕਦੀ ਹੈ।

**ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥**

ਜੋ ਜੋਗੀ ਸਾਰੀ ਸ੍ਰਿਸ਼ਟੀ ਦੇ ਜੀਵਾਂ ਨੂੰ ਆਪਣੇ ਸੱਜਣ ਸਮਝਦਾ ਹੈ। ਅਸਲ ਵਿੱਚ ਉਹ ਹੀ ਆਈ[1] ਪੰਥ ਦਾ ਧਾਰਨੀ ਹੈ। ਜਿਸ ਮਨੁੱਖ ਨੇ ਆਪਣੇ ਮਨ ਨੂੰ ਜਿੱਤ ਲਿਆ, ਉਸ ਨੇ ਸਾਰਾ ਸੰਸਾਰ ਹੀ ਜਿੱਤ ਲਿਆ ਜਾਣੋ।

**ਆਦੇਸੁ ਤਿਸੈ ਆਦੇਸੁ ॥**

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੮॥**

ਨਮਸਕਾਰ ਕਰੋ ਉਸ ਅਕਾਲ ਪੁਰਖ ਨੂੰ ਜੋ ਸਭ ਦਾ ਆਦਿ ਹੈ ਜੋ ਰੂਪ, ਰੇਖ, ਰੰਗ ਤੇ ਨਾਸ਼ ਤੋਂ ਰਹਿਤ ਹੈ। ਜਿਸ ਦਾ ਆਪਣਾ ਆਦਿ ਕੋਈ ਨਹੀਂ, ਜੋ ਸਦਾ ਸਲਾਮਤ ਇੱਕ ਰਸ ਰਹਿੰਦਾ ਹੈ।੨੮॥

**ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥**

ਹੇ ਜੋਗੀ ਜਨੋਂ! ਆਤਮ ਗਿਆਨ ਦਾ ਚੂਰਮਾ (ਭੋਜਨ) ਛਕੋ, ਦਇਆ ਨੂੰ ਵਰਤਾਵੀ ਜਾਣੋ, ਸਿੰਙੀ ਨਾਦ ਵਜਾਣ ਤੇ ਸੁਣਨ ਦੀ ਥਾਂ ਘਟਾਂ-ਘਟਾਂ ਵਿੱਚ ਜੋ ਨਾਮ ਦਾ ਨਾਦ ਵੱਜ ਰਿਹਾ ਹੈ, ਉਸ ਨੂੰ ਸੁਣੋ।

**ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥**

ਪਰਮਾਤਮਾ ਸਾਰਿਆਂ ਦਾ ਮਾਲਕ ਹੈ। ਸਾਰੀ ਕਾਇਨਾਤ ਉਸ ਦੇ ਹੁਕਮ ਵਿੱਚ ਨੱਥੀ ਹੋਈ ਹੈ। ਰਿੱਧੀਆਂ ਸਿੱਧੀਆਂ ਹੋਛੇ ਸੁਆਦ ਹਨ।

**ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥**

[2]ਸੰਜੋਗ ਤੇ [3]ਵਿਜੋਗ ਦੇ ਅਧੀਨ ਸਾਰੇ ਸੰਸਾਰ ਦੀ ਕਾਰ ਚਲ ਰਹੀ ਹੈ। ਪੂਰਬਲੇ ਕਰਮਾਂ ਅਨੁਸਾਰ ਦੁੱਖ-ਸੁੱਖ ਤੇ ਪਦਾਰਥਾਂ ਦੇ ਛਾਂਦੇ ਮਿਲਦੇ ਹਨ।

**ਆਦੇਸੁ ਤਿਸੈ ਆਦੇਸੁ ॥**

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥**

ਨਮਸਕਾਰ ਕਰੋ ਉਸ ਅਕਾਲ ਪੁਰਖ ਨੂੰ, ਜੋ ਸਭ ਦਾ ਮੁੱਢ ਹੈ,

---

੧. ਜੋਗੀਆਂ ਦੇ ਬਾਰਾਂ ਫਿਰਕੇ ਹਨ। ਜਿਨ੍ਹਾਂ ਵਿੱਚੋਂ ਆਈ ਪੰਥ ਨੂੰ ਸ਼੍ਰੋਮਣੀ ਗਿਣਿਆ ਜਾਂਦਾ ਹੈ। ੨. ਮਿਲਾਪ ੩. ਵਿਛੋੜਾ

ਜੋ ਰੂਪ-ਰੇਖ ਰੰਗ ਤੇ ਨਾਸ਼ ਤੋਂ ਰਹਿਤ ਹੈ। ਜਿਸ ਦਾ ਆਪਣਾ ਕੋਈ ਆਦਿ ਨਹੀਂ, ਜੋ ਸਦਾ ਸਲਾਮਤ ਇੱਕ ਰਸ ਰਹਿੰਦਾ ਹੈ।੨੯।

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥**

ਪੌਰਾਣਿਕ ਮਨੌਤ ਅਨੁਸਾਰ ਮਾਇਆ, ਵਿਸ਼ੇਸ਼ ਜੁਗਤੀ ਨਾਲ ਪ੍ਰਸੂਤ ਹੋਈ, ਜਿਸ ਤੋਂ ਤਿੰਨ ਪਰਮਾਣੀਕ ਚੇਲੇ ਹੋਂਦ ਵਿੱਚ ਆਏ।

**ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥**

ਇੱਕ ਸੰਸਾਰ ਦੀ ਰਚਨਾ ਕਰਨ ਵਾਲਾ (ਬ੍ਰਹਮਾ) ਦੂਸਰਾ ਰਿਜ਼ਕ ਵੰਡਣ ਵਾਲਾ (ਵਿਸ਼ਨੂੰ) ਤੀਸਰਾ ਸੰਘਾਰ ਕਰਨ ਵਾਲਾ (ਸ਼ਿਵਜੀ)

**ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥**

ਪਰ ਅਸਲ ਗੱਲ ਇਹ ਹੈ, ਜਿਵੇਂ ਪਰਮਾਤਮਾ ਨੂੰ ਭਾਉਂਦਾ ਹੈ। ਉਸ ਦੇ ਹੁਕਮ ਅੰਦਰ ਹੀ ਸ੍ਰਿਸ਼ਟੀ ਦੀ ਸਾਰੀ ਕਾਰ ਚੱਲ ਰਹੀ ਹੈ।

**ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥**

ਵਡੇ ਅਸਚਰਜ ਦੀ ਗੱਲ ਇਹ ਹੈ ਕਿ ਅਕਾਲ ਪੁਰਖ ਉਨ੍ਹਾਂ ਦੇ ਕੰਮਾਂ ਨੂੰ ਵੇਖਦਾ ਹੈ, ਪਰ ਉਨ੍ਹਾਂ ਨੂੰ ਪਰਮਾਤਮਾ ਨਜ਼ਰ ਨਹੀਂ ਆਉਂਦਾ।

**ਆਦੇਸੁ ਤਿਸੈ ਆਦੇਸੁ ॥**

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥**

ਨਮਸ਼ਕਾਰ ਕਰੋ ਉਸ ਅਕਾਲ ਪੁਰਖ ਨੂੰ ਜੋ ਸਭ ਦਾ ਆਦਿ ਹੈ। ਜੋ ਰੂਪ-ਰੇਖ ਰੰਗ ਤੇ ਨਾਸ਼ ਤੋਂ ਰਹਿਤ ਹੈ। ਜਿਸ ਦਾ ਆਪਣਾ ਕੋਈ ਆਦਿ ਨਹੀਂ, ਜਿਹੜਾ ਸਦਾ ਸਲਾਮਤ ਇੱਕ ਰਸ ਰਹਿੰਦਾ ਹੈ।੩੦।

**ਆਸਣੁ ਲੋਇ ਲੋਇ ਭੰਡਾਰ ॥**

ਸਿਰਜਣਹਾਰ ਪ੍ਰਭੂ ਦੇ ਭੰਡਾਰੇ ਤੇ ਟਿਕਾਣੇ ਹਰ ਭਵਨ ਵਿੱਚ ਹਨ।

**ਜੋ ਕਿਛੁ ਪਾਇਆ ਸੁ ਏਕਾ ਵਾਰ ॥**

ਉਸ ਨੇ ਭੰਡਾਰਿਆ ਵਿੱਚ ਇੱਕੋ ਵਾਰ ਹੀ ਸਭ ਕੁਝ ਪਾ ਛੱਡਿਆ ਹੈ।

**ਕਰਿ ਕਰਿ ਵੇਖੈ ਸਿਰਜਣਹਾਰੁ ॥**

ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਕੇ, ਨਿਰੰਤਰ ਸਭ ਦੀ ਸਾਰ ਸੰਭਾਲ ਕਰਦਾ ਹੈ।

**ਨਾਨਕ ਸਚੇ ਕੀ ਸਾਚੀ ਕਾਰ ॥**

ਸਤਿਗੁਰੂ ਨਾਨਕ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਸੱਚੇ ਵਾਹਿਗੁਰੂ ਦੀ ਇਹ ਸਾਰੀ ਕਾਰ ਵੀ ਸੱਚੀ ਹੈ।

**ਆਦੇਸੁ ਤਿਸੈ ਆਦੇਸੁ ॥**

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥**

ਨਮਸ਼ਕਾਰ ਕਰੋ, ਉਸ ਅਕਾਲ ਪੁਰਖ ਨੂੰ ਜੋ ਸਾਰਿਆਂ ਦਾ ਆਦਿ ਹੈ। ਜੋ ਰੂਪ ਰੰਗ ਨਾਸ਼ ਤੋਂ ਰਹਿਤ ਹੈ। ਜਿਸ ਦਾ ਕੋਈ ਆਦਿ ਨਹੀਂ, ਜੋ ਸਦਾ ਸਲਾਮਤ ਇੱਕ ਰਸ ਕਾਇਮ ਰਹਿੰਦਾ ਹੈ।੩੧।

**ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥**

ਜੇ ਇਕ ਜੀਭ ਤੋਂ ਲੱਖ ਜੀਭਾਂ ਹੋ ਜਾਣ ਅਤੇ ਲੱਖਾਂ ਜੀਭਾਂ ਤੋਂ ਵੀਹ ਲੱਖ ਬਣ ਜਾਣ।

**ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥**

ਵੀਹ ਲੱਖ ਜੀਭ ਨਾਲ ਲੱਖਾਂ ਲੱਖਾਂ ਵਾਰੀ ਅਕਾਲ ਪੁਰਖ ਦਾ ਨਾਮ ਜਪਿਆ ਜਾਵੇ।

**ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥**

ਇਹ ਪਰਮਾਤਮਾ ਦੇ ਦਰ ਨੂੰ ਪ੍ਰਾਪਤ ਕਰਨ ਲਈ ਪਉੜੀਆਂ ਹਨ।ਜੋ ਇਨ੍ਹਾਂ ਨੂੰ ਚੜ੍ਹ ਜਾਂਦਾ ਹੈ ਉਹ ਪਰਮਾਤਮਾ ਨਾਲ ਇੱਕ ਮਿੱਕ ਹੋ ਜਾਂਦਾ ਹੈ।

**ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥**

ਗਗਨ-ਮੰਡਲੀ ਆਤਮਿਕ ਇੱਕਮਿਕਤਾ ਦੀਆ ਗੱਲਾਂ ਸੁਣ ਕੇ ਕੀਟ ਸਮਾਨ ਸਾਕਤ ਪੁਰਸ਼ਾਂ ਨੂੰ ਵੀ ਉਨ੍ਹਾਂ ਦੀ ਰੀਸ ਕਰਨ ਦਾ ਸ਼ੌਕ ਪੈਦਾ ਹੋਇਆ।

## ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥

ਸਤਿਗੁਰੂ ਨਾਨਕ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਪਰਮਾਤਮਾ ਦਾ ਮਿਲਾਪ ਉਸ ਦੀ ਮਿਹਰ ਨਾਲ ਪ੍ਰਾਪਤ ਹੁੰਦਾ ਹੈ। ਮਿਹਰ ਤੋਂ ਬਿਨਾਂ ਜੇ ਕੋਈ ਹੋਰ ਤਰੀਕੇ ਨਾਲ ਪ੍ਰਭੂ-ਮਿਲਾਪ ਦੀ ਗੱਲ ਕਰਦਾ ਹੈ ਤਾਂ ਇਹ ਉਸ ਝੂਠੇ ਮਨੁੱਖ ਦੀ ਝੂਠੀ ਗੱਪ ਹੈ।੩੨।

## ਆਖਣਿ ਜੋਰੁ ਚੁਪੈ ਨਹ ਜੋਰੁ ॥

ਜੀਵ ਦਾ ਚੁੱਪ ਰਹਿਣ ਤੇ ਬੋਲਣ ਵਿੱਚ ਵੀ ਕੋਈ ਇਖਤਿਆਰ ਨਹੀਂ ਹੈ।

## ਜੋਰੁ ਨ ਮੰਗਣਿ ਦੇਣਿ ਨ ਜੋਰੁ ॥

ਨਾ ਹੀ ਮੰਗਣ ਵਿੱਚ ਸਾਡੀ ਮਰਜ਼ੀ ਚਲਦੀ ਹੈ ਨਾ ਦੇਣ ਵਿੱਚ ਹੀ ਜ਼ੋਰ ਚਲਦਾ ਹੈ।

## ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥

ਨਾ ਜਿਉਣਾ ਆਪਣੇ ਵਸ ਵਿੱਚ ਹੈ ਨਾ ਮਰਨ ਵਿੱਚ ਸਾਡਾ ਵਸੀਕਾਰ ਹੈ।

## ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥

ਮਾਇਆ ਅਤੇ ਰਾਜ ਸਤਾ ਜੋ ਮਨ ਵਿੱਚ ਸ਼ੋਰ ਪੈਦਾ ਕਰਨ ਵਾਲੇ ਹਨ, ਇਸ ਨੂੰ ਵੀ ਆਪਣੇ ਯਤਨ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

## ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥

ਪ੍ਰਭੂ ਨਾਲ ਸੁਰਤੀ ਜੋੜਨ ਤੇ ਗਿਆਨ ਵੀਚਾਰ ਕਰਨ ਵਿੱਚ ਵੀ ਜੀਵ ਦਾ ਜ਼ੋਰ ਨਹੀਂ ਚੱਲਦਾ।

## ਜੋਰੁ ਨ ਜੁਗਤੀ ਛੁਟੈ ਸੰਸਾਰੁ ॥

ਉਹ ਜੁਗਤੀ ਵੀ ਆਪਣੇ ਬਲ ਨਾਲ ਪ੍ਰਾਪਤ ਨਹੀਂ ਹੁੰਦੀ ਜਿਸ ਦੁਆਰਾ ਆਵਾਗਵਣ ਦਾ ਚੱਕਰ ਖਤਮ ਹੁੰਦਾ ਹੈ।

## ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥

ਜਿਸ ਪਰਮਾਤਮਾ ਦੇ ਹੱਥ ਵਿੱਚ ਬਲ ਹੈ। ਉਹ ਸਾਰੇ ਸੰਸਾਰ ਦੀ ਰਚਨਾ ਨੂੰ ਬਣਾ ਕੇ ਸਭ ਨੂੰ ਵੇਖਦਾ ਤੇ ਸਭ ਦੀ ਸਾਰ ਸੰਭਾਲ ਕਰਦਾ ਹੈ।

## ਨਾਨਕ ਉਤਮੁ ਨੀਚੁ ਨ ਕੋਇ ॥੩੩॥

ਸਾਹਿਬਾਂ ਦਾ ਫੁਰਮਾਨ ਹੈ, ਆਪਣੇ ਜ਼ੋਰ ਨਾਲ ਨਾ ਕੋਈ ਉੱਤਮ ਤੇ ਨਾ ਹੀ ਕੋਈ ਨੀਚ ਬਣ ਸਕਦਾ ਹੈ।੩੩।

## ਰਾਤੀ ਰੁਤੀ ਥਿਤੀ ਵਾਰ ॥

ਪਰਮਾਤਮਾ ਨੇ ਸ੍ਰਿਸ਼ਟੀ ਦੀ ਕਾਰ ਚਲਾਉਣ ਲਈ, ਰਾਤਾਂ, ਰੁੱਤਾਂ, ਥਿੱਤਾਂ ਤੇ ਵਾਰ ਬਣਾਏ ਹਨ।

## ਪਵਣ ਪਾਣੀ ਅਗਨੀ ਪਾਤਾਲ ॥

ਜੀਵਨ ਸਤਾ ਲਈ ਹਵਾ, ਪਾਣੀ, ਅੱਗ, ਅਕਾਸ਼, ਪਤਾਲ ਬਣਾਏ ਹਨ।

## ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥

ਇਸ ਸਾਰੇ ਪਸਾਰੇ ਅੰਦਰ ਪਰਮਾਤਮਾ ਨੇ ਧਰਤੀ ਨੂੰ ਧਰਮ ਕਮਾਉਣ ਲਈ ਇਸਥਿਤ ਕੀਤਾ ਹੈ।

## ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥

ਇਸ ਧਰਮ ਖੰਡ ਧਰਤੀ ਵਿੱਚ ਅਨੇਕਾਂ ਰੰਗਾਂ ਦੇ ਜੀਵ ਜੰਤ ਅਨੇਕਾਂ ਜੁਗਤੀਆਂ ਨਾਲ ਵੱਸਦੇ ਹਨ।

## ਤਿਨ ਕੇ ਨਾਮ ਅਨੇਕ ਅਨੰਤ ॥

ਉਨ੍ਹਾਂ ਦੇ ਅਨੇਕਾਂ-ਅਨੇਕਾਂ ਨਾਮ ਹਨ, ਜਿਨ੍ਹਾਂ ਦਾ ਪਾਰਾਵਾਰ ਨਹੀਂ।

## ਕਰਮੀ ਕਰਮੀ ਹੋਇ ਵੀਚਾਰੁ ॥

ਹਰੇਕ ਜੀਵ ਦੇ ਕਰਮਾਂ ਦੀ ਰੱਬੀ ਦਰਬਾਰ ਅੰਦਰ ਪੜਤਾਲ ਹੁੰਦੀ ਹੈ।

## ਸਚਾ ਆਪਿ ਸਚਾ ਦਰਬਾਰੁ ॥

ਅਕਾਲ ਪੁਰਖ ਆਪ ਸੱਚਾ ਹੈ ਉਸ ਦਾ ਦਰਬਾਰ ਵੀ ਸੱਚਾ ਹੈ।

## ਤਿਥੈ ਸੋਹਨਿ ਪੰਚ ਪਰਵਾਣੁ ॥

ਸੱਚੇ ਦਰਬਾਰ ਵਿੱਚ ਪ੍ਰਭੂ ਦਰ ਕਬੂਲ ਹੋਏ ਪੰਚ-ਜਨ ਸੋਭਾ ਪਾਉਂਦੇ ਹਨ।

## ਨਦਰੀ ਕਰਮਿ ਪਵੈ ਨੀਸਾਣੁ ॥

ਬਖਸ਼ਿੰਦ ਪ੍ਰਭੂ ਦੀ ਮਿਹਰ ਨਦਰ ਨਾਲ ਉਨ੍ਹਾਂ ਦੇ ਮਸਤਕ ਉੱਪਰ ਪ੍ਰਵਾਨਗੀ ਦਾ ਨਿਸ਼ਾਨ ਪੈਂਦਾ ਹੈ।

## ਕਚ ਪਕਾਈ ਓਥੈ ਪਾਇ ॥

ਕਚਿਆਈ ਤੇ ਪਕਿਆਈ ਦਾ ਪਤਾ-ਭੇਦ ਅਕਾਲ ਪੁਰਖ ਦੇ ਦਰ ਉੱਪਰ ਜਾ ਕੇ ਲੱਗਦਾ ਹੈ।

## ਨਾਨਕ ਗਇਆ ਜਾਪੈ ਜਾਇ ॥੩੪॥

ਸਤਿਗੁਰੂ ਫੁਰਮਾਨ ਕਰਦੇ ਹਨ ਕਿ ਕੱਚੇ-ਪੱਕੇ ਦਾ ਭੇਦ ਉਸ ਦੇ ਦਰ ਤੇ ਜਾ ਕੇ ਹੀ ਖੁਲ੍ਹਦਾ ਹੈ।੩੪।

## ਧਰਮ ਖੰਡ ਕਾ ਏਹੋ ਧਰਮੁ ॥

ਉੱਪਰ ਲਿਖੀ ਪਉੜੀ ਅੰਦਰ ਲਿਖਿਆ ਧਰਮ ਖੰਡ ਦਾ ਵਰਤਾਰਾ ਹੈ।

## ਗਿਆਨ ਖੰਡ ਕਾ ਆਖਹੁ ਕਰਮੁ ॥

ਗਿਆਨ ਖੰਡ ਦਾ ਵਰਤਾਰਾ ਹੇਠ ਅੰਕਿਤ ਕੀਤਾ ਜਾਂਦਾ ਹੈ।

## ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥

ਗਿਆਨ ਖੰਡ ਅੰਦਰ ਅਨੇਕਾਂ ਪ੍ਰਕਾਰ ਦੀਆਂ ਹਵਾਵਾਂ, ਪਾਣੀ ਤੇ ਅਗਨੀਆਂ ਹਨ। ਉਸ ਖੰਡ ਅੰਦਰ ਅਨੇਕਾਂ ਹੀ ਕ੍ਰਿਸ਼ਨ ਤੇ ਸ਼ਿਵਜੀ ਹਨ।

## ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥

ਉਸ ਖੰਡ ਵਿੱਚ ਪ੍ਰਭੂ ਵੱਲੋਂ ਅਨੇਕਾਂ ਪ੍ਰਕਾਰ ਦੇ ਬ੍ਰਹਮੇ ਸਾਜੇ ਜਾਂਦੇ

ਹਨ। ਜਿਨ੍ਹਾਂ ਦੇ ਅਨੇਕਾਂ ਰੂਪ-ਰੰਗ ਤੇ ਭੇਸ ਹਨ।

**ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥**

ਇੱਥੇ ਕਿਤਨੀਆਂ ਹੀ ਕਰਮ ਕਮਾਉਣ ਵਾਲੀਆਂ ਧਰਤੀਆਂ, ਸੁਮੇਰ ਪਰਬਤ, ਧਰੂ ਤੇ ਧਰੂ ਦੇ ਉਪਦੇਸ਼ ਦਾਤਾ ਹਨ।

**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥**

ਇੱਥੇ ਕਿੰਨੇ ਹੀ ਇੰਦ੍ਰ ਰਾਜੇ, ਸੂਰਜ ਤੇ ਚੰਦਰਮਾਂ ਅਤੇ ਅਨੇਕਾਂ ਬ੍ਰਹਿਮੰਡ ਹਨ।

**ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥**

ਇੱਥੇ ਕਿੰਨੇ ਹੀ ਸਿੱਧ ਲੋਕ, ਕਿੰਨੇ ਹੀ ਬੁੱਧ, ਨਾਥ ਤੇ ਦੇਵੀਆਂ ਦੇ ਅਕਾਰ ਹਨ।

**ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥**

ਕਿੰਨੇ ਹੀ ਦੇਵਤੇ, ਰਿਸ਼ੀ ਮੁਨੀ, ਰਾਕਸ਼ ਤੇ ਕਿੰਨੇ ਹੀ ਰਤਨਾਂ ਦੇ ਸਮੁੰਦਰ ਹਨ।

**ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥**

ਸੰਸਾਰ ਉਤਪਤੀ ਦੇ ਸ੍ਰੋਤ, ਕਈ ਪ੍ਰਕਾਰ ਦੀਆਂ ਖਾਣੀਆਂ, ਕਈ ਪ੍ਰਕਾਰ ਦੀਆਂ ਬੋਲੀਆਂ, ਕਿਤਨੇ ਹੀ ਰਾਜੇ ਤੇ ਪਾਤਸ਼ਾਹ ਹਨ।

**ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥**

ਇਸ ਮੰਡਲ ਵਿੱਚ ਬਿਅੰਤ ਸੁਰਤ-ਅਭਿਆਸੀ ਰੂਹਾਂ ਹਨ। ਕਿਤਨੇ ਹੀ ਸੇਵਕ ਭਾਵ ਵਾਲੇ ਹਨ। ਗਿਆਨ ਖੰਡ ਦੇ ਵਰਤਾਰੇ ਦਾ ਕੋਈ ਅੰਤ-ਥਹੁ ਨਹੀਂ ਹੈ।੩੫।

**ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥**

ਗਿਆਨ ਖੰਡ ਵਿੱਚ ਸੁਰਤ ਦਾ ਨਿਵਾਸ ਹੋ ਜਾਣ ਨਾਲ ਅਗਿਆਨਤਾ ਦਾ ਬਿਲਕੁਲ ਅਭਾਵ ਹੋ ਜਾਂਦਾ ਹੈ। ਗਿਆਨ ਪ੍ਰਚੰਡ ਰੂਪ ਵਿੱਚ ਪ੍ਰਬਲ ਹੁੰਦਾ ਹੈ।

## ਤਿਥੈ ਨਾਦ ਬਿਨੋਦ ਕੋਡ ਅਨੰਦੁ ॥

ਇਸ ਅਵਸਥਾ ਵਿੱਚ ਕਰੋੜਾਂ ਆਤਮਿਕ ਚੋਜਾਂ ਦੀਆਂ ਖੁਸ਼ੀਆਂ ਅਤੇ ਸ਼ਬਦ ਧੁਨੀ ਦੇ ਬਿਸਮਾਦੀ ਅਨੰਦ ਪ੍ਰਾਪਤ ਹੁੰਦੇ ਹਨ।

## ਸਰਮ ਖੰਡ ਕੀ ਬਾਣੀ ਰੂਪੁ ॥

ਸਰਮ ਖੰਡ ਦੀ ਦੈਵੀ ਬਣਤਰ ਨਿਰਾ ਨੂਰ ਹੀ ਨੂਰ ਹੈ।

## ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥

ਸਰਮ ਖੰਡ ਦੀ ਅਵਸਥਾ ਵਿੱਚ ਆਤਮਾ ਦੀ ਘਾੜਤ ਬਹੁਤ ਹੀ ਅਨੂਪ ਤੇ ਸੁੰਦਰ ਘੜੀ ਜਾਂਦੀ ਹੈ।

## ਤਾ ਕੀਆ ਗਲਾ ਕਥੀਆ ਨਾ ਜਾਹਿ ॥

ਸਰਮ ਖੰਡ ਦੀਆਂ ਅਦਭੁਤ ਗੱਲਾਂ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ।

## ਜੇ ਕੋ ਕਹੈ ਪਿਛੈ ਪਛੁਤਾਇ ॥

ਜੇ ਕੋਈ ਸਰਮ ਖੰਡ ਦੀ ਅਵਸਥਾ ਪ੍ਰਤੀ ਕਹੇ, ਉਸ ਨੂੰ ਪਿਛੋਂ ਪਛਤਾਉਣਾ ਪੈਂਦਾ ਹੈ।

## ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥

ਉਸ ਅਵਸਥਾ ਵਿੱਚ ਜਗਿਆਸੂ ਦੀ ਸੁਰਤ, ਮਤ, ਮਨ ਤੇ ਬੁੱਧੀ ਅਨੂਪਮ ਸੁੰਦਰਤਾ ਵਿੱਚ ਘੜੀ ਜਾਂਦੀ ਹੈ।

## ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥

ਸਰਮ ਖੰਡ ਦੀ ਅਵਸਥਾਂ ਵਿੱਚ, ਦੇਵਤਿਆਂ ਤੇ ਸਿੱਧਾਂ ਵਾਲੀ ਸ੍ਰੇਸ਼ਟ ਸੋਝੀ ਪ੍ਰਾਪਤ ਹੁੰਦੀ ਹੈ।੩੬।

## ਕਰਮ ਖੰਡ ਕੀ ਬਾਣੀ ਜੋਰੁ ॥

ਬਖਸ਼ਿਸ਼ ਪ੍ਰਾਪਤ ਖੰਡ ਦੀ ਬਾਣੀ ਬਹੁਤ ਸ਼ਕਤੀਸ਼ਾਲੀ ਹੈ।

**ਤਿਥੈ ਹੋਰੁ ਨ ਕੋਈ ਹੋਰੁ ॥**

ਉਥੇ ਕੇਵਲ ਬਖਸ਼ਿਸ਼ ਪ੍ਰਾਪਤ ਸ਼ਕਤੀਸ਼ਾਲੀ ਆਤਮ-ਬਲੀ ਹੀ ਰਹਿੰਦੇ ਹਨ।

**ਤਿਥੈ ਜੋਧ ਮਹਾ ਬਲ ਸੂਰ ॥**

ਉਥੇ ਆਤਮ ਜੇਤੂ-ਜੋਧੇ, ਮਹਾਂਬਲੀ-ਸੂਰਮੇ ਹੀ ਨਿਵਾਸ ਕਰਦੇ ਹਨ।

**ਤਿਨ ਮਹਿ ਰਾਮੁ ਰਹਿਆ ਭਰਪੂਰ ॥**

ਉਨ੍ਹਾਂ ਆਤਮ-ਜੇਤੂਆਂ ਦੇ ਰੋਮ-ਰੋਮ ਵਿੱਚ ਪਰਮਾਤਮਾ ਨਿਵਾਸ ਕਰਦਾ ਹੈ।

**ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥**

ਉਨ੍ਹਾਂ ਦਾ ਮਨ ਹਮੇਸ਼ਾ ਪਰਮਾਤਮਾ ਦੀ ਸਿਫਤ-ਸਲਾਹ ਅੰਦਰ ਸੀਤਾ ਰਹਿੰਦਾ ਹੈ।

**ਤਾ ਕੇ ਰੂਪ ਨ ਕਥਨੇ ਜਾਹਿ ॥**

ਉਨ੍ਹਾਂ ਦੇ ਦਿੱਬ ਸਰੂਪਾਂ ਦਾ ਕਥਨ ਨਹੀਂ ਕੀਤਾ ਜਾ ਸਕਦਾ।

**ਨਾ ਓਹਿ ਮਰਹਿ ਨ ਠਾਗੇ ਜਾਹਿ ॥**

ਉਹ ਨਾ ਮਰਦੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਠੱਗ ਸਕਦਾ ਹੈ।

**ਜਿਨ ਕੈ ਰਾਮੁ ਵਸੈ ਮਨ ਮਾਹਿ ॥**

ਜਿਨ੍ਹਾਂ ਦੇ ਹਿਰਦੇ ਅੰਦਰ ਸਰਬ ਬਿਆਪੀ ਪਰਮਾਤਮਾ ਵੱਸ ਜਾਂਦਾ ਹੈ,

**ਤਿਥੈ ਭਗਤ ਵਸਹਿ ਕੇ ਲੋਅ ॥**

ਕਰਮ ਖੰਡ ਵਿੱਚ ਅਨੇਕਾਂ ਬ੍ਰਹਿਮੰਡਾਂ ਦੇ ਭਗਤ ਨਿਵਾਸ ਕਰਦੇ ਹਨ।

**ਕਰਹਿ ਅਨੰਦੁ ਸਚਾ ਮਨਿ ਸੋਇ ॥**

ਉਹ ਹਮੇਸ਼ਾ ਆਤਮਿਕ ਅਨੰਦ ਮਾਣਦੇ ਹਨ ਕਿਉਂਕਿ ਉਨ੍ਹਾਂ ਦੇ ਹਿਰਦੇ ਵਿਖੇ ਸੱਚੇ ਪਰਮਾਤਮਾ ਦਾ ਨਿਵਾਸ ਹੁੰਦਾ ਹੈ।

**ਸਚ ਖੰਡਿ ਵਸੈ ਨਿਰੰਕਾਰੁ ॥**

ਸਚਖੰਡ ਵਿਖੇ ਆਪ ਨਿਰੰਕਾਰ ਵਸਦਾ ਹੈ।

## ਕਰਿ ਕਰਿ ਵੇਖੈ ਨਦਰਿ ਨਿਹਾਲ ॥

ਨਿਰੰਕਾਰ ਸ੍ਰਿਸ਼ਟੀ ਨੂੰ ਪੈਦਾ ਕਰਕੇ ਆਪਣੀ ਮਿਹਰ ਦ੍ਰਿਸ਼ਟੀ ਨਾਲ ਸਭ ਦੀ ਸੰਭਾਲ ਕਰਦਾ ਹੈ।

## ਤਿਥੈ ਖੰਡ ਮੰਡਲ ਵਰਭੰਡ ॥

ਸਚਖੰਡ ਵਿੱਚ ਪੁੱਜੀਆਂ ਆਤਮਾਂਵਾਂ ਨੂੰ ਪ੍ਰਭੂ ਦੇ ਵੈਰਾਟ ਰੂਪ ਵਿੱਚ ਅਨੇਕਾਂ ਖੰਡ, ਮੰਡਲ, ਬ੍ਰਹਿਮੰਡ ਦ੍ਰਿਸ਼ਟੀ ਆਉਂਦੇ ਹਨ।

## ਜੇ ਕੋ ਕਥੈ ਤ ਅੰਤ ਨ ਅੰਤ ॥

ਜੇ ਕੋਈ ਇਨ੍ਹਾਂ ਦਾ ਕਥਨ ਕਰੇ, ਤਦ ਉਸ ਨੂੰ ਇਨ੍ਹਾਂ ਦਾ ਹੱਦ-ਬੰਨਾ ਨਹੀਂ ਲੱਭਦਾ।

## ਤਿਥੈ ਲੋਅ ਲੋਅ ਆਕਾਰ ॥

ਸਚਖੰਡ ਵਿੱਚ ਕਈ ਦਿੱਬ-ਲੋਕ ਤੇ ਅਕਾਰ ਦਿਸਦੇ ਹਨ।

## ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥

ਜਿਵੇਂ ਜਿਵੇਂ ਕਰਤਾਰ ਦਾ ਹੁਕਮ ਹੁੰਦਾ ਹੈ ਤਿਵੇਂ ਤਿਵੇਂ ਸੰਸਾਰ ਦੀ ਕਾਰ ਚਲਦੀ ਹੈ।

## ਵੇਖੈ ਵਿਗਸੈ ਕਰਿ ਵੀਚਾਰੁ ॥

ਨਿਰੰਕਾਰ ਆਪਣੀ ਕ੍ਰਿਤ ਨੂੰ ਵੇਖ ਕੇ ਵੀਚਾਰ ਕਰਦਾ ਤੇ ਵਿਗਸਦਾ ਹੈ।

## ਨਾਨਕ ਕਥਨਾ ਕਰੜਾ ਸਾਰੁ[੧] ॥੩੭॥

ਸਤਿਗੁਰੂ ਨਾਨਕ ਪਾਤਸ਼ਾਹ ਫੁਰਮਾਨ ਕਰਦੇ ਹਨ, ਕਿ ਸਚਖੰਡ ਦਾ ਤੇ ਸਚਖੰਡ ਵਿੱਚ ਪੁੱਜੀਆਂ ਆਤਮਾਂਵਾਂ ਦਾ ਕਥਨ ਕਰਨਾ ਬਹੁਤ ਔਖਾ ਹੈ।੩੭।

## ਜਤੁ ਪਾਹਾਰਾ ਧੀਰਜੁ ਸੁਨਿਆਰੁ ॥

ਪਰਮਾਤਮਾ ਦੀ ਮਿਹਰ ਪ੍ਰਾਪਤ ਕਰਨ ਵਾਸਤੇ ਅਤੇ ਇੰਦ੍ਰਿਆਂ ਉੱਪਰ

---

੧. ਲੋਹਾ ਚੱਬਣ ਸਮਾਨ (ਭਾਵ ਬਹੁਤ ਔਖਾ)

ਕਾਬੂ ਪਾਉਣ ਲਈ ਸ਼ੁਭ ਆਚਰਣ ਨੂੰ ਭੱਠੀ ਬਣਾਉ। ਜੀਵਨ ਸਵਾਰਨ ਲਈ ਧੀਰਜ ਨੂੰ ਸੁਨਿਆਰਾ ਬਣਾਉ।

**ਅਹਰਣਿ ਮਤਿ ਵੇਦੁ ਹਥੀਆਰੁ ॥**

ਅਚੱਲ-ਮਤ ਨੂੰ ਅਹਿਰਣ ਅਤੇ ਗੁਰੂ ਦੇ ਗਿਆਨ ਨੂੰ ਹਥੌੜਾ ਬਣਾਵੋ।

**ਭਉ ਖਲਾ ਅਗਨਿ ਤਪ ਤਾਉ ॥**

ਪਰਮਾਤਮਾ ਦਾ ਭੈਅ ਧੌਂਕਣੀ ਹੋਵੇ, ਘਾਲ ਕਮਾਈ ਨੂੰ ਅੱਗ ਬਣਾਉ।

**ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥**

ਪਿਆਰ ਦੀ ਕੁਠਾਲੀ ਵਿੱਚ ਅੰਮ੍ਰਿਤ ਰੂਪੀ ਨਾਮ ਢਾਲ ਕੇ ਪਾਉ।

**ਘੜੀਐ ਸਬਦੁ ਸਚੀ ਟਕਸਾਲ ॥**

ਇਸ ਤਰ੍ਹਾਂ ਗੁਰੂ ਦੇ ਸ਼ਬਦ ਦੀ ਟਕਸਾਲ ਵਿੱਚ ਮਨ ਘੜਿਆ ਜਾਂਦਾ ਹੈ।

**ਜਿਨ ਕਉ ਨਦਰਿ ਕਰਮੁ ਤਿਨ ਕਾਰ ॥**

ਜਿਨ੍ਹਾਂ ਵਡਭਾਗੀਆਂ ਉੱਪਰ ਪਰਮਾਤਮਾ ਦੀ ਮਿਹਰ ਹੁੰਦੀ ਹੈ, ਉਨ੍ਹਾਂ ਨੂੰ ਅਜਿਹਾ ਸਚਿਆਰ ਜੀਵਨ ਘੜਨ ਦੀ ਕਾਰ ਪ੍ਰਾਪਤ ਹੁੰਦੀ ਹੈ,

**ਨਾਨਕ ਨਦਰੀ ਨਦਰਿ ਨਿਹਾਲ ॥੩੮॥**

ਜਿਨ੍ਹਾਂ ਦਾ ਜੀਵਨ ਸ਼ਬਦ ਦੀ ਟਕਸਾਲ ਵਿੱਚ ਘੜਿਆ ਜਾਂਦਾ ਹੈ, ਉਹ ਪਰਮਾਤਮਾ ਦੀ ਕ੍ਰਿਪਾ ਨਾਲ ਨਿਹਾਲ ਹੋ ਜਾਂਦੇ ਹਨ।

**ਸਲੋਕੁ ॥**

ਛੰਦ ਦੀ ਕਿਸਮ

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**

ਜਿਵੇਂ ਸਰੀਰਕ ਜੀਵਨ ਲਈ ਹਵਾ ਗੌਰਵ-ਮਈ, ਪਾਣੀ ਪਿਤਾ ਸਮਾਨ ਤੇ ਧਰਤੀ ਮਾਤਾ ਸਮਾਨ, ਸਭ ਦੀ ਪਰਵਰਿਸ਼ ਕਰਦੀ ਹੈ ਤਿਵੇਂ ਆਤਮਿਕ ਜੀਵਨ ਲਈ ਪਉਣ ਸ਼ਬਦ-ਗੁਰੂ ਦੀ ਅਗਵਾਈ, ਪਰਮਾਤਮਾ

ਦੇ ਨਾਮ ਦਾ ਜਾਪ, ਪਾਣੀ ਸਮਾਨ ਅਤੇ ਧਰਤੀ ਵਾਂਗ ਧੀਰਜ ਰੱਖਣਾ ਅੱਤ ਮਹੱਤਵਪੂਰਨ ਹੈ।

## ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥

ਸੰਸਾਰ ਦੀ ਖੇਡ ਚਲਾਉਣ ਲਈ ਪਰਮਾਤਮਾਂ ਨੇ ਦਿਨ ਅਤੇ ਰਾਤ [੧]ਦਾਈ ਤੇ [੨]ਦਾਇਆ ਸਮਾਨ ਬਣਾਏ ਹਨ। ਜਿਨ੍ਹਾਂ ਦੀ ਗੋਦ ਵਿੱਚ ਸਾਰਾ ਸੰਸਾਰ ਜੀਵਨ-ਖੇਡ ਖੇਲ ਰਿਹਾ ਹੈ।

## ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥

ਜੀਵ ਦੀ ਜੀਵਨ-ਖੇਡ ਦੇ ਚੰਗੇ-ਮਾੜੇ ਕਰਮ, ਧਰਮ ਨਿਆਉ ਅਧੀਨ ਧਰਮਰਾਜਾ ਆਪਣੀ ਹਾਜ਼ਰੀ ਅੰਦਰ ਘੋਖਦਾ ਹੈ।

## ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥

ਆਪੋ ਆਪਣੇ ਕੀਤੇ ਕਰਮਾਂ ਅਨੁਸਾਰ ਕੋਈ ਜੀਵ ਪਰਮਾਤਮਾ ਦੇ ਨੇੜੇ ਹੋ ਜਾਂਦੇ ਹਨ। ਕੋਈ ਮਾੜੇ ਕਰਮਾਂ ਦੀ ਬਦੌਲਤ ਪਰਮਾਤਮਾ ਤੋਂ ਦੂਰ ਹੋ ਕੇ ਜੂਨਾਂ ਦੇ ਚੱਕਰ ਭੋਗਦੇ ਹਨ।

## ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥

ਜਿਨ੍ਹਾਂ ਗੁਰੂ ਪਿਆਰਿਆ ਨੇ ਨਾਮ ਜਪ ਦੀ ਅਟੁੱਟ ਘਾਲ ਕੀਤੀ ਉਹ ਪ੍ਰਭੂ ਦਰ ਵਿੱਚ ਪ੍ਰਵਾਨ ਹੋ ਗਏ।

## ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥

ਸਤਿਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ ਕਿ ਨਾਮ ਦੀ ਘਾਲ ਕਰਨ ਵਾਲਿਆਂ ਦਾ ਪ੍ਰਭੂ ਦਰਗਾਹ ਵਿੱਚ ਮੁੱਖ ਉੱਜਲਾ ਹੁੰਦਾ ਹੈ। ਉਨ੍ਹਾਂ ਦੀ ਸੰਗਤ ਕਰਕੇ ਹੋਰ ਅਨੇਕਾਂ ਦੀ ਬੰਦ-ਖਲਾਸੀ ਹੋ ਜਾਂਦੀ ਹੈ।੧।

---

੧. ਖਿਡਾਉਣ ਵਾਲੀ (ਖਿਡਾਵੀ) ੨. ਖਿਡਾਵਾ

# ਜਾਪੁ ਸਾਹਿਬ

## ੧ਓ ਸਤਿਗੁਰ ਪ੍ਰਸਾਦਿ ॥

ਪਰਮਾਤਮਾ ਇੱਕ ਹੈ। ਸਾਰਾ ਦ੍ਰਿਸ਼ਟ-ਅਦ੍ਰਿਸ਼ਟ ਪਸਾਰਾ ਉਸ ਦਾ ਹੀ ਹੈ। ਉਸ ਦੀ ਪ੍ਰਾਪਤੀ ਗੁਰੂ ਦੀ ਮਿਹਰ ਨਾਲ ਹੁੰਦੀ ਹੈ।

## ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਸਰਬ ਸ਼੍ਰੋਮਣੀ ਵਾਹਿਗੁਰੂ ਜੀ ਦੀ ਹੀ ਸਰਬ ਕਾਲ ਜਿੱਤ ਹੁੰਦੀ ਹੈ।

## ਜਾਪੁ ॥

ਬਾਣੀ ਦਾ ਨਾਮ।

## ਸ੍ਰੀ ਮੁਖਵਾਕ ਪਾਤਿਸਾਹੀ ੧੦ ॥

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਮੁਖਾਰਬਿੰਦ ਤੋਂ ਉਚਾਰਣ ਕੀਤੀ ਹੋਈ ਬਾਣੀ।

## ਛਪੈ ਛੰਦ ॥

ਛੇ ਚਰਣਾਂ ਵਾਲਾ ਛੰਦ।

## ਤ੍ਵ ਪ੍ਰਸਾਦਿ ॥

ਤੇਰੀ ਕ੍ਰਿਪਾ ਨਾਲ ਕਥਨ ਕਰਦਾ ਹਾਂ।

**ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥**

ਜਿਸ ਦਾ ਕੋਈ ਵਿਸ਼ੇਸ਼ ਚੱਕ੍ਰ ਚਿਹਨ, ਮੁਹਾਂਦਰਾ, ਰੰਗ, ਜਾਤ-ਗੋਤ ਨਹੀਂ ਹੈ।

**ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥**

ਜਿਸ ਦਾ ਰੂਪ-ਰੰਗ, ਵੇਸ-ਭੇਸ ਤੇ ਮਸਤਕ ਰੇਖਾ ਕੋਈ ਦੱਸ ਨਹੀਂ ਸਕਦਾ ਕਿ ਉਹ ਕਿਹੋ ਜਿਹਾ ਹੈ।

**ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ ॥**

ਉਹ ਥਿਰ ਹੋਂਦ ਹਸਤੀ ਵਾਲਾ ਸੁਤੇ ਪ੍ਰਕਾਸ਼ਮਾਨ ਅਤੇ ਅਸੀਮ ਬਲ ਵਾਲਾ ਕਿਹਾ ਜਾਂਦਾ ਹੈ।

**ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ ॥**

ਕ੍ਰੋੜਾਂ ਇੰਦ੍ਰਾਂ ਦਾ ਰਾਜਾ ਤੇ ਸ਼ਾਹਾਂ ਦਾ ਪਾਤਸ਼ਾਹ ਮੰਨਿਆ ਜਾਂਦਾ ਹੈ।

**ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥**

ਤਿੰਨਾਂ ਭਵਨਾਂ ਦੇ ਰਾਜੇ ਦੇਵਤੇ ਮਨੁੱਖ ਅਤੇ ਰਾਖਸ਼ ਇੱਥੋਂ ਤੱਕ ਕਿ ਸਾਰੀ ਬਨਸਪਤੀ ਦਾ ਤੀਲਾ ਤੀਲਾ ਉਸਨੂੰ ਬੇਅੰਤ ਬੇਅੰਤ ਆਖਦੇ ਹਨ।

**ਤਵ ਸਰਬ ਨਾਮੁ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ॥੧॥**

ਤੁਹਾਡੇ ਸਮੁੱਚੇ ਨਾਮ ਕੌਣ ਵਰਨਣ ਕਰ ਸਕਦਾ ਹੈ? ਕੇਵਲ ਤੁਹਾਡੀ ਬਖਸ਼ਿਸ਼ ਕੀਤੀ ਸ੍ਰੇਸ਼ਟ ਮੱਤ ਨਾਲ ਹੀ ਕੋਈ ਤੁਹਾਡੇ ਕਰਮ ਨਾਮ ਕਥਨ ਕਰ ਸਕਦਾ ਹੈ।੧।

***ਭੁਜੰਗ ਪ੍ਰਯਾਤ ਛੰਦ ॥***

ਛੰਦ ਦੀ ਇੱਕ ਕਿਸਮ ।

**ਨਮਸਤ੍ਵੰ ਅਕਾਲੇ ॥ ਨਮਸਤ੍ਵੰ ਕ੍ਰਿਪਾਲੇ ॥**

ਹੇ ਕਾਲ ਤੋਂ ਰਹਿਤ! ਤੈਨੂੰ ਨਮਸ਼ਕਾਰ ਹੈ। ਹੇ ਕ੍ਰਿਪਾ ਦੇ ਪੁੰਜ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਅਰੂਪੇ ॥ ਨਮਸਤੰ ਅਨੂਪੇ ॥੨॥**

ਹੇ ਰੂਪ ਰਹਿਤ ਪ੍ਰਭੂ! ਤੈਨੂੰ ਨਮਸ਼ਕਾਰ ਹੈ।ਹੇ ਉਪਮਾ ਰਹਿਤ ਹਰੀ! ਤੈਨੂੰ ਨਮਸ਼ਕਾਰ ਹੈ।੨।

## ਨਮਸਤੰ ਅਭੇਖੇ ॥ ਨਮਸਤੰ ਅਲੇਖੇ ॥

ਹੇ ਭੇਖ ਰਹਿਤ ਪ੍ਰਭੂ! ਤੈਨੂੰ ਨਮਸ਼ਕਾਰ ਹੈ। ਕਿਸੇ ਲੇਖੇ ਵਿੱਚ ਨਾ ਆਉਣ ਵਾਲੇ ਪਰਮਾਤਮਾ! ਤੈਨੂੰ ਨਮਸ਼ਕਾਰ ਹੈ।

## ਨਮਸਤੰ ਅਕਾਏ ॥ ਨਮਸਤੰ ਅਜਾਏ ॥੩॥

ਹੇ ਸਰੀਰ ਰਹਿਤ ਪ੍ਰਭੂ! ਤੈਨੂੰ ਨਮਸ਼ਕਾਰ ਹੈ। ਹੇ ਜੂਨ-ਜਨਮ ਤੋਂ ਰਹਿਤ ਪ੍ਰਭੂ! ਤੈਨੂੰ ਨਮਸ਼ਕਾਰ ਹੈ।

## ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥

ਹੇ ਅਬਿਨਾਸੀ ਤੇ ਭੱਜਣ ਟੁੱਟਣ ਤੋਂ ਮੁਕਤ ਪ੍ਰਭੂ! ਤੈਨੂੰ ਨਮਸ਼ਕਾਰ ਹੈ।

## ਨਮਸਤੰ ਅਨਾਮੇ ॥ ਨਮਸਤੰ ਅਠਾਮੇ ॥੪॥

ਕਿਸੇ ਵਿਸ਼ੇਸ਼ ਨਾਮ ਤੋਂ ਰਹਿਤ ਤੇ ਵਿਸ਼ੇਸ਼ ਸਥਾਨ ਤੋਂ ਮੁਕਤ ਪ੍ਰਭੂ! ਤੈਨੂੰ ਨਮਸ਼ਕਾਰ ਹੈ।

## ਨਮਸਤੰ ਅਕਰਮੰ ॥ ਨਮਸਤੰ ਅਧਰਮੰ ॥

ਹੇ ਕਰਮ ਬੰਧਨਾਂ ਤੋਂ ਮੁਕਤ ਤੇ ਵਿਸ਼ੇਸ਼ ਧਰਮ ਧਾਰਨ ਤੋਂ ਬੇਮੁਹਤਾਜ਼ ਪ੍ਰਭੂ! ਤੈਨੂੰ ਨਮਸ਼ਕਾਰ ਹੈ।

## ਨਮਸਤੰ ਅਨਾਮੰ ॥ ਨਮਸਤੰ ਅਧਾਮੰ ॥੫॥

ਹੇ ਵਿਸ਼ੇਸ਼ ਨਾਮ ਤੋਂ ਰਹਿਤ ਤੇ ਵਿਸ਼ੇਸ਼ ਘਰ ਤੋਂ ਰਹਿਤ ਪ੍ਰਭੂ! ਤੈਨੂੰ ਨਮਸ਼ਕਾਰ ਹੈ।

## ਨਮਸਤੰ ਅਜੀਤੇ ॥ ਨਮਸਤੰ ਅਭੀਤੇ ॥

ਹੇ ਅਜਿੱਤ ਤੇ ਭਉ ਰਹਿਤ ਪਰਮਾਤਮਾ! ਤੈਨੂੰ ਨਮਸ਼ਕਾਰ ਹੈ।

## ਨਮਸਤੰ ਅਬਾਹੇ ॥ ਨਮਸਤੰ ਅਢਾਹੇ ॥੬॥

ਹੇ ਅਚੱਲ ਤੇ ਨਾ ਡੇਗੇ ਜਾਣ ਯੋਗ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਅਨੀਲੇ ॥ ਨਮਸਤੰ ਅਨਾਦੇ ॥**

ਹੇ ਰੂਪ ਰੰਗ ਤੋਂ ਨਿਆਰੇ, ਆਦਿ ਰਹਿਤ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਅਛੇਦੇ ॥ ਨਮਸਤੰ ਅਗਾਧੇ ॥੭॥**

ਹੇ ਨਾ ਛੇਦੇ ਜਾ ਸਕਣ ਵਾਲੇ ਅਥਾਹ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥**

ਹੇ ਨਾਸ਼ ਰਹਿਤ ਤੇ ਨਾ ਟੁੱਟਣ-ਭੱਜਣ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਉਦਾਰੇ ॥ ਨਮਸਤੰ ਅਪਾਰੇ ॥੮॥**

ਹੇ ਉਦਾਰ ਸੁਭਾਅ ਵਾਲੇ ਤੇ ਪਾਰਾਵਾਰ ਤੋਂ ਰਹਿਤ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਸੁ ਏਕੈ ॥ ਨਮਸਤੰ ਅਨੇਕੈ ॥**

ਇੱਕੋ ਇੱਕ ਰੂਪ ਵਾਲੇ ਅਤੇ ਅਨੇਕਾਂ ਰੂਪਾਂ ਵਾਲੇ ਪਰਮਾਤਮਾ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਅਭੂਤੇ ॥ ਨਮਸਤੰ ਅਜੂਪੇ ॥੯॥**

ਹੇ ਪੰਜਾਂ ਤੱਤਾਂ ਤੋਂ ਰਹਿਤ ਤੇ ਬੰਧਨਾਂ ਤੋਂ ਮੁਕਤ ਪ੍ਰਭੂ ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਨ੍ਰਿਕਰਮੇ ॥ ਨਮਸਤੰ ਨ੍ਰਿਭਰਮੇ ॥**

ਹੇ ਕਰਮ ਬੰਧਨਾਂ ਤੋਂ ਮੁਕਤ ਤੇ ਭਰਮ ਰਹਿਤ ਵਾਹਿਗੁਰੂ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਨ੍ਰਿਦੇਸੇ ॥ ਨਮਸਤੰ ਨ੍ਰਿਭੇਸੇ ॥੧੦॥**

ਖਾਸ ਦੇਸ਼ ਤੇ ਕਿਸੇ ਖਾਸ ਭੇਸ ਤੋਂ ਰਹਿਤ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਨ੍ਰਿਨਾਮੇ ॥ ਨਮਸਤੰ ਨ੍ਰਿਕਾਮੇ ॥**

ਨਾਮ ਰਹਿਤ ਤੇ ਕਾਮਨਾ ਰਹਿਤ ਪਰਮਾਤਮਾ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਨ੍ਰਿਧਾਤੇ ॥ ਨਮਸਤੰ ਨ੍ਰਿਘਾਤੇ ॥੧੧॥**

ਹੇ ਤੱਤਾਂ ਤੋਂ ਰਹਿਤ ਤੇ ਨਾਸ਼ ਤੋਂ ਰਹਿਤ ਮਾਲਕ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਨ੍ਰਿਧੂਤੇ ॥ ਨਮਸਤੰ ਅਭੂਤੇ ॥**

ਹੇ ਅਚੱਲ-ਅਡੋਲ ਤੇ ਪੰਜਾਂ ਤੱਤਾਂ ਦੀ ਬਣਤਰ ਤੋਂ ਰਹਿਤ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਅਲੋਕੇ ॥ ਨਮਸਤੰ ਅਸੋਕੇ ॥੧੨॥**

ਹੇ ਅਦ੍ਰਿਸ਼ਟ ਤੇ ਸੋਗ ਰਹਿਤ ਪਰਮਾਤਮਾ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਨ੍ਰਿਤਾਪੇ ॥ ਨਮਸਤੰ ਅਥਾਪੇ ॥**

ਹੇ ਤਾਪ-ਸੰਤਾਪ ਰਹਿਤ ਤੇ ਸਥਾਪਤ ਕੀਤੇ ਜਾਣ ਤੋਂ ਮੁਕਤ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਤ੍ਰਿਮਾਨੇ ॥ ਨਮਸਤੰ ਨਿਧਾਨੇ ॥੧੩॥**

ਹੇ ਤਿੰਨਾਂ ਕਾਲਾਂ ਤੇ ਤਿੰਨਾਂ ਲੋਕਾਂ ਵਿੱਚ ਮੰਨੇ ਜਾਣ ਵਾਲੇ ਸਰਬ ਭੰਡਾਰਿਆਂ ਦੇ ਮਾਲਕ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਅਗਾਹੇ ॥ ਨਮਸਤੰ ਅਬਾਹੇ ॥**

ਹੇ ਅਥਾਹ ਅਤੇ ਅਚੱਲ ਪਰਮਾਤਮਾ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਤ੍ਰਿਬਰਗੇ ॥ ਨਮਸਤੰ ਅਸਰਗੇ ॥੧੪॥**

ਹੇ ਤਿੰਨਾਂ ਗੁਣਾਂ ਵਿੱਚ ਵਿਆਪਕ ਤੇ ਸਿਰਜਣਾ ਤੋਂ ਰਹਿਤ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਪ੍ਰਭੋਗੇ ॥ ਨਮਸਤੰ ਸੁਜੋਗੇ ॥**

ਹੇ ਸਭਨਾਂ ਨੂੰ ਭੋਗਣ ਵਾਲੇ ਤੇ ਸਾਰਿਆਂ ਵਿੱਚ ਰਮੇ ਹੋਏ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਅਰੰਗੇ ॥ ਨਮਸਤੰ ਅਭੰਗੇ ॥੧੫॥**

ਹੇ ਰੂਪ-ਰੰਗ ਰਹਿਤ ਤੇ ਅਟੁੱਟ ਪਰਮਾਤਮਾ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਅਗੰਮੇ ॥ ਨਮਸਤਸਤੁ ਰੰਮੇ ॥**

ਹੇ ਪਹੁੰਚ ਤੋਂ ਪਰੇ ਤੇ ਸੁੰਦਰ ਸਰੂਪ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਜਲਾਸਰੇ ॥ ਨਮਸਤੰ ਨਿਰਾਸਰੇ ॥੧੬॥**

ਹੇ ਸਮੁੰਦਰ ਸਰੂਪ ਤੇ ਆਸਰੇ ਤੋਂ ਰਹਿਤ ਪਰਮਾਤਮਾ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਅਜਾਤੇ ॥ ਨਮਸਤੰ ਅਪਾਤੇ ॥**

ਹੇ ਜਾਤੀ ਤੇ ਗੋਤ-ਬਰਾਦਰੀ ਤੋਂ ਅਲੇਪ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਅਮਜਬੇ ॥ ਨਮਸਤਸਤੁ ਅਜਬੇ ॥੧੭॥**

ਹੇ ਮਜ਼ਹਬ ਰਹਿਤ ਤੇ ਅਸਚਰਜ ਸਰੂਪ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਅਦੇਸੰ ਅਦੇਸੇ ॥ ਨਮਸਤੰ ਅਭੇਸੇ ॥**

ਹੇ ਦੇਸ਼ ਰਹਿਤ ਤੇ ਭੇਖ ਰਹਿਤ ਪਰਮਾਤਮਾ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਨ੍ਰਿਧਾਮੇ ॥ ਨਮਸਤੰ ਨ੍ਰਿਬਾਮੇ ॥੧੮॥**

ਹੇ ਠਿਕਾਣਾ ਰਹਿਤ ਤੇ ਮਾਇਆ ਤੋਂ ਨਿਰਲੇਪ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਸਰਬ ਕਾਲੇ ॥ ਨਮੋ ਸਰਬ ਦਿਆਲੇ ॥**

ਸਭਨਾਂ ਦਾ ਨਾਸ ਕਰਨ ਵਾਲੇ ਤੇ ਸਭਨਾਂ ਤੇ ਦਇਆ ਕਰਨ ਵਾਲੇ ਪ੍ਰਭੂ!

ਤੈਨੂੰ ਨਮਸ਼ਕਾਰ ਹੈ।

**ਨਮੋ ਸਰਬ ਰੂਪੇ ॥ ਨਮੋ ਸਰਬ ਭੂਪੇ ॥੧੯॥**

ਹੇ ਸਾਰਿਆਂ ਰੂਪਾਂ ਵਾਲੇ ਤੇ ਸਾਰਿਆਂ ਦੇ ਮਾਲਕ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਸਰਬ ਖਾਪੇ ॥ ਨਮੋ ਸਰਬ ਥਾਪੇ ॥**

ਹੇ ਸਾਰਿਆਂ ਦਾ ਵਿਨਾਸ਼ ਤੇ ਸਾਰਿਆਂ ਨੂੰ ਸਥਾਪਿਤ ਕਰਨ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਸਰਬ ਕਾਲੇ ॥ ਨਮੋ ਸਰਬ ਪਾਲੇ ॥੨੦॥**

ਸਾਰਿਆਂ ਦੇ ਨਾਸ਼ ਕਰਤਾ ਤੇ ਸਭਨਾਂ ਦੇ ਪਾਲਕ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮਸਤਸਤੁ ਦੇਵੈ ॥ ਨਮਸਤੰ ਅਭੇਵੈ ॥**

ਹੇ ਪ੍ਰਕਾਸ਼ ਸਰੂਪ ਤੇ ਭੇਦ ਰਹਿਤ ਵਾਹਿਗੁਰੂ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਅਜਨਮੇ ॥ ਨਮਸਤੰ ਸੁਬਨਮੇ ॥੨੧॥**

ਹੇ ਜਨਮ ਰਹਿਤ ਤੇ ਸੰਸਾਰ ਰੂਪ ਸੰਤਾਨ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਸਰਬ ਗਉਨੇ ॥ ਨਮੋ ਸਰਬ ਭਉਨੇ ॥**

ਸਾਰੇ ਥਾਂਵਾਂ ਵਿੱਚ ਵਿਚਰਨ ਵਾਲੇ ਤੇ ਸਾਰੇ ਭਵਨਾਂ ਵਿੱਚ ਬਿਆਪਕ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਸਰਬ ਰੰਗੇ ॥ ਨਮੋ ਸਰਬ ਭੰਗੇ ॥੨੨॥**

ਸਭਨਾਂ ਰੂਪਾਂ ਰੰਗਾਂ ਵਿੱਚ ਵਿਆਪਕ ਤੇ ਸਾਰਿਆਂ ਦਾ ਨਾਸ਼ ਕਰਨ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਕਾਲ ਕਾਲੇ ॥ ਨਮਸਤਸਤੁ ਦਿਆਲੇ ॥**

ਹੇ ਕਾਲ ਦੇ ਮਹਾਂਕਾਲ ਤੇ ਸਭਨਾਂ ਉੱਪਰ ਰਹਿਮਤ ਕਰਨ ਵਾਲੇ ਮਾਲਕ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਅਬਰਨੇ ॥ ਨਮਸਤੰ ਅਮਰਨੇ ॥੨੩॥**

ਹੇ ਕਹਿਣੀ ਕਥਨੀ ਤੋਂ ਪਰੇ ਤੇ ਅਮਰ ਪਰਮਾਤਮਾ! ਤੈਨੂੰ ਨਮਸ਼ਕਾਰ ਹੈ।

**ਨਮਸਤੰ [1]ਜਰਾਰੰ ॥ ਨਮਸਤੰ [2]ਕ੍ਰਿਤਾਰੰ ॥**

ਹੇ ਮਹਾਂਬਲੀ ਤੇ ਕਰਮ ਨਾਸ਼ਕ ਪਰਮਾਤਮਾ! ਤੈਨੂੰ ਨਮਸ਼ਕਾਰ ਹੈ।

**ਨਮੋ ਸਰਬ ਧੰਧੇ ॥ ਨਮੋਸਤ ਅਬੰਧੇ ॥੨੪॥**

ਹੇ ਸਾਰਿਆਂ ਨੂੰ ਧੰਧਿਆਂ ਵਿੱਚ ਖਚਤ ਕਰਨ ਵਾਲੇ ਤੇ ਆਪ ਬੰਧਨਾਂ ਤੋਂ ਮੁਕਤ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਨ੍ਰਿਸਾਕੇ ॥ ਨਮਸਤੰ ਨ੍ਰਿਬਾਕੇ ॥**

ਹੇ ਸਾਕ-ਸਬੰਧਾਂ ਤੋਂ ਮੁਕਤ ਤੇ ਭੈ-ਰਹਿਤ ਪਰਮਾਤਮਾ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਰਹੀਮੇ ॥ ਨਮਸਤੰ ਕਰੀਮੇ ॥੨੫॥**

ਹੇ ਰਹਿਮਤ ਕਰਨ ਵਾਲੇ ਤੇ ਬਖਸ਼ਿਸ਼ ਦੇ ਭੰਡਾਰ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮਸਤੰ ਅਨੰਤੇ ॥ ਨਮਸਤੰ ਮਹੰਤੇ ॥**

ਹੇ ਅਨੰਤ ਤੇ ਮਹਾਨ ਰੂਪ ਵਾਲੇ! ਤੈਨੂੰ ਨਮਸ਼ਕਾਰ ਹੈ।

**ਨਮਸਤਸਤੁ ਰਾਗੇ ॥ ਨਮਸਤੰ ਸੁਹਾਗੇ ॥੨੬॥**

ਹੇ ਪਿਆਰ ਸਰੂਪ ਤੇ ਸੁਹਾਗ-ਭਾਗ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

---

੧. ਜੋਰਾਵਰ ੨. ਕਰਮ ਬੰਧਨ ਕੱਟਣ ਵਾਲਾ

**ਨਮੋ ਸਰਬ ਸੋਖੰ ॥ ਨਮੋ ਸਰਬ ਪੋਖੰ ॥**

ਹੇ ਸਭਨਾਂ ਨੂੰ ਲੈਅ ਕਰਨ ਵਾਲੇ ਤੇ ਸਾਰਿਆਂ ਦੀ ਪਾਲਣਾ ਕਰਨ ਵਾਲੇ ਕਰਤਾਰ! ਤੈਨੂੰ ਨਮਸ਼ਕਾਰ ਹੈ।

**ਨਮੋ ਸਰਬ ਕਰਤਾ ॥ ਨਮੋ ਸਰਬ ਹਰਤਾ ॥੨੭॥**

ਹੇ ਸਭਨਾਂ ਦੇ ਸਿਰਜਨਹਾਰ ਤੇ ਸਭਨਾਂ ਨੂੰ ਮੇਟਣਹਾਰ! ਤੈਨੂੰ ਨਮਸ਼ਕਾਰ ਹੈ।

**ਨਮੋ ਜੋਗ ਜੋਗੇ ॥ ਨਮੋ ਭੋਗ ਭੋਗੇ ॥**

ਹੇ ਜੋਗੀਆਂ ਚੋਂ ਪਰਮ ਜੋਗੀ ਭੋਗੀਆਂ ਚੋਂ ਪਰਮ ਭੋਗੀ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਸਰਬ ਦਿਆਲੇ ॥ ਨਮੋ ਸਰਬ ਪਾਲੇ ॥੨੮॥**

ਹੇ ਸਾਰਿਆਂ ਉੱਪਰ ਦਇਆ ਕਰਨ ਵਾਲੇ ਤੇ ਸਭਨਾਂ ਦੀ ਪਾਲਣਾਂ ਕਰਨ ਵਾਲੇ ਦਾਤਾਰ! ਤੈਨੂੰ ਨਮਸ਼ਕਾਰ ਹੈ।

**ਚਾਚਰੀ ਛੰਦ ॥**

ਛੰਦ ਦੀ ਇੱਕ ਕਿਸਮ।

**ਤ੍ਵ ਪ੍ਰਸਾਦਿ ॥**

ਤੇਰੀ ਮਿਹਰ ਦੁਆਰਾ ਕਥਨ ਕਰਦਾ ਹਾਂ।

**ਅਰੂਪ ਹੈਂ ॥ ਅਨੂਪ ਹੈਂ ॥**

ਹੇ ਪ੍ਰਭੂ! ਤੂੰ ਰੂਪ-ਰੰਗ ਤੋਂ ਨਿਰਲੇਪ ਤੇ ਉਪਮਾਂ ਤੋਂ ਰਹਿਤ ਹੈਂ।

**[1]ਅਜੂ ਹੈਂ ॥ [2]ਅਭੂ ਹੈਂ ॥੨੯॥**

ਹੇ ਪ੍ਰਭੂ! ਤੂੰ ਜੂਨ-ਜਨਮ ਤੋਂ ਰਹਿਤ ਤੇ ਪੰਜਾਂ ਤੱਤਾਂ ਤੋਂ ਮੁਕਤ ਹੈਂ।

**ਅਲੇਖ ਹੈਂ ॥ ਅਭੇਖ ਹੈਂ ॥**

ਹੇ ਪ੍ਰਭੂ! ਤੂੰ ਲੇਖੇ ਤੋਂ ਪਰੇ ਤੇ ਵੇਸ-ਭੇਖ ਤੋਂ ਰਹਿਤ ਹੈਂ।

---

੧.ਜਨਮ ਰਹਿਤ ੨.ਪੰਜ ਤੱਤਾਂ ਦੀ ਬਣਤਰ ਤੋਂ ਰਹਿਤ

## ਅਨਾਮ ਹੈਂ ॥ ਅਕਾਮ ਹੈਂ ॥੩੦॥

ਹੇ ਪ੍ਰਭੂ! ਤੂੰ ਨਾਮ ਤੇ ਕਾਮਨਾ ਤੋਂ ਮੁਕਤ ਹੈਂ।

## [1]ਅਧੇ ਹੈਂ ॥ ਅਭੇ ਹੈਂ ॥

ਹੇ ਪ੍ਰਭੂ! ਤੂੰ ਧਿਆਨ ਮੁਕਤ ਹੈਂ ਤੇ ਕੋਈ ਵੀ ਤੇਰਾ ਭੇਤ ਨਹੀਂ ਪਾ ਸਕਿਆ।

## ਅਜੀਤ ਹੈਂ ॥ ਅਭੀਤ ਹੈਂ ॥੩੧॥

ਹੇ ਪ੍ਰਭੂ! ਤੂੰ ਅਜਿੱਤ ਤੇ ਡਰ-ਭੈਅ ਤੋਂ ਮੁਕਤ ਹੈਂ।

## ਤ੍ਰਿਮਾਨ ਹੈਂ ॥ [2]ਨਿਧਾਨ ਹੈਂ ॥

ਹੇ ਪ੍ਰਭੂ! ਤੂੰ ਤਿੰਨਾਂ ਲੋਕਾਂ ਅਤੇ ਤਿੰਨਾਂ ਕਾਲਾਂ ਵਿੱਚ ਮੰਨਣਯੋਗ ਤੇ ਖਜ਼ਾਨਿਆਂ ਦਾ ਮਾਲਕ ਹੈਂ।

## [3]ਤ੍ਰਿਬਰਗ ਹੈਂ ॥ [4]ਅਸਰਗ ਹੈਂ ॥੩੨॥

ਹੇ ਪਰਮਾਤਮਾ! ਤੁਸੀਂ ਸ੍ਰਿਸ਼ਟੀ ਨੂੰ ਰਚ ਕੇ ਇਸ ਵਿੱਚ ਵਿਆਪਕ ਹੋ ਕੇ ਵੀ ਉਤਪਤੀ ਤੋਂ ਰਹਿਤ ਹੋ।

## ਅਨੀਲ ਹੈਂ ॥ ਅਨਾਦਿ ਹੈਂ ॥

ਤੁਸੀਂ ਰੂਪ-ਰੰਗ ਤੋਂ ਰਹਿਤ ਤੇ ਆਦਿ ਰਹਿਤ ਹੋ।

## ਅਜੇ ਹੈਂ ॥ ਅਜਾਦਿ ਹੈਂ ॥੩੩॥

ਹੇ ਪ੍ਰਭੂ! ਤੁਸੀਂ ਅਜਿੱਤ ਤੇ ਸੰਸਾਰ ਦੀ ਉਤਪਤੀ ਕਰਨ ਵਾਲੇ ਬ੍ਰਹਮਾਂ ਦਾ ਵੀ ਮੂਲ ਹੋ।

## ਅਜਨਮ ਹੈਂ ॥ ਅਬਰਨ ਹੈਂ ॥

ਹੇ ਪ੍ਰਭੂ! ਤੁਸੀਂ ਜੂਨ-ਜਨਮ ਤੇ ਰੂਪ-ਰੰਗ ਤੋਂ ਰਹਿਤ ਹੋ।

---

੧. ਪ੍ਰਭੂ ਨੂੰ ਕਿਸੇ ਦਾ ਧਿਆਨ ਧਰਨ ਦੀ ਲੋੜ ਨਹੀਂ ੨.ਖਜਾਨਿਆਂ ਦਾ ਮਾਲਕ ੩. ਤ੍ਰਿਗੁਣੀ ਸ੍ਰਿਸ਼ਟੀ ਦਾ ਰਚਨਹਾਰ ਤੇ ਉਸ ਵਿੱਚ ਵਿਆਪਕ ੪. ਉਤਪਤੀ ਰਹਿਤ

**ਅਭੂਤ ਹੈਂ ॥ ਅਭਰਨ ਹੈਂ ॥੩੪॥**

ਹੇ ਪ੍ਰਭੂ! ਤੁਸੀਂ ਤੱਤਾਂ ਦੀ ਬਣਤਰ ਤੋਂ ਤੇ ਪਾਲਣਾ-ਪੋਸ਼ਣਾ ਤੋਂ ਰਹਿਤ ਹੋ।

**ਅਗੰਜ ਹੈਂ ॥ ਅਭੰਜ ਹੈਂ ॥**

ਹੇ ਪ੍ਰਭੂ! ਤੁਸੀਂ ਨਾਸ਼-ਰਹਿਤ ਤੇ ਅਟੁੱਟ ਹੋ।

**ਅਝੂਝ ਹੈਂ ॥ ਅਝੰਝ ਹੈਂ ॥੩੫॥**

ਹੇ ਪ੍ਰਭੂ! ਤੁਹਾਡੇ ਨਾਲ ਕੋਈ ਜੂਝ ਨਹੀਂ ਸਕਦਾ ਤੁਸੀਂ ਝਗੜਿਆਂ ਝਾਵਿਆਂ ਤੋਂ ਅਤੀਤ ਹੋ।

**[1]ਅਮੀਕ ਹੈਂ ॥ [2]ਰਫ਼ੀਕ ਹੈਂ ॥**

ਹੇ ਪਰਮਾਤਮਾ! ਤੁਸੀਂ ਗਹਿਰ-ਗੰਭੀਰ ਤੇ ਸਭ ਦੇ ਮਿੱਤ੍ਰ ਹੋ।

**ਅਧੰਧ ਹੈਂ ॥ [3]ਅਬੰਧ ਹੈਂ ॥੩੬॥**

ਹੇ ਪ੍ਰਭੂ! ਤੁਸੀਂ ਸੰਸਾਰ ਧੰਦਿਆਂ ਤੋਂ ਮੁਕਤ ਤੇ ਬੰਧਨ-ਰਹਿਤ ਹੋ।

**ਨ੍ਰਿਬੂਝ ਹੈਂ ॥ ਅਸੂਝ ਹੈਂ ॥**

ਹੇ ਮਾਲਕ! ਆਪ ਜੀ ਮਨੁੱਖੀ ਬੁੱਧੀ ਦੀ ਸਮਝ-ਸੂਝ ਤੋਂ ਪਰੇ ਹੋ।

**ਅਕਾਲ ਹੈਂ ॥ ਅਜਾਲ ਹੈਂ ॥੩੭॥**

ਹੇ ਪਰਮਾਤਮਾ! ਤੁਸੀਂ ਨਾਸ਼-ਰਹਿਤ, ਮਾਇਆ ਦੇ ਜਮ ਜਾਲ ਤੋਂ ਰਹਿਤ ਹੋ।

**ਅਲਾਹ ਹੈਂ ॥ [4]ਅਜਾਹ ਹੈਂ ॥**

ਹੇ ਦਾਤਾਰ! ਤੁਸੀਂ ਅਲੱਭ ਤੇ ਲਾ-ਮੁਕਾਮ ਹੋ।

**ਅਨੰਤ ਹੈਂ ॥ [5]ਮਹੰਤ ਹੈਂ ॥੩੮॥**

ਹੇ ਪ੍ਰਭੂ! ਤੁਸੀਂ ਅੰਤ-ਰਹਿਤ ਤੇ ਸਭ ਤੋਂ ਮਹਾਨ ਹੋ।

---

੧. ਗਹਿਰ ਗੰਭੀਰ ੨. ਸਭ ਦੇ ਮਿੱਤ੍ਰ ੩. ਬੰਧਨ ਰਹਿਤ ੪. ਟਿਕਾਣਾ ਰਹਿਤ ੫. ਸਭ ਤੋਂ ਮਹਾਨ

**[1]ਅਲੀਕ ਹੈਂ ॥ ਨ੍ਰਿਸ੍ਰੀਕ ਹੈਂ ॥**

ਹੇ ਪ੍ਰਭੂ! ਤੂੰ ਸੀਮਾਂ ਰਹਿਤ ਤੇ ਲਾ-ਸ਼ਰੀਕ ਹੈਂ।

**ਨ੍ਰਿਲੰਭ ਹੈਂ ॥ ਅਸੰਭ ਹੈਂ ॥੩੯॥**

ਹੇ ਪ੍ਰਭੂ! ਤੂੰ ਆਸਰਾ ਰਹਿਤ ਤੇ ਅਜਨਮ ਹੈਂ।

**ਅਗੰਮ ਹੈਂ ॥ ਅਜੰਮ ਹੈਂ ॥**

ਹੇ ਪ੍ਰਭੂ! ਤੂੰ ਮਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਤੇ ਜੰਮਣ ਮਰਨ ਤੋਂ ਰਹਿਤ ਹੈਂ।

**[2]ਅਭੂਤ ਹੈਂ ॥ ਅਛੂਤ ਹੈਂ ॥੪੦॥**

ਹੇ ਪ੍ਰਭੂ! ਤੂੰ ਪੰਜ ਭੂਤਕੀ ਬਣਤਰ ਤੋਂ ਪਰੇ ਤੇ ਅਛੋਹ ਹੈਂ।

**[3]ਅਲੋਕ ਹੈਂ ॥ ਅਸੋਕ ਹੈਂ ॥**

ਹੇ ਪ੍ਰਭੂ! ਤੁਸੀਂ ਅਦ੍ਰਿਸ਼ਟ ਤੇ ਸ਼ੋਕ ਰਹਿਤ ਹੋ।

**ਅਕਰਮ ਹੈਂ ॥ ਅਭਰਮ ਹੈਂ ॥੪੧॥**

ਹੇ ਪ੍ਰਭੂ! ਤੁਸੀਂ ਕਰਮ ਬੰਧਨਾਂ ਤੇ ਭਰਮ ਤੋਂ ਰਹਿਤ ਹੋ।

**ਅਜੀਤ ਹੈਂ ॥ ਅਭੀਤ ਹੈਂ ॥**

ਹੇ ਪ੍ਰਭੂ! ਤੂੰ ਅਜਿੱਤ ਤੇ ਡਰ ਰਹਿਤ ਹੈਂ।

**ਅਬਾਹ ਹੈਂ ॥ ਅਗਾਹ ਹੈਂ ॥੪੨॥**

ਹੇ ਮਾਲਕ! ਤੂੰ ਅਚੱਲ ਤੇ ਅਥਾਹ ਹੈਂ।

**[4]ਅਮਾਨ ਹੈਂ ॥ ਨਿਧਾਨ ਹੈਂ ॥**

ਹੇ ਪ੍ਰਭੂ! ਤੁਸੀਂ ਗਿਣਤੀ-ਮਿਣਤੀ ਤੋਂ ਬਾਹਰ ਤੇ ਖਜ਼ਾਨਿਆਂ ਦੇ ਮਾਲਕ ਹੋ।

**ਅਨੇਕ ਹੈਂ ॥ ਫਿਰਿ ਏਕ ਹੈਂ ॥੪੩॥**

ਹੇ ਪ੍ਰਭੂ! ਸਰਗੁਣ ਸਰੂਪਾਂ ਰਾਹੀਂ ਤੁਸੀਂ ਅਨੇਕ ਹੋ ਪਰ ਨਿਰਗੁਣ ਹੋਣ ਕਾਰਣ ਤੁਸੀਂ ਇੱਕ ਹੀ ਹੋ।

---

੧.ਸੀਮਾਂ ਰਹਿਤ ੨.ਪੰਜ ਤੱਤਾਂ ਤੋਂ ਰਹਿਤ ੩.ਅਦ੍ਰਿਸ਼ਟ ੪.ਮਾਪ ਗਿਣਤੀ ਤੋਂ ਪਰੇ

## *ਭੁਜੰਗ ਪ੍ਰਯਾਤ ਛੰਦ ॥*

ਕਾਵਿ-ਛੰਦ ਦੀ ਇੱਕ ਕਿਸਮ।

**ਨਮੋ ਸਰਬ ਮਾਨੇ ॥ ਸਮਸਤੀ ਨਿਧਾਨੇ ॥**

ਹੇ ਪ੍ਰਭੂ! ਤੁਸੀਂ ਸਭਨਾਂ ਦੇ ਸਨਮਾਨਯੋਗ ਤੇ ਨਿੱਧੀਆਂ ਦੇ ਮਾਲਕ ਹੋ।

**ਨਮੋ ਦੇਵ ਦੇਵੇ ॥ ਅਭੇਖੀ ਅਭੇਵੇ ॥੪੪॥**

ਹੇ ਦੇਵਤਿਆਂ ਦੇ ਦੇਵਤੇ ਅਤੇ ਭੇਖ ਤੇ ਭੇਦ ਤੋਂ ਰਹਿਤ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਕਾਲ ਕਾਲੇ ॥ ਨਮੋ ਸਰਬ ਪਾਲੇ ॥**

ਹੇ ਕਾਲ ਦੇ ਮਹਾਂਕਾਲ ਤੇ ਸਾਰਿਆਂ ਦੀ ਪਾਲਣਾ ਕਰਨ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਸਰਬ ਗਉਣੇ ॥ ਨਮੋ ਸਰਬ ਭਉਣੇ ॥੪੫॥**

ਸਭਨੀ ਥਾਂਈਂ ਵਿਚਰਨ ਵਾਲੇ ਤੇ ਸਭ ਭਵਨਾਂ ਵਿੱਚ ਵਿਆਪਕ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**[1]ਅਨੰਗੀ ਅਨਾਥੇ ॥ [2]ਨ੍ਰਿਸੰਗੀ ਪ੍ਰਮਾਥੇ[3] ॥**

ਹੇ ਸਰੀਰ ਤੇ ਸੰਗੀ ਸਾਥੀ ਰਹਿਤ ਸਭਨਾਂ ਦਾ ਨਾਸ਼ ਕਰਨ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਭਾਨ ਭਾਨੇ ॥ ਨਮੋ ਮਾਨ ਮਾਨੇ ॥੪੬॥**

ਹੇ ਸੂਰਜਾਂ ਦੇ ਸੂਰਜ ਅਤੇ ਸਰਬ ਦੇ ਮਹਾਂ ਮਾਨਨੀਕ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਚੰਦ੍ਰ ਚੰਦ੍ਰੇ ॥ ਨਮੋ ਭਾਨ ਭਾਨੇ ॥**

ਹੇ ਚੰਦਾਂ ਦੇ ਚੰਦ, ਸੀਤਲਤਾ ਦੇ ਸੋਮੇ, ਹੇ ਸੂਰਜਾਂ ਨੂੰ ਗਰਮੀਂ ਤੇ ਪ੍ਰਕਾਸ਼ ਸ਼ਕਤੀ ਪ੍ਰਦਾਨ ਕਰਨ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

---

੧. ਅੰਗ ਰਹਿਤ ੨. ਸੰਗ ਸਾਥ ਰਹਿਤ ੩. ਨਾਸ਼ ਕਰਨ ਵਾਲੇ

## ਨਮੋ ਗੀਤ ਗੀਤੇ ॥ ਨਮੋ ਤਾਨ ਤਾਨੇ ॥੪੭॥

ਹੇ ਗੀਤਾਂ ਵਿੱਚ ਸੁਹਜ ਰਸ ਭਰਨ ਵਾਲੇ ਤੇ ਸੁਰਾਂ ਵਿੱਚ ਸੁਰੀਲਾ ਪਨ ਪਾਉਣ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

## ਨਮੋ ਨ੍ਰਿੱਤ ਨ੍ਰਿੱਤੇ ॥ ਨਮੋ ਨਾਦ ਨਾਦੇ ॥

ਹੇ ਜਗਤ ਨਿਰਤਕਾਰੀ ਕਰਨ ਵਾਲੇ ਤੇ ਨਾਦ ਧੁਨੀ ਪੈਦਾ ਕਰਨ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

## ਨਮੋ [੧]ਪਾਨ ਪਾਨੇ ॥ ਨਮੋ [੨]ਬਾਦ ਬਾਦੇ ॥੪੮॥

ਹੱਥਾਂ ਵਿੱਚ ਸਮਰੱਥਾ ਪਾਉਣ ਵਾਲੇ ਤੇ ਸਾਜਾਂ ਨੂੰ ਵਜਾਉਣ ਦੀ ਸ਼ਕਤੀ ਤੇ ਧੁਨੀ ਪਾਉਣ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

## [੩]ਅਨੰਗੀ ਅਨਾਮੇ ॥ ਸਮਸਤੀ ਸਰੂਪੇ ॥

ਹੇ ਅੰਗ ਰਹਿਤ ਨਾਮ ਰਹਿਤ ਸਭ ਦੇ ਸਰੂਪਾਂ ਵਿੱਚ ਰੂਪਮਾਨ ਪ੍ਰਭੂ! ਤੈਨੂੰ ਨਮਸ਼ਕਾਰ ਹੈ।

## ਪ੍ਰਭੰਗੀ ਪ੍ਰਮਾਥੇ ॥ ਸਮਸਤੀ ਬਿਭੂਤੇ ॥੪੯॥

ਹੇ ਦੋਖੀਆਂ ਨੂੰ ਨਾਸ਼ ਕਰਨ ਵਾਲੇ ਤੇ ਸਾਰੀ ਸਮਗ੍ਰੀ ਦੇ ਭੰਡਾਰ! ਤੈਨੂੰ ਨਮਸ਼ਕਾਰ ਹੈ।

## ਕਲੰਕੰ ਬਿਨਾ ਨੇਕਲੰਕੀ ਸਰੂਪੇ ॥

ਹੇ ਕਲੰਕ ਰਹਿਤ ਨਿਹਕਲੰਕ ਸਰੂਪ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

## ਨਮੋ ਰਾਜ [੪]ਰਾਜੇਸ੍ਵਰੰ ਪਰਮ ਰੂਪੇ ॥੫੦॥

ਰਾਜਿਆਂ ਦੇ ਮਹਾਰਾਜੇ ਤੇ ਮਹਾਨ ਤੇਜ ਸਰੂਪ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

---

੧.ਹੱਥ ੨.ਬਾਜੇ ੩.ਅੰਗਾਂ ਤੋਂ ਰਹਿਤ ੪. ਰਾਜਿਆਂ ਦੇ ਮਹਾਂਰਾਜੇ

**ਨਮੋ ਜੋਗ ਜੋਗੇਸ੍ਵਰੰ ਪਰਮ ਸਿੱਧੇ ॥**

ਹੇ ਜੋਗੀਆਂ ਦੇ ਪਰਮ ਜੋਗੀ ਤੇ ਪਰਮ ਸਿੱਧੀ ਦੇ ਮਾਲਕ ! ਤੈਨੂੰ ਨਮਸ਼ਕਾਰ ਹੈ।

**ਨਮੋ ਰਾਜ ਰਾਜੇਸ੍ਵਰੰ [1]ਪਰਮ ਬ੍ਰਿਧੇ ॥੫੧॥**

ਹੇ ਰਾਜਿਆਂ ਦੇ ਮਹਾਂਰਾਜੇ ਤੇ ਮਹਾਨ ਵਡਿਆਈ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਸਸਤ੍ਰ ਪਾਣੇ ॥ ਨਮੋ [2]ਅਸਤ੍ਰ ਮਾਣੇ ॥**

ਹੇ ਸਸਤ੍ਰ ਧਾਰਨ ਕਰਨ ਵਾਲੇ ਤੇ ਅਸਤ੍ਰ ਵਰਤਣ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਪਰਮ ਗਿਆਤਾ ॥ ਨਮੋ ਲੋਕ ਮਾਤਾ ॥੫੨॥**

ਪੂਰਨ ਜਾਣੀ ਜਾਣ, ਜਗਤ ਦੇ ਮਾਤਾ ਸਰੂਪ ਪਰਮਾਤਮਾ! ਤੈਨੂੰ ਨਮਸ਼ਕਾਰ ਹੈ।

**ਅਭੇਖੀ ਅਭਰਮੀ ਅਭੋਗੀ ਅਭੁਗਤੇ ॥**

ਹੇ ਭੇਖ ਭਰਮ ਰਹਿਤ, ਭੋਗ ਰਹਿਤ ਨਾ ਭੋਗੇ ਜਾਣ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਜੋਗ ਜੋਗੇਸ੍ਵਰੰ ਪਰਮ ਜੁਗਤੇ ॥੫੩॥**

ਹੇ ਜੋਗੀਆਂ ਦੇ ਮਹਾਨ ਜੋਗੀਸ਼ਰ ਅਤੇ ਸ੍ਰੇਸ਼ਟ ਜੁਗਤੀ ਵਾਲੇ ! ਤੈਨੂੰ ਨਮਸ਼ਕਾਰ ਹੈ।

**ਨਮੋ ਨਿੱਤ ਨਾਰਾਇਣੇ ਕ੍ਰੂਰ ਕਰਮੇ ॥**

ਸਾਰੇ ਜੀਵਾਂ ਦਾ ਕਲਿਆਣ ਕਰਨ ਤੇ ਭਿਆਨਕ ਕਠੋਰ ਕਰਮ ਕਰਨ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਪ੍ਰੇਤ ਅਪ੍ਰੇਤ ਦੇਵੇ ਸੁਧਰਮੇ ॥੫੪॥**

ਹੇ ਅਬਗਤ ਰੂਹਾਂ ਅਤੇ ਪਵਿੱਤ੍ਰ ਆਤਮਾਵਾਂ ਨੂੰ ਪ੍ਰਕਾਸ਼ ਤੇ ਸਤਾ ਪ੍ਰਦਾਨ

---

੧.ਬਜ਼ੁਰਗੀ, ਮਹਾਨ ਵਡਿਆਈ ਦੇ ਮਾਲਕ ੨.ਹੱਥੋਂ ਛੱਡ ਕੇ ਮਾਰਨ ਵਾਲਾ ਸ਼ਸ਼ਤਰ

ਕਰਨ ਵਾਲੇ ਤੇ ਸ੍ਰੇਸ਼ਟ ਮੱਤ ਦੇਣ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਰੋਗ ਹਰਤਾ ਨਮੋ ਰਾਗ ਰੂਪੇ ॥**

ਹੇ ਰੋਗ ਦੇ ਨਾਸ਼ ਕਰਨ ਵਾਲੇ ਪਿਆਰ ਸਰੂਪ ਪਰਮਾਤਮਾ! ਤੈਨੂੰ ਨਮਸ਼ਕਾਰ ਹੈ।

**ਨਮੋ ਸਾਹ ਸਾਹੰ ਨਮੋ ਭੂਪ ਭੂਪੇ ॥੫੫॥**

ਹੇ ਸ਼ਾਹਾਂ ਦੇ ਸ਼ਾਹ, ਰਾਜਿਆਂ ਦੇ ਰਾਜਾਨ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਦਾਨ ਦਾਨੇ ਨਮੋ ਮਾਨ ਮਾਨੇ ॥**

ਹੇ ਦਾਨੀਆਂ ਦੇ ਮਹਾਂਦਾਨੀ, ਸਤਿਕਾਰਯੋਗ ਮਾਨਨੀਕ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਰੋਗ ਰੋਗੇ[੧] ਨਮਸਤੰ ਸਨਾਨੇ[੨] ॥੫੬॥**

ਹੇ ਸਾਰੇ ਰੋਗਾਂ ਦੇ ਮਹਾਂਰੋਗ ਅਤੇ ਪਵਿੱਤ੍ਰਤਾ ਦੇਣ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਮੰਤ੍ਰ ਮੰਤ੍ਰੰ[੩] ॥ ਨਮੋ ਜੰਤ੍ਰ ਜੰਤ੍ਰੰ[੪] ॥**

ਹੇ ਮੰਤਰਾਂ ਦੇ ਮਹਾਂਮੰਤ੍ਰ ਤੇ ਜੰਤ੍ਰਾਂ ਦੇ ਮਹਾਂ ਜੰਤਰ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਇਸਟ ਇਸਟੇ ॥ ਨਮੋ ਤੰਤ੍ਰ ਤੰਤ੍ਰੰ[੫] ॥੫੭॥**

ਹੇ ਇਸ਼ਟਾਂ ਦੇ ਮਹਾਂਇਸ਼ਟ ਤੇ ਤੰਤ੍ਰਾਂ ਦੇ ਮਹਾਂਤੰਤ੍ਰ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਸਦਾ ਸੱਚਦਾਨੰਦ ਸਰਬੰ ਪ੍ਰਣਾਸੀ ॥**

ਸਦਾ ਸਤ, ਚਿੱਤ, ਅਨੰਦ ਸਰੂਪ ਤੇ ਸਭਨਾਂ ਦਾ ਨਾਸ਼ ਕਰਨ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

---

੧.ਰੋਗਾਂ ਨੂੰ ਸ਼ਕਤੀ ਪ੍ਰਦਾਨ ਕਰਨ ਵਾਲੇ ੨. ਇਸ਼ਨਾਨ (ਸ਼ੀਤਲਤਾ ਤੇ ਪਵਿਤ੍ਰਤਾ ਦੇ ਸੋਮੇ) ੩. ਰਸਨਾ ਜਾਂ ਕੰਠ ਦੁਆਰਾ ਜਪਿਆ ਜਾਣ ਵਾਲਾ ੪.ਕਾਗਜ ਉੱਪਰ ਲਿਖ ਕੇ ਗਲ ਜਾਂ ਬਾਜੂ ਉਪਰ ਬੰਨਣ ਵਾਲਾ ੫. ਜਾਦੂ ਟੂਣੇ

**ਅਨੂਪੇ ਅਰੂਪੇ [੧]ਸਮਸਤੁਲ ਨਿਵਾਸੀ ॥੫੮॥**

ਹੇ ਉਪਮਾ ਤੇ ਰੂਪ ਰਹਿਤ, ਸਾਰਿਆਂ ਵਿੱਚ ਇੱਕ ਰਸ ਨਿਵਾਸ ਕਰਨ ਵਾਲੇ ਪਰਮਾਤਮਾ! ਤੈਨੂੰ ਨਮਸ਼ਕਾਰ ਹੈ।

**ਸਦਾ ਸਿਧਦਾ ਬੁਧਦਾ [੨]ਬ੍ਰਿਧ ਕਰਤਾ ॥**

ਹੇ ਸਦਾ ਸਿੱਧੀ ਦੇਣ ਵਾਲੇ ਬੁੱਧੀ ਪ੍ਰਦਾਨ ਕਰਨ ਵਾਲੇ ਤੇ ਵਾਧਾ-ਬਖਸ਼ਿਸ਼ਾਂ ਕਰਨ ਵਾਲੇ ਵਾਹਿਗੁਰੂ! ਤੈਨੂੰ ਨਮਸ਼ਕਾਰ ਹੈ।

**ਅਧੋ ਉਰਧ ਅਰਧੰ [੩]ਅਘੰ ਓਘ ਹਰਤਾ ॥੫੯॥**

ਹੇ ਪ੍ਰਭੂ! ਤੁਸੀਂ ਹੇਠਾਂ ਉੱਪਰ ਤੇ ਵਿਚਕਾਰ ਹਰ ਥਾਂਵੇਂ ਰਮੇ ਹੋਏ ਤੇ ਪਾਪਾਂ ਦੇ ਪੁੰਜ ਨਾਸ਼ ਕਰਨ ਵਾਲੇ ਹੋ।

**ਪਰੰ ਪਰਮ ਪਰਮੇਸ੍ਵਰੰ [੪]ਪ੍ਰੋਛ ਪਾਲੰ ॥**

ਹੇ ਪਰਮ ਸ਼੍ਰੇਸ਼ਟ ਪ੍ਰਮੇਸ਼ਰ! ਤੁਸੀਂ ਗੁਪਤ ਰੂਪ ਵਿੱਚ ਸਭ ਦੀ ਪਾਲਣਾ ਕਰਨ ਵਾਲੇ ਹੋ।

**ਸਦਾ ਸਰਬਦਾ ਸਿੱਧ ਦਾਤਾ ਦਿਆਲੰ ॥੬੦॥**

ਹੇ ਦਿਆਲੂ ਪ੍ਰਭੂ! ਤੂੰ ਬਹੁਤ ਕ੍ਰਿਪਾਲੂ ਹੈਂ, ਤੂੰ ਸਾਰਿਆਂ ਸਮਿਆਂ ਵਿੱਚ ਸਦਾ ਸਿੱਧੀਆਂ ਪ੍ਰਦਾਨ ਕਰਨ ਵਾਲਾ ਹੈਂ।

**ਅਛੇਦੀ ਅਭੇਦੀ ਅਨਾਮੰ ਅਕਾਮੰ ॥**

ਹੇ ਪ੍ਰਭੂ! ਤੂੰ ਨਾ ਕੱਟਿਆ ਜਾ ਸਕਦਾ ਹੈਂ ਨਾ ਵਿੰਨਿਆ ਜਾ ਸਕਦਾ ਹੈਂ। ਨਾਮ ਤੇ ਕਾਮਨਾਂ ਤੋਂ ਤੂੰ ਰਹਿਤ ਹੈਂ।

**ਸਮਸਤੋ ਪਰਾਜੀ ਸਮਸਤਸਤੁ [੫]ਧਾਮੰ ॥੬੧॥**

ਹੇ ਪਰਮਾਤਮਾ! ਸਾਰੀ ਕਾਇਨਾਤ ਤੁਸੀਂ ਪੈਦਾ ਕੀਤੀ ਹੈ ਤੇ ਸਾਰਿਆਂ ਵਿੱਚ ਤੁਹਾਡਾ ਹੀ ਨਿਵਾਸ ਹੈ।

---

੧.ਸਭਨਾਂ ਵਿੱਚ ੨.ਵਾਧਾ ਕਰਨ ਵਾਲਾ ੩.ਸਮੁੱਚੇ ਪਾਪਾਂ ਦਾ ਨਾਸ਼ਕ ੪.ਗੁਪਤ ਰੂਪ ਵਿੱਚ ੫.ਘਰ (ਨਿਵਾਸ)

**ਤੇਰਾ ਜੋਰੁ ॥ ਚਾਚਰੀ ਛੰਦ ॥**

ਹੇ ਪਾਰਬ੍ਰਹਮ! ਮੈਨੂੰ ਤੇਰਾ ਹੀ ਤਾਣ ਹੈ। ਚਾਰ ਚਰਣ ਵਾਲਾ ਛੰਦ।

**ਜਲੇ ਹੈਂ ॥ ਥਲੇ ਹੈਂ ॥**

ਹੇ ਪ੍ਰਭੂ! ਤੂੰ ਜਲਾਂ ਵੀ ਤੇ ਮਾਰੂਥਲਾਂ ਵਿੱਚ ਵੀ ਵਿਆਪਕ ਹੈਂ।

**ਅਭੀਤ ਹੈਂ ॥ ਅਭੇ ਹੈਂ ॥੬੨॥**

ਹੇ ਪ੍ਰਭੂ! ਤੁਸੀਂ ਭੈ ਰਹਿਤ ਹੋ, ਤੁਹਾਡਾ ਭੇਦ ਨਹੀਂ ਪਾਇਆ ਜਾ ਸਕਦਾ।

**[1]ਪ੍ਰਭੂ ਹੈਂ ॥ ਅਜੂ ਹੈਂ ॥**

ਤੁਸੀਂ ਸਾਰਿਆਂ ਦੇ ਮਾਲਕ ਅਤੇ ਜੂਨ-ਜਨਮ ਤੋਂ ਰਹਿਤ ਹੋ।

**ਅਦੇਸ ਹੈਂ ॥ ਅਭੇਸ ਹੈਂ ॥੬੩॥**

ਤੁਹਾਡਾ ਕੋਈ ਵਿਸ਼ੇਸ਼ ਦੇਸ਼ ਤੇ ਭੇਸ ਵੀ ਨਹੀਂ ਹੈ।

**ਭੁਜੰਗ ਪ੍ਰਯਾਤ ਛੰਦ ॥**

ਕਾਵਿ ਦੀ ਇੱਕ ਕਿਸਮ ।

**ਅਗਾਧੇ [2]ਅਬਾਧੇ ॥ ਅਨੰਦੀ ਸਰੂਪੇ ॥**

ਹੇ ਅਥਾਹ,ਨਾਸ਼ ਰਹਿਤ ਤੇ ਅਨੰਦ ਸਰੂਪ ਪਰਮਾਤਮਾ! ਤੈਨੂੰ ਨਮਸ਼ਕਾਰ ਹੈ।

**ਨਮੋ ਸਰਬ ਮਾਨੇ ॥ ਸਮਸਤੀ ਨਿਧਾਨੇ ॥੬੪॥**

ਹੇ ਸਭ ਦੇ ਪੂਜਨੀਕ ਤੇ ਸਰਬ ਭੰਡਾਰਾਂ ਦੇ ਮਾਲਕ! ਤੈਨੂੰ ਨਮਸ਼ਕਾਰ ਹੈ।

**ਨਮਸਤੂੰ [3]ਨ੍ਰਿਨਾਥੇ ॥ ਨਮਸਤੂੰ ਪ੍ਰਮਾਥੇ ॥**

ਹੇ ਸੁਆਮੀ ਰਹਿਤ ਤੇ ਸਭ ਦੇ ਸੰਘਾਰ ਕਰਤਾ ਪ੍ਰਭੂ! ਤੈਨੂੰ ਨਮਸ਼ਕਾਰ ਹੈ।

---

੧.ਮਾਲਕ ੨.ਨਾਸ਼ ਰਹਿਤ ੩.ਜਿਸ ਦੇ ਸਿਰ ਉੱਪਰ ਕੋਈ ਮਾਲਕ ਨਾ ਹੋਵੇ।

**ਨਮਸਤ੍ਵੰ ਅਗੰਜੇ ॥ ਨਮਸਤ੍ਵੰ ਅਭੰਜੇ ॥੬੫॥**

ਹੇ ਨਾਸ਼ ਰਹਿਤ ਤੇ ਨ ਤੋੜੇ ਭੰਨੇ ਜਾਣ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮਸਤ੍ਵੰ ਅਕਾਲੇ ॥ ਨਮਸਤ੍ਵੰ ਅਪਾਲੇ ॥**

ਹੇ ਕਾਲ ਰਹਿਤ ਤੇ ਪਾਲਣਾ ਰਹਿਤ ਮਾਲਕ! ਤੈਨੂੰ ਨਮਸ਼ਕਾਰ ਹੈ।

**ਨਮੋ ਸਰਬ ਦੇਸੇ ॥ ਨਮੋ ਸਰਬ ਭੇਸੇ ॥੬੬॥**

ਸਾਰੇ ਦੇਸ਼ਾਂ ਤੇ ਸਾਰੇ ਭੇਸਾਂ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਰਾਜ ਰਾਜੇ ॥ ਨਮੋ ਸਾਜ ਸਾਜੇ ॥**

ਹੇ ਰਾਜਿਆਂ ਦੇ ਰਾਜਨ ਤੇ ਸਭ ਦੇ ਸਾਜਣਹਾਰ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਸ਼ਾਹ ਸ਼ਾਹੇ ॥ ਨਮੋ [1]ਮਾਹ ਮਾਹੇ ॥੬੭॥**

ਹੇ ਸ਼ਾਹਾਂ ਦੇ ਸ਼ਹਿਨਸ਼ਾਹ, ਚੰਦਰਮਿਆਂ ਦੇ ਮਹਾਂ ਚੰਦਰਮੇਂ ਆਪ ਨੂੰ ਨਮਸ਼ਕਾਰ ਹੈ।

**ਨਮੋ ਗੀਤ ਗੀਤੇ ॥ ਨਮੋ ਪ੍ਰੀਤ ਪ੍ਰੀਤੇ ॥**

ਹੇ ਗੀਤਾਂ ਦੇ ਮਹਾਂਗੀਤ ਤੇ ਪ੍ਰੀਤਾਂ ਦੇ ਪਰਮ-ਪ੍ਰੀਤਵਾਨ! ਤੈਨੂੰ ਨਮਸ਼ਕਾਰ ਹੈ।

**ਨਮੋ ਰੋਖ ਰੋਖੇ[2] ॥ ਨਮੋ ਸੋਖ ਸੋਖੇ ॥੬੮॥**

ਹੇ ਰੋਹ ਦੇ ਮਹਾਂ ਜੋਸ਼ ਤੇ ਸਭ ਦੀ ਲੈਅਤਾ ਕਰਨ ਵਾਲੇ! ਤੈਨੂੰ ਨਮਸ਼ਕਾਰ ਹੈ।

**ਨਮੋ ਸਰਬ ਰੋਗੇ ॥ ਨਮੋ ਸਰਬ ਭੋਗੇ ॥**

ਹੇ ਸਰਬ ਰੋਗ ਸਰੂਪ ਤੇ ਸਭਨਾਂ ਨੂੰ ਭੋਗਣ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਸਰਬ ਜੀਤੰ ॥ ਨਮੋ ਸਰਬ ਭੀਤੰ[3] ॥੬੯॥**

ਹੇ ਸਭ ਦੇ ਵਿਜੇਤਾ ਤੇ ਸਭ ਨੂੰ ਭੈਅ ਦੇਣ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

---

੧. ਚੰਦਰਮਾ ੨. ਜੋਸ਼, ਗੁੱਸਾ ੩. ਭੈਅ ਦੇਣ ਵਾਲਾ

**ਨਮੋ ਸਰਬ ਗਿਆਨੰ ॥ ਨਮੋ ਪਰਮ ਤਾਨੰ ॥**

ਹੇ ਸਰਬ ਨੂੰ ਗਿਆਨ ਪ੍ਰਦਾਨ ਕਰਨ ਵਾਲੇ ਤੇ ਅਮਿਤ ਬਲ ਸਰੂਪ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਸਰਬ ਮੰਤ੍ਰੰ ॥ ਨਮੋ ਸਰਬ ਜੰਤ੍ਰੰ ॥੭੦॥**

ਹੇ ਸਰਬ ਮੰਤਰ ਸਰੂਪ ਤੇ ਸਰਬ ਜੰਤਰ ਰੂਪ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਸਰਬ ਦ੍ਰਿੱਸੰ ॥ ਨਮੋ ਸਰਬ ਕ੍ਰਿੱਸੰ ॥**

ਹੇ ਸਰਬ ਨੂੰ ਵੇਖਣ ਵਾਲੇ ਤੇ ਸਭ ਨੂੰ ਆਕਰਸ਼ਿਤ ਕਰਨ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਸਰਬ ਰੰਗੇ ॥ [1]ਤ੍ਰਿਭੰਗੀ ਅਨੰਗੇ ॥੭੧॥**

ਹੇ ਸਰਬ ਰੰਗਾਂ ਵਿੱਚ ਵਰਤਣ ਵਾਲੇ ਅਨੰਦ ਸਰੂਪ ਤੇ ਤਿੰਨਾਂ ਲੋਕਾਂ ਦੇ ਸੰਘਾਰ ਕਰਤਾ ਨਿਰੰਕਾਰ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨਮੋ ਜੀਵ ਜੀਵੰ ॥ ਨਮੋ ਬੀਜ ਬੀਜੇ ॥**

ਹੇ ਜੀਵਾਂ ਨੂੰ ਜੀਵਨ ਦੇਣ ਵਾਲੇ ਤੇ ਬੀਜਾਂ ਨੂੰ ਮੌਲਕਤਾ ਪ੍ਰਦਾਨ ਕਰਨ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**[2]ਅਖਿੱਜੇ ਅਭਿੱਜੇ ॥ ਸਮਸਤੰ ਪ੍ਰਸਿੱਜੇ ॥੭੨॥**

ਹੇ ਨਾ ਖਿਝਣ ਵਾਲੇ, ਨਾ ਪਸੀਜਣ ਵਾਲੇ ਤੇ ਦਇਆ ਦੇ ਪੁੰਜ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਕ੍ਰਿਪਾਲੰ ਸਰੂਪੇ ਕੁਕਰਮੰ ਪ੍ਰਣਾਸੀ ॥**

ਹੇ ਕ੍ਰਿਪਾ ਸਰੂਪ ਤੇ ਮਾੜੇ ਕਰਮਾਂ ਦੇ ਨਾਸ਼ਕ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਸਦਾ ਸਰਬਦਾ ਰਿਧਿ ਸਿਧੰ ਨਿਵਾਸੀ ॥੭੩॥**

ਹੇ ਕਰਤਾਰ ਸਾਰੀਆਂ ਰਿਧੀਆਂ ਸਿਧੀਆਂ ਸਦਾ ਤੇਰੇ ਚਰਨਾਂ ਵਿੱਚ ਨਿਵਾਸ ਕਰਦੀਆਂ ਹਨ।

---

੧. ਤਿੰਨਾਂ ਲੋਕਾਂ ਦੇ ਸੰਘਾਰ ਕਰਤਾ ੨. ਨਾ ਖਿਝਣ ਵਾਲਾ

## ਚਰਪਟ ਛੰਦ ॥ ਤ੍ਵ ਪ੍ਰਸਾਦਿ ॥

ਛੰਦ ਦੀ ਕਿਸਮ। ਤੁਹਾਡੀ ਮਿਹਰ ਨਾਲ ਕਥਨ ਕਰਦਾ ਹਾਂ।

**ਅੰਮ੍ਰਿਤ ਕਰਮੇ ॥ ਅੰਬ੍ਰਿਤ ਧਰਮੇ ॥**

ਹੇ ਪ੍ਰਭੂ! ਤੂੰ ਅਮਰ ਕਰ ਦੇਣ ਵਾਲਾ ਤੇ ਅਖੰਡ ਧਰਮ ਵਾਲਾ ਹੈਂ।

**[1]ਅਖੱਲ ਜੋਗੇ ॥ ਅਚੱਲ ਭੋਗੇ[2] ॥੭੪॥**

ਹੇ ਪ੍ਰਭੂ! ਤੂੰ ਸਾਰੀ ਕਾਇਨਾਤ ਨਾਲ ਇੱਕ-ਮਿੱਕ ਹੈਂ ਤੇ ਤੇਰੇ ਭੰਡਾਰੇ ਅਚੱਲ ਤੇ ਅਮੁੱਕ ਹਨ।

**ਅਚੱਲ ਰਾਜੇ ॥ ਅਟੱਲ ਸਾਜੇ ॥**

ਹੇ ਪ੍ਰਭੂ! ਤੂੰ ਨਿਹਚਲ ਰਾਜ ਤੇ ਥਿਰ ਸਿਰਜਨਾਤਮਿਕ ਸਤਾ ਦਾ ਮਾਲਕ ਹੈਂ।

**ਅਖੱਲ ਧਰਮੰ ॥ ਅਲੱਖ ਕਰਮੰ ॥੭੫॥**

ਹੇ ਪ੍ਰਭੂ! ਤੂੰ ਵਿਸ਼ਵ-ਵਿਆਪੀ ਧਰਮ ਵਾਲਾ ਤੇ ਅਸਚਰਜ ਕੌਤਕਾਂ ਦਾ ਮਾਲਕ ਹੈਂ।

**ਸਰਬੰ ਦਾਤਾ ॥ ਸਰਬੰ ਗਿਆਤਾ ॥**

ਹੇ ਵਾਹਿਗੁਰੂ! ਤੂੰ ਸਾਰੀ ਕਾਇਨਾਤ ਦਾ ਦਾਤਾ ਤੇ ਸਭ ਦੇ ਅੰਦਰ ਦੀ ਜਾਨਣ ਵਾਲਾ ਹੈਂ।

**ਸਰਬੰ ਭਾਨੇ ॥ ਸਰਬੰ ਮਾਨੇ ॥੭੬॥**

ਹੇ ਪਰਮਾਤਮਾ! ਤੂੰ ਸਾਰਿਆਂ ਨੂੰ ਪ੍ਰਕਾਸ਼ ਦੇਣ ਵਾਲਾ ਤੇ ਸਰਬ ਦਾ ਪੂਜਣਯੋਗ ਹੈਂ।

**ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥**

ਹੇ ਪ੍ਰਭੂ! ਤੂੰ ਸਭ ਨੂੰ ਪ੍ਰਾਣ ਤੇ ਬਲ ਦੇਣ ਵਾਲਾ ਹੈਂ।

---

੧ ਸਮੂਹ ਸ੍ਰਿਸ਼ਟੀ ੨.ਭੰਡਾਰੇ

**ਸਰਬੰ ਭੁਗਤਾ ॥ ਸਰਬੰ ਜੁਗਤਾ ॥੭੭॥**

ਹੇ ਪ੍ਰਭੂ! ਤੁਸੀਂ ਸਭ ਨੂੰ ਭੋਗਣ ਵਾਲੇ ਤੇ ਸਾਰਿਆਂ ਨਾਲ ਇੱਕ-ਮਿੱਕ ਹੋ।

**ਸਰਬੰ ਦੇਵੰ ॥ ਸਰਬੰ ਭੇਵੰ ॥**

ਹੇ ਪ੍ਰਭੂ! ਤੂੰ ਸਭ ਨੂੰ ਪ੍ਰਕਾਸ਼ ਦੇਣ ਵਾਲਾ ਤੇ ਸਾਰਿਆਂ ਦੇ ਦਿਲਾਂ ਦਾ ਭੇਦ ਜਾਨਣ ਵਾਲਾ ਹੈਂ।

**ਸਰਬੰ ਕਾਲੇ ॥ ਸਰਬੰ ਪਾਲੇ ॥੭੮॥**

ਹੇ ਪ੍ਰਭੂ! ਤੂੰ ਸਭ ਦਾ ਨਾਸ਼ ਕਰਨ ਵਾਲਾ ਤੇ ਸਾਰਿਆਂ ਦੀ ਪਾਲਣਾ ਕਰਨ ਵਾਲਾ ਹੈਂ।

**ਰੂਆਲ ਛੰਦ ॥ ਤ੍ਵ ਪ੍ਰਸਾਦਿ ॥**

ਛੰਦ ਦੀ ਕਿਸਮ। ਤੇਰੀ ਕ੍ਰਿਪਾ ਨਾਲ ਕਥਨ ਕਰਦਾ ਹਾਂ।

**ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ ॥**

ਹੇ ਅਕਾਲ ਪੁਰਖ! ਤੁਸੀਂ ਸਭ ਕਾਸੇ ਦਾ ਮੂਲ ਹੋ। ਤੁਹਾਡੀ ਆਪਣੀ ਹਸਤੀ ਅਨਾਦੀ ਹੈ ਜੋ ਜੂਨ-ਜਨਮ ਤੋਂ ਰਹਿਤ ਅਪਰ-ਅਪਾਰ ਸਭ ਵਿੱਚ ਰਮੀਂ ਹੋਈ ਹੈ।

**ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ ॥**

ਹੇ ਪ੍ਰਭੂ ਤੁਸੀਂ ਸਰਬ ਦੇ ਪੂਜਨੀਕ, ਤਿੰਨਾਂ ਭਵਨਾਂ ਤੇ ਤਿੰਨਾਂ ਕਾਲਾਂ ਵਿੱਚ ਪ੍ਰਕਾਸ਼ਮਾਨ, ਭੇਦ ਰਹਿਤ ਤੇ ਆਦਿ ਤੋਂ ਸਖੀ ਸੁਭਾਅ ਵਾਲੇ ਹੋ।

**ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ ॥**

ਹੇ ਮਾਲਕ! ਤੁਸੀਂ ਸਰਬ ਦੀ ਪਾਲਣਾ ਕਰਨ ਵਾਲੇ, ਸਭ ਨੂੰ ਸੰਸਾਰ ਵਿੱਚ ਭੇਜਣ ਵਾਲੇ ਤੇ ਸਾਰਿਆਂ ਦਾ ਮੁੜ ਅੰਤ ਕਰਨ ਵਾਲੇ ਹੋ।

**ਜੱਤ੍ਰ ਤੱਤ੍ਰ ਬਿਰਾਜਹੀ [1]ਅਵਧੂਤ ਰੂਪ ਰਸਾਲ ॥੭੯॥**

ਹੇ ਪ੍ਰਭੂ! ਆਪ ਦੀ ਹੋਂਦ ਹਰ ਥਾਂ, ਹਰ ਸਮੇਂ, ਅਤੀਤ ਤੇ ਰਸ ਰੂਪ ਹੋ ਕੇ ਵਿਆਪਕ ਹੈ।

---
੧. ਉਦਾਰ ਚਿੱਤ

**ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ ॥**

ਹੇ ਵਾਹਿਗੁਰੂ! ਤੁਹਾਡਾ ਨਾ ਕੋਈ ਵਿਸ਼ੇਸ਼ ਨਾਮ, ਨਾ ਟਿਕਾਣਾ, ਨਾ ਕੋਈ ਜਾਤ, ਨਾ ਕੋਈ ਪਾਤ ਅਤੇ ਨਾ ਹੀ ਰੂਪ-ਰੰਗ, ਰੇਖਾ-ਚਿਤ੍ਰ ਹੈ।

**ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ [1]ਅਸੇਖ ॥**

ਹੇ ਪ੍ਰਭੂ! ਤੁਸੀਂ ਆਦਿ ਪੁਰਖ, ਉਦਾਰਤਾ ਦੀ ਮੂਰਤ, ਜੂਨ ਜਨਮ ਤੋਂ ਰਹਿਤ, ਸਰਬ-ਕਲਾ-ਸਪੰਨ, ਪਰੀ-ਪੂਰਨ ਹੋ।

**ਦੇਸ ਔਰ ਨ ਭੇਸ ਜਾਕਰ ਰੂਪ ਰੇਖ ਨ ਰਾਗ ॥**

ਹੇ ਪਰਮਾਤਮਾ! ਤੁਹਾਡਾ ਨਾ ਕੋਈ ਇੱਕ ਦੇਸ਼ ਹੈ, ਨਾ ਹੀ ਤੁਹਾਡਾ ਕੋਈ ਖਾਸ ਭੇਸ ਤੇ ਨਾ ਹੀ ਕੋਈ ਰੂਪ ਰੰਗ ਤੇ ਰੇਖਾ ਚਿਤ੍ਰ ਹੀ ਹੈ।

**ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥੮੦॥**

ਪਰਮਾਤਮਾ ਹਰ ਥਾਂਵੇਂ, ਹਰ ਦਿਸ਼ਾ, ਉਪ-ਦਿਸ਼ਾ ਵਿੱਚ ਪਿਆਰ-ਸਰੂਪ ਹੋ ਕੇ ਪਸਰਿਆ ਹੋਇਆ ਹੈ।

**ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ ॥**

ਪਰਮਾਤਮਾ ਨਾਮ ਅਤੇ ਕਾਮਨਾ ਤੋਂ ਰਹਿਤ ਹੈ, ਉਸ ਦਾ ਕੋਈ ਘਰ-ਘਾਟ ਨਹੀਂ ਹੈ।

**ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ ॥**

ਪਰਮਾਤਮਾ ਸਭਨਾ ਦਾ ਸਨਮਾਨਯੋਗ, ਸਭਨੀਂ ਥਾਈਂ ਮਾਨਨੀਕ ਹੈ ਉਸ ਨੂੰ ਸਭ ਲੋਕ ਮੰਨਦੇ ਪੂਜਦੇ ਹਨ।

**ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ ॥**

ਨਿਰਗੁਣ ਰੂਪ ਵਿੱਚ ਇੱਕ ਹੈ ਤੇ ਸਰਗੁਣ ਰੂਪ ਉਸ ਨੇ ਅਨੇਕਾਂ ਧਾਰਨ ਕੀਤੇ ਹਨ।

---

੧. ਸੰਪੂਰਨ

**ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ ॥੮੧॥**

ਪਰਮਾਤਮਾ ਸਰਗੁਣ ਸਰੂਪ ਵਿੱਚ, ਜਗਤ-ਖੇਡ ਖੇਡਦਾ ਹੈ, ਜਦੋਂ ਖੇਡ ਨੂੰ ਸਮੇਟਦਾ ਹੈ ਅੰਤ ਨੂੰ ਉਹ ਮੁੜ ਇੱਕ ਹੋ ਜਾਂਦਾ ਹੈ।

**ਦੇਵ ਭੇਵ ਨ ਜਾਨਹੀ ਜਿਹ [1]ਬੇਦ ਅਉਰ [2]ਕਤੇਬ ॥**

ਜਿਸ ਦਾ ਭੇਦ ਨਾ ਦੇਵਤੇ, ਨਾ ਬੇਦ ਤੇ ਨਾ ਹੀ ਸਾਮੀ ਮੱਤ ਦੀਆਂ ਪੁਸਤਕਾਂ ਜਾਣਦੀਆਂ ਹਨ।

**ਰੂਪ ਰੰਗ ਨ ਜਾਤਿ ਪਾਤਿ ਸੁ ਜਾਨਈ ਕਿਹ ਜੇਬ ॥**

ਉਸ ਦਾ ਰੂਪ-ਰੰਗ, ਜਾਤ-ਪਾਤ, ਗੋਤ ਕੋਈ ਨਹੀਂ ਜਾਣਦਾ।

**ਤਾਤ ਮਾਤ ਨ ਜਾਤ ਜਾਕਰ ਜਨਮ ਮਰਨ ਬਿਹੀਨ ॥**

ਪਰਮਾਤਮਾ ਦਾ ਨਾ ਕੋਈ ਪਿਤਾ ਨਾ ਮਾਤਾ ਨਾ ਬਿੰਦੀ ਸੰਤਾਨ ਤੇ ਨਾ ਹੀ ਉਸਦੀ ਕੋਈ ਜਾਤ ਹੈ। ਉਹ ਜਨਮ ਮਰਨ ਦੇ ਚੱਕਰ ਤੋਂ ਮੁਕਤ ਹੈ।

**[3]ਚੱਕ੍ਰ ਬੱਕ੍ਰ ਫਿਰੈ [4]ਚਤੁਰ ਚੱਕ ਮਾਨਹੀ ਪੁਰ ਤੀਨ ॥੮੨॥**

ਜਿਸ ਦਾ ਹੁਕਮ ਰੂਪੀ ਚੱਕਰ ਬਹੁਤ ਤੇਜੀ ਨਾਲ ਚੌਹਾਂ ਚੱਕਾਂ ਵਿੱਚ ਭੌਂਦਾ ਹੈ। ਉਸ ਦਾ ਹੁਕਮ ਤਿੰਨਾਂ ਹੀ ਲੋਕਾਂ ਅੰਦਰ ਮੰਨਿਆ ਜਾਂਦਾ ਹੈ।

**ਲੋਕ ਚਉਦਹ ਕੇ ਬਿਖੈ ਜਗ ਜਾਪਹੀ ਜਿਹ ਜਾਪ ॥**

ਚੌਦਾਂ ਹੀ ਭਵਨਾਂ ਵਿੱਚ ਸੰਸਾਰ ਦੇ ਜੀਵ ਉਸ ਦਾ ਅਰਾਧਨ ਕਰਦੇ ਹਨ।

**ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਬੈ ਜਿਹ ਥਾਪਿ ॥**

ਪਰਮੇਸ਼ਰ ਜਗਤ ਰਚਨਾ ਦੇ ਅਰੰਭ ਕਾਲ ਤੋਂ ਹੀ ਪ੍ਰਕਾਸ਼ਮਾਨ ਹੈ।ਉਹ ਆਦਿ ਰਹਿਤ ਹੈ। ਉਸ ਨੇ ਸਾਰੇ ਜਗਤ ਦੇ ਥਾਟ ਨੂੰ ਸਥਾਪਤ ਕੀਤਾ ਹੈ।

---

੧. ਚਾਰ ਵੇਦ:- ਸ਼ਾਮ, ਯੁਜਰ, ਰਿਗ, ਅਥਰਵਣ ੨. ਤੌਰੇਤ ਜੰਬੂਰ, ਅੰਜ਼ੀਲ, ਕੁਰਾਨ
੩. ਕਠਨ-ਹੁਕਮ ਦਾ ਚੱਕਰ ੪. ਚਾਰੇ ਪਾਸੇ

**ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖ ਅਪਾਰ ॥**

ਉਹ ਪਰਮ ਸ੍ਰੇਸ਼ਟ, ਪਵਿੱਤ੍ਰ ਸਰੂਪ, ਪਾਰਾਵਾਰ ਤੋਂ ਰਹਿਤ, ਪੂਰਨ ਪੁਰਖ ਹੈ।

**ਸਰਬ ਬਿਸ੍ਵ ਰਚਿਓ ਸੁਯੰਭਵ ਗੜਨ ਭੰਜਨਹਾਰ ॥੮੩॥**

ਉਸ ਪ੍ਰਭੂ ਨੇ ਸਾਰੇ ਸੰਸਾਰ ਦੀ ਸਿਰਜਨਾ ਕੀਤੀ ਤੇ ਆਪ ਸੁਤੇ ਪ੍ਰਕਾਸ਼ ਹੋ ਕੇ ਸਾਰੇ ਸੰਸਾਰ ਨੂੰ ਬਨਾਉਣ ਤੇ ਢਾਹੁਣ ਦੀ ਸਤਿਆ ਆਪਣੇ ਹੱਥ ਵਿੱਚ ਰੱਖੀ ਹੈ।

**ਕਾਲ ਹੀਨ ਕਲਾ ਸੰਜੁਗਤਿ ਅਕਾਲ ਪੁਰਖ ਅਦੇਸ ॥**

ਉਸ ਕਾਲ ਰਹਿਤ, ਸਰਬ ਕਲਾ ਸੰਪੰਨ, ਅਕਾਲ ਪੁਰਖ ਨੂੰ ਨਮਸ਼ਕਾਰ ਹੈ।

**ਧਰਮ ਧਾਮ ਸੁ ਭਰਮ ਰਹਿਤ ਅਭੂਤ ਅਲਖ ਅਭੇਸ ॥**

ਉਹ ਪ੍ਰਭੂ, ਧਰਮ ਦਾ ਸੋਮਾਂ, ਭਰਮ ਤੋਂ ਨਿਰਲੇਪ, ਪੰਜਾਂ ਤੱਤਾਂ ਤੋਂ ਰਹਿਤ, ਅਦ੍ਰਿਸ਼ਟ ਤੇ ਭੇਖ ਰਹਿਤ ਹੈ।

**ਅੰਗ [1]ਰਾਗ ਨ ਰੰਗ ਜਾਕਹਿ ਜਾਤਿ ਪਾਤਿ ਨ ਨਾਮ ॥**

ਉਸ ਨੂੰ ਸਰੀਰ ਦਾ ਮੋਹ ਨਹੀਂ, ਉਹ ਰੂਪ-ਰੰਗ, ਜਾਤ-ਗੋਤ ਤੇ ਵਿਸ਼ੇਸ਼ ਨਾਮ ਤੋਂ ਰਹਿਤ ਹੈ।

**ਗਰਬ ਗੰਜਨ ਦੁਸਟ ਭੰਜਨ ਮੁਕਤਿ ਦਾਇਕ ਕਾਮ ॥੮੪॥**

ਉਹ ਸਭ ਦਾ ਹੰਕਾਰ ਤੋੜਨ ਵਾਲਾ, ਦੁਸ਼ਟਾਂ ਨੂੰ ਨਾਸ਼ ਕਰਨ ਵਾਲਾ, ਮੁਕਤੀ-ਦਾਤਾ ਤੇ ਸਭਨਾਂ ਦੀਆਂ ਮਨੋ-ਕਾਮਨਾਂ ਪੂਰੀਆਂ ਕਰਨ ਵਾਲਾ ਹੈ।

**ਆਪ ਰੂਪ [2]ਅਮੀਕ ਅਨ ਉਸਤਤਿ ਏਕ ਪੁਰਖ ਅਵਧੂਤ ॥**

ਉਹ ਆਪਣੇ ਵਰਗਾ ਆਪ ਹੀ ਹੈ, ਉਹ ਅੱਤ ਗੰਭੀਰ, ਉਸਤਤ

---

੧. ਸਰੀਰ ਦਾ ਮੋਹ ੨. ਗੰਭੀਰ (ਡੂੰਘਾ)

ਤੋਂ ਰਹਿਤ, ਪਵਿੱਤ੍ਰ, ਉਦਾਰ-ਪੁਰਖ ਹੈ।

**ਗਰਬ ਗੰਜਨ ਸਰਬ ਭੰਜਨ ਆਦਿ ਰੂਪ [1]ਅਸੂਤ ॥**

ਉਹ ਹੰਕਾਰ ਦਾ ਨਾਸ ਕਰਤਾ ਤੇ ਸਭਨਾਂ ਦਾ ਚਕਨਾਚੂਰ ਕਰਨ ਵਾਲਾ, ਆਦਿ ਰੂਪ, ਜਨਮ ਜੋਨ ਤੋਂ ਰਹਿਤ ਹੈ।

**ਅੰਗ ਹੀਨ ਅਭੰਗ [2]ਅਨਾਤਮ ਏਕ ਪੁਰਖ ਅਪਾਰ ॥**

ਉਹ ਸਰੀਰ ਰਹਿਤ, ਨਾਮ ਰਹਿਤ, ਆਤਮਾ ਰਹਿਤ, ਅਪਾਰ ਪੁਰਖ ਹੈ।

**ਸਰਬ ਲਾਇਕ ਸਰਬ ਘਾਇਕ ਸਰਬ ਕੋ ਪ੍ਰਤਿਪਾਰ ॥੮੫॥**

ਉਹ ਸਭ ਕੁਝ ਕਰਨ ਦੇ ਯੋਗ, ਸਾਰਿਆਂ ਦਾ ਸੰਘਾਰ ਕਰਤਾ ਤੇ ਸਾਰਿਆਂ ਦੀ ਪਾਲਣਾ ਕਰਨ ਵਾਲਾ ਹੈ।

**ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ ॥**

ਉਸ ਦੀ ਹਰ ਥਾਂ ਤੱਕ ਪਹੁੰਚ ਹੈ। ਸਾਰਿਆਂ ਨੂੰ ਲੈਅ ਕਰਨ ਵਾਲਾ ਤੇ ਸਭ ਤੋਂ ਨਿਰਾਲਾ ਹੈ।

**ਸਰਬ ਸਾਸਤ੍ਰ ਨ ਜਾਨਹੀ ਜਿਹ ਰੂਪ ਰੰਗੁ ਅਰੁ ਰੇਖ ॥**

ਉਸ ਦੇ ਰੂਪ-ਰੰਗ ਤੇ ਅਕਾਰ ਨੂੰ ਸਾਰੇ ਸ਼ਾਸਤ੍ਰ ਵੀ ਨਹੀਂ ਜਾਣਦੇ।

**ਪਰਮ ਬੇਦ ਪੁਰਾਣ ਜਾਕਹਿ ਨੇਤ ਭਾਖਤ ਨਿੱਤ ॥**

ਉਹ ਸਾਰਿਆਂ ਦਾ ਸਿਰਮੌਰ ਹੈ, ਬੇਦ ਤੇ ਪੁਰਾਣ ਆਦਿ ਧਰਮ ਗ੍ਰੰਥ ਵੀ ਉਸ ਨੂੰ ਬੇਅੰਤ ਬੇਅੰਤ ਪੁਕਾਰਦੇ ਹਨ।

**ਕੋਟਿ ਸਿੰਮ੍ਰਿਤ ਪੁਰਾਨ ਸਾਸਤ੍ਰ ਨ ਆਵਈ ਵਹੁ ਚਿੱਤ ॥੮੬॥**

ਪਰਮਾਤਮਾ ਕ੍ਰੋੜਾਂ ਸਿਮ੍ਰਤੀਆਂ-ਪੁਰਾਣਾਂ ਅਤੇ ਸ਼ਾਸਤਰਾਂ ਦੀ ਪਕੜ ਵਿੱਚ ਨਹੀਂ ਆਉਂਦਾ।

---

੧. ਅਜਨਮ ੨. ਆਤਮਾ ਰਹਿਤ

## ਮਧੁਭਾਰ ਛੰਦ ॥ ਤ੍ਵ ਪ੍ਰਸਾਦਿ ॥

ਛੰਦ ਦੀ ਕਿਸਮ। ਤੁਹਾਡੀ ਕ੍ਰਿਪਾ ਨਾਲ ਕਥਨ ਕਰਦਾ ਹਾਂ।

**ਗੁਨ ਗਨ ਉਦਾਰ ॥ ਮਹਿਮਾ ਅਪਾਰ ॥**

ਹੇ ਪ੍ਰਭੂ ! ਤੂੰ ਗੁਣਾਂ ਦਾ ਪੁੰਜ ਤੇ ਸਖੀ ਸੁਭਾਅ ਵਾਲਾ ਉਪਮਾਂ ਰਹਿਤ ਹੈਂ।

**ਆਸਨ ਅਭੰਗ ॥ ਉਪਮਾ ਅਨੰਗ[1] ॥੮੭॥**

ਹੇ ਪ੍ਰਭੂ ! ਤੂੰ ਅਡੋਲ ਸਿੰਘਾਸਣ ਵਾਲਾ ਹੈਂ। ਤੇਰੀ ਉਪਮਾਂ ਬੇ-ਮਿਸਾਲ ਹੈ।

**ਅਨਭਉ ਪ੍ਰਕਾਸ ॥ ਨਿਸਦਿਨ ਅਨਾਸ ॥**

ਹੇ ਪ੍ਰਭੂ! ਤੂੰ ਸੁਤੇ-ਪ੍ਰਕਾਸ਼ ਤੇ ਸਦੀਵ-ਕਾਲ ਨਾਸ਼-ਰਹਿਤ ਹੈਂ।

**ਆਜਾਨ ਬਾਹੁ ॥ ਸਾਹਾਨ ਸਾਹੁ ॥੮੮॥**

ਹੇ ਪ੍ਰਭੂ! ਤੂੰ ਸਾਰੀ ਪ੍ਰਕਿਰਤੀ ਨੂੰ ਹੁਕਮ ਵਿੱਚ ਚਲਾਉਣ ਵਾਲਾ ਤੇ ਸ਼ਾਹਾਂ ਦਾ ਸਿਰਮੌਰ ਸ਼ਾਹ ਹੈਂ।

**ਰਾਜਾਨ ਰਾਜ ॥ ਭਾਨਾਨ ਭਾਨ ॥**

ਹੇ ਪ੍ਰਭੂ! ਤੂੰ ਰਾਜਿਆਂ ਦਾ ਰਾਜਾ ਤੇ ਸੂਰਜਾਂ ਦਾ ਪਰਮ ਸੂਰਜ ਹੈਂ।

**ਦੇਵਾਨ ਦੇਵ ॥ ਉਪਮਾ ਮਹਾਨ ॥੮੯॥**

ਹੇ ਪ੍ਰਭੂ! ਤੂੰ ਦੇਵਤਿਆਂ ਦਾ ਸ਼੍ਰੋਮਣੀ ਦੇਵ ਤੇ ਮਹਾਨ ਉਪਮਾਂ ਵਾਲਾ ਹੈਂ।

**ਇੰਦ੍ਰਾਨ ਇੰਦ੍ਰ ॥ ਬਾਲਾਨ ਬਾਲ ॥**

ਹੇ ਪ੍ਰਭੂ! ਤੂੰ ਇੰਦ੍ਰਾਂ ਦਾ ਇੰਦ੍ਰ ਤੇ ਉੱਚਿਆਂ ਤੋਂ ਉੱਚਾ ਹੈਂ।

**ਰੰਕਾਨ ਰੰਕ ॥ ਕਾਲਾਨ ਕਾਲ ॥੯੦॥**

ਹੇ ਪ੍ਰਭੂ! ਤੂੰ ਸਰਬ ਬਿਆਪਕ ਹੋ ਕੇ ਕੰਗਾਲਾਂ ਦਾ ਮਹਾਂ ਕੰਗਾਲ ਤੇ ਕਾਲ ਦਾ ਵੀ ਮਹਾਂਕਾਲ ਹੈਂ।

---
੧. ਬੇਮਿਸਾਲ

**ਅਨਭੂਤ ਅੰਗ ॥ ਆਭਾ ਅਭੰਗ ॥**

ਹੇ ਪ੍ਰਭੂ ! ਤੂੰ ਪੰਜ ਭੂਤਕ ਸਰੀਰ ਤੋਂ ਬਿਨਾਂ ਹੈਂ। ਤੇਰੀ ਆਭਾ ਸਥਾਈ ਹੈ।

**ਗਤਿ ਮਿਤਿ ਅਪਾਰ॥ ਗੁਨ ਗਨ ਉਦਾਰ॥੯੧॥**

ਹੇ ਪ੍ਰਭੂ! ਤੇਰੀ ਲੀਲ੍ਹਾ ਅਪਰ ਅਪਾਰ ਹੈ। ਤੂੰ ਗੁਣਾਂ ਦਾ ਸਮੂਹ ਤੇ ਉਦਾਰ ਚਿੱਤ ਹੈਂ।

**ਮੁਨਿ ਗਨ ਪ੍ਰਨਾਮ ॥ ਨਿਰਭੈ ਨਿਕਾਮ ॥**

ਹੇ ਪ੍ਰਭੂ! ਤੈਨੂੰ ਸਾਰੇ ਮੁਨੀ ਪ੍ਰਨਾਮ ਕਰਦੇ ਹਨ। ਤੂੰ ਭੈ ਤੇ ਕਾਮਨਾ ਰਹਿਤ ਹੈਂ।

**ਅਤਿ ਦੁਤਿ ਪ੍ਰਚੰਡ॥ ਮਿਤਿ ਗਤਿ ਅਖੰਡ॥੯੨॥**

ਆਪ ਦਾ ਤੇਜ ਪ੍ਰਤਾਪ ਅੱਤ ਪ੍ਰਬਲ ਹੈ। ਆਪ ਦੀ ਲੀਲ੍ਹਾ ਤੇ ਸੀਮਾਂ ਅਖੰਡ ਹੈ।

**ਆਲਿਸ੍ਯ ਕਰਮ ॥ ਆਦ੍ਰਿਸ੍ਯ ਧਰਮ ॥**

ਹੇ ਪ੍ਰਭੂ! ਤੇਰੇ ਸਾਰੇ ਕਰਮ ਆਪੇ ਆਪ ਹੋ ਰਹੇ ਹਨ। ਤੇਰਾ ਧਰਮ ਆਦਰਸ਼ਕ ਹੈ।

**ਸਰਬਾ ਭਰਣਾਢਯ ॥ ਅਨਡੰਡ ਬਾਢਯ ॥੯੩॥**

ਹੇ ਪ੍ਰਭੂ! ਤੂੰ ਸਾਰਿਆਂ ਦਾ ਪ੍ਰਤਿਪਾਲਕ ਹੈਂ। ਤੂੰ ਨਿਹਚੇ ਹੀ ਦੰਡ-ਦੋਸ਼ ਤੋਂ ਰਹਿਤ ਹੈਂ।

**ਚਾਚਰੀ ਛੰਦ ॥ ਤ੍ਵ ਪ੍ਰਸਾਦਿ ॥**

ਛੰਦ ਦੀ ਕਿਸਮ। ਤੁਹਾਡੀ ਮਿਹਰ ਨਾਲ ਕਥਨ ਕਰਦਾ ਹਾਂ।

**ਗੁਬਿੰਦੇ ॥ ਮੁਕੰਦੇ ॥**

ਹੇ ਪ੍ਰਭੂ! ਤੂੰ ਸਭ ਦੇ ਦਿਲ ਦੀ ਬਿਰਥਾ ਜਾਣਦਾ ਹੈਂ ਤੇ ਮੁਕਤੀ ਦਾ ਦਾਤਾ ਹੈਂ।

**ਉਦਾਰੇ ॥ ਅਪਾਰੇ ॥੯੪॥**

ਹੇ ਪ੍ਰਭੂ! ਤੂੰ ਉਦਾਰ ਚਿੱਤ ਤੇ ਅਪਰ ਅਪਾਰ ਹੈਂ।

**ਹਰੀਅੰ ॥ ਕਰੀਅੰ ॥**

ਤੁਸੀਂ ਸਾਰਿਆਂ ਦਾ ਨਾਸ਼ ਕਰਨ ਵਾਲੇ ਤੇ ਸਭ ਦੇ ਕਰਤੇ ਹੋ।

**ਨ੍ਰਿਨਾਮੇ ॥ ਅਕਾਮੇ ॥੯੫॥**

ਤੁਸੀਂ ਨਾਮ ਤੋਂ ਰਹਿਤ ਤੇ ਕਾਮਨਾ(ਇੱਛਾ) ਤੋਂ ਮੁਕਤ ਹੋ।

**ਭੁਜੰਗ ਪ੍ਰਯਾਤ ਛੰਦ ॥**

ਕਾਵਿ ਛੰਦ ਦੀ ਕਿਸਮ।

**ਚੱਤ੍ਰ ਚੱਕ੍ਰ ਕਰਤਾ ॥ ਚੱਤ੍ਰ ਚੱਕ੍ਰ ਹਰਤਾ ॥**

ਹੇ ਪ੍ਰਭੂ! ਤੁਸੀਂ ਚੌਹਾਂ ਚੱਕਾਂ ਵਿੱਚ ਵਿਸ਼ਵ ਕਰਤਾ ਤੇ ਵਿਨਾਸ਼ ਕਰਤਾ ਹੋ।

**ਚੱਤ੍ਰ ਚੱਕ੍ਰ ਦਾਨੇ ॥ ਚੱਤ੍ਰ ਚੱਕ੍ਰ ਜਾਨੇ ॥੯੬॥**

ਤੁਸੀਂ ਸਾਰੇ ਸੰਸਾਰ ਨੂੰ ਦਾਨ ਤੇ ਗਿਆਨ ਦੇਣ ਵਾਲੇ ਹੋ।

**ਚੱਤ੍ਰ ਚੱਕ੍ਰ ਵਰਤੀ ॥ ਚੱਤ੍ਰ ਚੱਕ੍ਰ ਭਰਤੀ ॥**

ਤੁਸੀਂ ਸਰਬ ਵਿੱਚ ਵਰਤਦੇ ਤੇ ਸਰਬ ਦੀ ਪਾਲਣਾ ਕਰਦੇ ਹੋ।

**ਚੱਤ੍ਰ ਚੱਕ੍ਰ ਪਾਲੇ ॥ ਚੱਤ੍ਰ ਚੱਕ੍ਰ ਕਾਲੇ ॥੯੭॥**

ਤੁਸੀਂ ਸਾਰਿਆਂ ਦੀ ਪਾਲਣਾ ਤੇ ਨਾਸ਼ ਕਰਨ ਵਾਲੇ ਹੋ।

**ਚੱਤ੍ਰ ਚੱਕ੍ਰ ਪਾਸੇ ॥ ਚੱਤ੍ਰ ਚੱਕ੍ਰ ਵਾਸੇ ॥**

ਤੁਸੀਂ ਸਰਬ ਵਿਸ਼ਵ ਤੋਂ ਨਿਰਲੇਪ ਤੇ ਸਾਰਿਆਂ ਵਿੱਚ ਨਿਵਾਸ ਕਰਤਾ ਹੋ।

**ਚੱਤ੍ਰ ਚੱਕ੍ਰ ਮਾਨਯੈ ॥ ਚੱਤ੍ਰ ਚੱਕ੍ਰ ਦਾਨਯੈ ॥੯੮॥**

ਹੇ ਪ੍ਰਭੂ! ਚੌਹਾਂ ਚੱਕਾਂ (ਵਿਸ਼ਵ) ਵਿੱਚ ਤੁਹਾਡੀ ਮਾਨਤਾ ਹੈ ਤੇ ਤੁਸੀਂ ਸਾਰਿਆਂ ਨੂੰ ਦਾਨ ਦਿੰਦੇ ਹੋ।

**ਚਾਚਰੀ ਛੰਦ ॥**

ਕਾਵਿ ਛੰਦ ਦੀ ਕਿਸਮ।

**ਨ ਸੱਤ੍ਰੈ ॥ ਨ ਮਿੱਤ੍ਰੈ ॥**

ਹੇ ਪ੍ਰਭੂ! ਨਾ ਕੋਈ ਤੁਹਾਡਾ ਵੈਰੀ ਹੈ ਨਾ ਮਿੱਤਰ ਹੈ।

**ਨ ਭਰਮੰ ॥ ਨ ਭਿੱਤ੍ਰੈ ॥੯੯॥**

ਆਪ ਨੂੰ ਨਾ ਕੋਈ ਭਰਮ ਹੈ ਅਤੇ ਨਾ ਹੀ ਕੋਈ ਭੈ ਹੈ।

**ਨ ਕਰਮੰ ॥ ਨ ਕਾਏ ॥**

ਤੁਸੀਂ ਕਰਮ ਰਹਿਤ ਤੇ ਸਰੀਰ ਰਹਿਤ ਹੋ।

**ਅਜਨਮੰ ॥ ਅਜਾਏ ॥੧੦੦॥**

ਤੁਸੀਂ ਜਨਮ ਰਹਿਤ ਤੇ ਸਥਾਨ ਰਹਿਤ ਹੋ।

**ਨ ਚਿੱਤ੍ਰੈ ॥ ਨ ਮਿੱਤ੍ਰੈ ॥**

ਹੇ ਪ੍ਰਭੂ! ਤੁਸੀਂ ਚਿੱਤ੍ਰ ਰਹਿਤ ਤੇ ਮਿੱਤ੍ਰ ਰਹਿਤ ਹੋ।

**ਪਰੇ ਹੈਂ ॥ ਪਵਿੱਤ੍ਰੈ ॥੧੦੧॥**

ਤੁਸੀਂ ਤ੍ਰਿਗੁਣੀ ਮਾਇਆ ਤੋਂ ਪਰੇ ਪਰਮ ਪਵਿੱਤ੍ਰ ਹੋ।

**ਪ੍ਰਿਥੀਸੈ ॥ ਅਦੀਸੈ ॥**

ਤੁਸੀਂ ਪ੍ਰਿਥਵੀ ਦੇ ਮਾਲਕ ਤੇ ਅਦ੍ਰਿਸ਼ਟ ਹੋ।

**ਅਦ੍ਰਿਸੈ ॥ ਅਕ੍ਰਿਸੈ ॥੧੦੨॥**

ਤੁਹਾਨੂੰ ਸਥੂਲ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ, ਤੁਸੀਂ ਬਲਵਾਨ ਹੋ।

**ਭਗਵਤੀ ਛੰਦ ॥ ਤ੍ਵ ਪ੍ਰਸਾਦਿ ਕਥਤੇ ॥**

ਕਾਵਿ ਛੰਦ ਦੀ ਕਿਸਮ। ਤੁਹਾਡੀ ਕ੍ਰਿਪਾ ਨਾਲ ਕਥਨ ਕਰਦਾ ਹਾਂ।

**ਕਿ ਆਛਿੱਜ ਦੇਸੈ ॥ ਕਿ ਆਭਿੱਜ ਭੇਸੈ ॥**

ਹੇ ਪ੍ਰਭੂ! ਆਪ ਜੀ ਨਾਸ਼ ਰਹਿਤ ਦੇਸ਼ ਦੇ ਵਾਸੀ ਤੇ ਕਿਸੇ ਵਿਸ਼ੇਸ਼ ਪਹਿਰਾਵੇ ਤੇ ਪਤੀਜਣ ਵਾਲੇ ਨਹੀਂ ਹੋ।

**ਕਿ ਆਗੰਜ ਕਰਮੈ ॥ ਕਿ ਆਭੰਜ ਭਰਮੈ ॥੧੦੩॥**

ਤੁਹਾਡਾ ਕਰਮ ਕਦੇ ਨਾਸ਼ ਨਹੀਂ ਹੁੰਦਾ। ਤੁਸੀਂ ਭਰਮਾਂ ਨੂੰ ਖਤਮ ਕਰਨ ਵਾਲੇ ਹੋ।

**ਕਿ ਆਭਿਜ ਲੋਕੈ ॥ ਕਿ [1]ਆਦਿਤ ਸੋਕੈ ॥**

ਆਪ ਜੀ ਸਥਿਰ ਦੇਸ਼ ਦੇ ਵਾਸੀ ਹੋ ਤੇ ਤੁਸੀਂ ਸੂਰਜ ਦੀ ਸਤਿਆ ਨੂੰ ਵੀ ਖਤਮ ਕਰ ਸਕਦੇ ਹੋ।

**ਕਿ ਅਵਧੂਤ ਬਰਨੈ ॥ ਕਿ ਬਿਭੂਤ ਕਰਨੈ ॥੧੦੪॥**

ਤੁਸੀਂ ਮਾਇਕੀ ਰੂਪ-ਰੰਗ ਤੋਂ ਉਦਾਰ ਹੋ, ਪਰ ਐਸ਼ਵਰਜ ਸੰਪਦਾ ਦੇ ਕਰਤਾ ਹੋ।

**ਕਿ ਰਾਜੰ ਪ੍ਰਭਾ ਹੈਂ ॥ ਕਿ ਧਰਮੰ [2]ਧੁਜਾ ਹੈਂ ॥**

ਹੇ ਪ੍ਰਭੂ! ਤੁਸੀਂ ਰਾਜਿਆਂ ਦੇ ਤੇਜ ਹੋ ਤੇ ਧਰਮ ਦੇ ਨਿਸ਼ਾਨ ਹੋ।

**ਕਿ [3]ਆਸੋਕ ਬਰਨੈ ॥ ਕਿ ਸਰਬਾ [4]ਅਭਰਨੈ ॥੧੦੫॥**

ਹੇ ਪ੍ਰਭੂ! ਤੁਸੀਂ ਸ਼ੋਕ ਰਹਿਤ ਤੇ ਸਾਰਿਆਂ ਦੇ ਸ਼ਿੰਗਾਰ ਹੋ।

**ਕਿ ਜਗਤੰ ਕ੍ਰਿਤੀ ਹੈਂ ॥ ਕਿ ਛਤ੍ਰੰ ਛਤ੍ਰੀ ਹੈਂ ॥**

ਹੇ ਪ੍ਰਭੂ! ਤੁਸੀਂ ਸੰਸਾਰ ਦੇ ਕਰਤਾ ਤੇ ਸੂਰਬੀਰਾਂ ਦੇ ਸੂਰਬੀਰ ਹੋ।

**ਕਿ ਬ੍ਰਹਮੰ ਸਰੂਪੈ ॥ ਕਿ ਅਨਭਉ ਅਨੂਪੈ ॥੧੦੬॥**

ਆਪ ਸਰਬ ਵਿਆਪੀ ਸਰੂਪ ਵਾਲੇ, ਭਉ ਰਹਿਤ ਤੇ ਉਪਮਾਂ ਰਹਿਤ ਹੋ।

---

੧. ਆਦਿਤ ਦਾ ਪੁੱਤਰ(ਸੂਰਜ) ੨. ਝੰਡਾ-ਨਿਸ਼ਾਨ ੩. ਸ਼ੋਕ ਰਹਿਤ ੪.ਸ਼ਿੰਗਾਰ ਵਾਲੇ ਆਭੂਖਣ

**ਕਿ ਆਦਿ ਅਦੇਵ ਹੈਂ ॥ ਕਿ ਆਪਿ ਅਭੇਵ ਹੈਂ ॥**

ਹੇ ਪ੍ਰਭੂ! ਤੁਸੀਂ ਮੁੱਢ ਤੋਂ ਇਸ਼ਟ ਰਹਿਤ ਤੇ ਭੇਦ ਰਹਿਤ ਹੋ।

**ਕਿ ਚਿੱਤ੍ਰੰ ਬਿਹੀਨੈ ॥ ਕਿ ਏਕੈ ਅਧੀਨੈ ॥੧੦੭॥**

ਹੇ ਪ੍ਰਭੂ! ਤੂੰ ਚਿੱਤ੍ਰ ਰਹਿਤ ਹੈਂ। ਤੈਨੂੰ ਕਿਸੇ ਦੀ ਮੁਹਤਾਜੀ ਨਹੀਂ ਹੈ।

**ਕਿ ਰੋਜ਼ੀ ਰਜ਼ਾਕੈ ॥ ਰਹੀਮੈ [1]ਰਿਹਾਕੈ ॥**

ਆਪ ਸਭ ਨੂੰ ਰਿਜ਼ਕ ਤੇ ਰਿਹਾਈ ਦੇਣ ਵਾਲੇ ਬੰਦੀ-ਛੋੜ ਹੋ।

**ਕਿ ਪਾਕ ਬਿਐਬ ਹੈਂ ॥ ਕਿ ਗੈਬੁਲ ਗ਼ੈਬ ਹੈਂ ॥੧੦੮॥**

ਆਪ ਜੀ ਪਵਿੱਤ੍ਰ, ਦੋਸ਼ ਰਹਿਤ ਤੇ ਗੁਪਤ ਤੋਂ ਵੀਂ ਗੁਪਤ ਹੋ।

**ਕਿ [2]ਅਫਵੁਲ ਗੁਨਾਹ ਹੈਂ ॥ ਕਿ ਸ਼ਾਹਾਨ ਸ਼ਾਹ ਹੈਂ ॥**

ਹੇ ਪ੍ਰਭੂ! ਤੂੰ ਗੁਨਾਹਾਂ ਨੂੰ ਮੁਆਫ਼ ਕਰਨ ਵਾਲਾ ਤੇ ਸ਼ਾਹਾਂ ਦਾ ਪਾਤਸ਼ਾਹ ਹੈਂ।

**ਕਿ ਕਾਰਨ [3]ਕੁਨਿੰਦ ਹੈਂ ॥ ਕਿ ਰੋਜ਼ੀ ਦਿਹੰਦ ਹੈਂ ॥੧੦੯॥**

ਹੇ ਪ੍ਰਭੂ! ਤੂੰ ਸਾਰੇ ਕਾਰਨਾਂ ਦਾ ਕਰਤਾ ਤੇ ਸਭ ਨੂੰ ਰੋਜ਼ੀ ਦੇਣ ਵਾਲਾ ਹੈਂ।

**ਕਿ ਰਾਜ਼ਕ ਰਹੀਮ ਹੈਂ ॥ ਕਿ ਕਰਮੰ ਕਰੀਮ ਹੈਂ ॥**

ਹੇ ਪ੍ਰਭੂ! ਤੂੰ ਅੰਨਦਾਤਾ ਹੈਂ। ਤਰਸਵਾਨ ਤੇ ਮਿਹਰਾਂ ਦੀ ਸ਼ਿਖਰ ਹੈਂ।

**ਕਿ ਸਰਬੰ [4]ਕਲੀ ਹੈਂ ॥ ਕਿ ਸਰਬੰ ਦਲੀ ਹੈਂ ॥੧੧੦॥**

ਹੇ ਪ੍ਰਭੂ! ਤੁਸੀਂ ਸਾਰਿਆਂ ਨੂੰ ਸ਼ਕਤੀ ਪ੍ਰਦਾਨ ਕਰਨ ਵਾਲੇ ਤੇ ਸਾਰਿਆਂ ਦੇ ਸੰਘਾਰ ਕਰਤਾ ਹੋ।

**ਕਿ ਸਰਬੱਤ੍ਰ ਮਾਨਿਯੈ ॥ ਕਿ ਸਰਬੱਤ੍ਰ ਦਾਨਿਯੈ ॥**

ਆਪ ਦੀ ਸਭ ਥਾਂਈਂ ਮਾਨਤਾ ਹੈ। ਤੁਸੀਂ ਹੀ ਸਭ ਦੇ ਦਾਤੇ ਹੋ।

**ਕਿ ਸਰਬੱਤ੍ਰ [5]ਗਉਨੈ ॥ ਕਿ ਸਰਬੱਤ੍ਰ [6]ਭਉਨੈ ॥੧੧੧॥**

ਆਪ ਜੀ ਸਾਰਿਆਂ ਵਿੱਚ ਵਿਚਰਨ ਵਾਲੇ ਤੇ ਸਾਰਿਆਂ ਭਵਨਾਂ ਵਿੱਚ ਮੌਜੂਦ ਹੋ।

---

੧. ਰਿਹਾਈ ਕਰਨ ਵਾਲੇ ੨. ਮਾਫ਼ ਕਰਨ ਵਾਲਾ ੩. ਕਰਤਾ ੪. ਸ਼ਕਤੀ ਦੇਣ ਵਾਲਾ ੫. ਵਿਚਰਨ ਵਾਲਾ ੬. ਸਾਰੇ ਭਵਨ

**ਕਿ ਸਰਬੱਤ੍ਰ ਦੇਸੈ ॥ ਕਿ ਸਰਬੱਤ੍ਰ ਭੇਸੈ ॥**

ਹੇ ਪਰਮਾਤਮਾ! ਤੁਸੀਂ ਸਾਰੇ ਦੇਸ਼ਾਂ ਤੇ ਸਾਰੇ ਭੇਸਾਂ ਵਿੱਚ ਰਮੇਂ ਹੋਏ ਹੋ।

**ਕਿ ਸਰਬੱਤ੍ਰ ਰਾਜੈ ॥ ਕਿ ਸਰਬੱਤ੍ਰ ਸਾਜੈ ॥੧੧੨॥**

ਹੇ ਪ੍ਰਭੂ! ਤੂੰ ਸਰਬ ਥਾਂਈਂ ਪ੍ਰਕਾਸ਼ਕ ਤੇ ਸਾਰਿਆਂ ਦੀ ਸਾਜਨਾ ਕਰਨ ਵਾਲਾ ਹੈਂ।

**ਕਿ ਸਰਬੱਤ੍ਰ ਦੀਨੈ ॥ ਕਿ ਸਰਬੱਤ੍ਰ ਲੀਨੈ ॥**

ਹੇ ਪ੍ਰਭੂ! ਤੁਸੀਂ ਸਭ ਨੂੰ ਦਾਤਾਂ ਦਿੰਦੇ ਹੋ ਤੇ ਸਭ ਤੋਂ ਵਾਪਸ ਲੈਣ ਵਾਲੇ ਵੀ ਤੁਸੀਂ ਹੀ ਹੋ।

**ਕਿ ਸਰਬੱਤ੍ਰ ਜਾਹੋ ॥ ਕਿ ਸਰਬੱਤ੍ਰ ਭਾਹੋ ॥੧੧੩॥**

ਹੇ ਪ੍ਰਭੂ! ਤੂੰ ਸਭ ਥਾਂਈਂ ਜਾਹੋ ਜਲਾਲ ਵਾਲਾ ਤੇ ਸੋਭਾ ਵਾਲਾ ਹੈਂ।

**ਕਿ ਸਰਬੱਤ੍ਰ ਦੇਸੈ ॥ ਕਿ ਸਰਬੱਤ੍ਰ ਭੇਸੈ ॥**

ਹੇ ਪ੍ਰਭੂ! ਤੂੰ ਸਾਰਿਆਂ ਦੇਸ਼ਾਂ ਤੇ ਸਾਰਿਆਂ ਭੇਸਾਂ ਵਿੱਚ ਵਿਆਪਕ ਹੈਂ।

**ਕਿ ਸਰਬੱਤ੍ਰ ਕਾਲੈ ॥ ਕਿ ਸਰਬੱਤ੍ਰ ਪਾਲੈ ॥੧੧੪॥**

ਹੇ ਪ੍ਰਭੂ! ਤੂੰ ਨਾਸ਼ ਕਰਤਾ ਤੇ ਪਾਲਣਹਾਰ ਹੈਂ।

**ਕਿ ਸਰਬੱਤ੍ਰ ਹੰਤਾ ॥ ਕਿ ਸਰਬੱਤ੍ਰ ਗੰਤਾ ॥**

ਹੇ ਪਰਮਾਤਮਾ! ਤੂੰ ਸੰਘਾਰ ਕਰਤਾ ਤੇ ਸਭ ਦੀ ਗਤੀ ਕਰਨ ਵਾਲਾ ਹੈਂ।

**ਕਿ ਸਰਬੱਤ੍ਰ ਭੇਖੀ ॥ ਕਿ ਸਰਬੱਤ੍ਰ ਪੇਖੀ ॥੧੧੫॥**

ਹੇ ਪ੍ਰਭੂ! ਤੂੰ ਸਾਰਿਆਂ ਭੇਖਾਂ ਵਿੱਚ ਹੈਂ ਤੇ ਸਾਰਿਆਂ ਨੂੰ ਵੇਖ ਰਿਹਾ ਹੈਂ।

**ਕਿ ਸਰਬੱਤ੍ਰ ਕਾਜੈ ॥ ਕਿ ਸਰਬੱਤ੍ਰ ਰਾਜੈ ॥**

ਤੂੰ ਸਭ ਦਾ ਕਾਰਜ ਕਰਤਾ ਤੇ ਸਭ ਦਾ ਪ੍ਰਕਾਸ਼ ਸਰੂਪ ਹੈਂ।

**ਕਿ ਸਰਬੱਤ੍ਰ ਸੋਖੈ ॥ ਕਿ ਸਰਬੱਤ੍ਰ ਪੋਖੈ ॥੧੧੬॥**

ਹੇ ਪ੍ਰਭੂ! ਤੂੰ ਸਭ ਨੂੰ ਸੁਕਾਉਣ ਵਾਲਾ ਵੀ ਤੇ ਪਾਲਣਾ ਕਰਨ ਵਾਲਾ ਵੀ ਤੂੰ ਹੀ ਹੈਂ।

**ਕਿ ਸਰਬੱਤ੍ਰ ਤ੍ਰਾਣੈ ॥ ਕਿ ਸਰਬੱਤ੍ਰ ਪ੍ਰਾਣੈ ॥**

ਹੇ ਪ੍ਰਭੂ! ਤੂੰ ਸਾਰਿਆਂ ਨੂੰ ਤਾਕਤ ਅਤੇ ਪ੍ਰਾਣ ਦੇਣ ਵਾਲਾ ਹੈਂ।

**ਕਿ ਸਰਬੱਤ੍ਰ ਦੇਸੈ ॥ ਕਿ ਸਰਬੱਤ੍ਰ ਭੇਸੈ ॥੧੧੭॥**

ਹੇ ਵਾਹਿਗੁਰੂ! ਤੁਸੀਂ ਸਾਰੇ ਦੇਸ਼ਾਂ ਅਤੇ ਭੇਖਾਂ ਵਿੱਚ ਮੌਜੂਦ ਹੋ।

**ਕਿ ਸਰਬੱਤ੍ਰ ਮਾਨਿਯੈਂ ॥ ਸਦੈਵੰ ਪ੍ਰਧਾਨਿਯੈਂ ॥**

ਤੁਸੀਂ ਸਭ ਦੇ ਮੰਨਣਯੋਗ ਤੇ ਸਭ ਤੋਂ ਸਿਰਮੌਰ ਹੋ।

**ਕਿ ਸਰਬੱਤ੍ਰ ਜਾਪਿਯੈ ॥ ਕਿ ਸਰਬੱਤ੍ਰ ਥਾਪਿਯੈ ॥੧੧੮॥**

ਹੇ ਪ੍ਰਭੂ! ਤੈਨੂੰ ਸਾਰੇ, ਸਭ ਥਾਂਵਾਂ ਵਿੱਚ ਜੱਪਦੇ ਹਨ ਅਤੇ ਤੁਸੀਂ ਸਭ ਥਾਵਾਂ ਵਿੱਚ ਅਸਥਿੱਤ ਹੋ।

**ਕਿ ਸਰਬੱਤ੍ਰ ਭਾਨੈ ॥ ਕਿ ਸਰਬੱਤ੍ਰ ਮਾਨੈ ॥**

ਹੇ ਪ੍ਰਭੂ! ਤੂੰ ਸਭ ਦਾ ਪ੍ਰਕਾਸ਼ਕ ਹੈਂ ਤੇ ਸਭ ਦਾ ਮਾਣ-ਤਾਣ ਹੈਂ।

**ਕਿ ਸਰਬੱਤ੍ਰ ਇੰਦ੍ਰੈ ॥ ਕਿ ਸਰਬੱਤ੍ਰ [1]ਚੰਦ੍ਰੈ ॥੧੧੯॥**

ਹੇ ਪ੍ਰਭੂ! ਤੁਸੀਂ ਸਭ ਦੇ ਰਾਜੇ ਹੋ ਤੇ ਸਭ ਨੂੰ ਸ਼ਾਂਤੀ ਪ੍ਰਦਾਨ ਕਰਨ ਵਾਲੇ ਹੋ।

**ਕਿ ਸਰਬੰ [2]ਕਲੀਮੈ ॥ ਕਿ ਪਰਮੰ [3]ਫ਼ਹੀਮੈ ॥**

ਹੇ ਪ੍ਰਭੂ! ਤੂੰ ਸਭਨਾਂ ਰਾਹੀਂ ਬੋਲ ਰਿਹਾ ਹੈਂ ਤੇ ਸ਼੍ਰੇਸਟ ਬੁੱਧੀਮਾਨ ਹੈਂ।

**ਕਿ ਆਕਲ ਅਲਾਮੈ ॥ ਕਿ ਸਾਹਿਬ [4]ਕਲਾਮੈ ॥੧੨੦॥**

ਹੇ ਪ੍ਰਭੂ! ਤੂੰ ਵੱਡਾ ਅਕਲਮੰਦ ਤੇ ਸਰਬ ਬੋਲੀਆਂ ਦਾ ਧਨੀ ਹੈਂ।

---

੧. ਸ਼ੀਤਲਤਾ ਦੇਣ ਵਾਲਾ (ਚੰਦਰਮਾਂ) ੨. ਬੋਲਣਾ ੩. ਬੁੱਧੀਮਾਨ ੪. ਆਲਮ

**ਕਿ ਹੁਸਨਲ ਵਜੂ ਹੈਂ ॥ ਤਮਾਮੁਲ [1]ਰੁਜੂ ਹੈਂ ॥**

ਹੇ ਪ੍ਰਭੂ! ਤੁਸੀਂ ਸੁੰਦਰਤਾ ਦੀ ਮੂਰਤ ਹੋ ਤੇ ਸਭਨਾਂ ਵੱਲ ਧਿਆਨ ਦੇਣ ਵਾਲੇ ਹੋ।

**ਹਮੇਸੁਲ ਸਲਾਮੈਂ ॥ ਸਲੀਖਤ ਮੁਦਾਮੈਂ ॥੧੨੧॥**

ਤੁਸੀਂ ਹਮੇਸ਼ਾ ਸਲਾਮਤ ਰਹਿਣ ਵਾਲੇ ਤੇ ਸਦੀਵੀਂ ਸੰਤਾਨ ਵਾਲੇ ਹੋ।

**[2]ਗ਼ਨੀਮੁਲ ਸ਼ਿਕਸਤੈ ॥ ਗ਼ਰੀਬੁਲ ਪਰਸਤੈ ॥**

ਤੁਸੀਂ ਵੈਰੀਆਂ ਨੂੰ ਹਰਾਉਣ ਵਾਲੇ ਤੇ ਗਰੀਬਾਂ ਦੀ ਪਾਲਣਾ ਕਰਨ ਵਾਲੇ ਹੋ।

**[3]ਬਿਲੰਦੁਲ ਮਕਾਨੈਂ ॥ ਜ਼ਮੀਨੁਲ ਜ਼ਮਾਨੈਂ ॥੧੨੨॥**

ਤੁਸੀਂ ਉੱਚੇ ਤੋਂ ਉੱਚੇ ਟਿਕਾਣੇ ਵਾਲੇ ਅਤੇ ਧਰਤੀ ਅਕਾਸ਼ ਵਿੱਚ ਬਿਆਪਕ ਹੋ।

**ਤਮੀਜ਼ੁਲ ਤਮਾਮੈਂ ॥ ਰੁਜੂਅਲ ਨਿਧਾਨੈਂ ॥**

ਹੇ ਪ੍ਰਭੂ! ਤੁਸੀਂ ਸਭ ਨੂੰ ਬਿਬੇਕ ਬੁੱਧੀ ਦੇਣ ਵਾਲੇ ਤੇ ਸਭ ਵੱਲ ਧਿਆਨ ਦੇਣ ਦੇ ਖਜ਼ਾਨੇ ਹੋ।

**[4]ਹਰੀਫ਼ੁਲ ਅਜ਼ੀਮੈਂ ॥ ਰਜ਼ਾਇਕ ਯਕੀਨੈਂ ॥੧੨੩॥**

ਤੁਸੀਂ ਸਭ ਦੇ ਪਰਮ ਮਿੱਤ੍ਰ ਹੋ ਤੇ ਨਿਹਚੇ ਹੀ ਸਭ ਦੇ ਰਿਜ਼ਕ-ਦਾਤਾ ਹੋ।

**ਅਨੇਕੁਲ ਤਰੰਗ ਹੈਂ ॥ ਅਭੇਦ ਹੈਂ ਅਭੰਗ ਹੈਂ ॥**

ਤੁਸੀਂ ਅਨੇਕਾਂ ਤਰੰਗਾਂ ਵਾਲੇ ਸਮੁੰਦਰ ਹੋ, ਤੁਸੀਂ ਭੇਦ ਰਹਿਤ ਤੇ ਨਾਸ਼ ਰਹਿਤ ਹੋ।

**ਅਜ਼ੀਜ਼ੁਲ ਨਿਵਾਜ਼ ਹੈਂ ॥ ਗ਼ਨੀਮੁਲ ਖ਼ਿਰਾਜ ਹੈਂ ॥੧੨੪॥**

ਹੇ ਪ੍ਰਭੂ! ਤੂੰ ਆਪਣੇ ਪਿਆਰਿਆਂ ਨੂੰ ਨਿਵਾਜ਼ਦਾ ਹੈਂ ਤੇ ਵੈਰੀਆਂ ਤੋਂ ਮਸੂਲ (ਖ਼ਿਰਾਜ) ਵਸੂਲ ਕਰਦਾ ਹੈਂ।

---

੧. ਧਿਆਨ ਦੇਣ ਵਾਲਾ ੨. ਵੈਰੀਆਂ ਨੂੰ ੩. ਉੱਚਿਓਂ ਉੱਚੇ ੪. ਮਿੱਤਰ

**ਨਿਰੁਕਤ ਸਰੂਪ ਹੈਂ ॥ ਤ੍ਰਿਮੁਕਤਿ ਬਿਭੂਤ ਹੈਂ ॥**

ਤੇਰਾ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ। ਤੇਰੀ ਸੰਪਦਾ ਤਿੰਨਾਂ ਗੁਣਾਂ ਤੋਂ ਮੁਕਤ ਹੈ।

**ਪ੍ਰਭੁਗਤਿ ਪ੍ਰਭਾ ਹੈਂ ॥ ਸੁਜੁਗਤਿ ਸੁਧਾ ਹੈਂ ॥੧੨੫॥**

ਤੇਰੇ ਹੀ ਪ੍ਰਤਾਪ ਤੋਂ ਉਪਭੋਗੀ ਸਮੱਗਰੀ ਹੋਂਦ ਵਿੱਚ ਆਈ ਹੈ। ਤੂੰ ਅੰਮ੍ਰਿਤ ਰਸ ਪੂਰਤ ਹੈਂ।

**ਸਦੈਵੰ ਸਰੂਪ ਹੈਂ ॥ ਅਭੇਦੀ ਅਨੂਪ ਹੈਂ ॥**

ਆਪ ਸਦੀਵ ਕਾਲ ਸੱਤ-ਸਰੂਪ ਤੇ ਭੇਦ ਉਪਮਾਂ ਤੋਂ ਰਹਿਤ ਹੋ।

**ਸਮਸਤੋਪਰਾਜ ਹੈਂ ॥ ਸਦਾ ਸਰਬ ਸਾਜ ਹੈਂ ॥੧੨੬॥**

ਹੇ ਦਾਤਾ! ਤੂੰ ਸਭਨਾਂ ਨੂੰ ਪੈਦਾ ਕਰਨ ਵਾਲਾ ਤੇ ਸਾਰੇ ਪਸਾਰੇ ਨੂੰ ਸਾਜਣ ਵਾਲਾ ਹੈਂ।

**ਸਮਸਤੁਲ ਸਲਾਮ ਹੈਂ ॥ ਸਦੈਵਲ ਅਕਾਮ ਹੈਂ ॥**

ਤੁਸੀਂ ਸਾਰਿਆਂ ਦੇ ਪ੍ਰਨਾਮ ਕਰਨ ਯੋਗ ਤੇ ਕਾਮਨਾਂ ਤੋਂ ਮੁਕਤ ਹੋ।

**ਨ੍ਰਿਬਾਧ ਸਰੂਪ ਹੈਂ ॥ ਅਗਾਧ ਹੈਂ ਅਨੂਪ ਹੈਂ ॥੧੨੭॥**

ਹੇ ਪ੍ਰਭੂ! ਤੁਹਾਡਾ ਸਰੂਪ ਹਰ ਪ੍ਰਕਾਰ ਦੀ ਰੁਕਾਵਟ ਤੇ ਕਲਾ-ਕਲੇਸ਼ ਤੋਂ ਮੁਕਤ, ਅਥਾਹ ਤੇ ਉਪਮਾਂ ਤੋਂ ਰਹਿਤ ਹੈ।

**ਓਅੰ ਆਦਿ ਰੂਪੇ ॥ ਅਨਾਦਿ ਸਰੂਪੈ ॥**

ਹੇ ਪ੍ਰਭੂ! ਤੂੰ ਸਭ ਦਾ ਆਦਿ ਹੈਂ ਤੇ ਆਦਿ ਰਹਿਤ ਸਰੂਪ ਵਾਲਾ ਹੈਂ।

**ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥੧੨੮॥**

ਹੇ ਪ੍ਰਭੂ! ਤੁਸੀਂ ਸਰੀਰ ਤੇ ਨਾਮ ਤੋਂ ਰਹਿਤ ਹੋ, ਤਿੰਨਾਂ ਲੋਕਾਂ ਦੇ ਵਿਨਾਸ਼ ਕਰਤੇ ਤੇ ਮਨੋ-ਕਾਮਨਾ ਪੂਰਨ ਕਰਤਾ ਹੋ।

**ਤ੍ਰਿਬਰਗੰ ਤ੍ਰਿਬਾਧੇ ॥ ਅਗੰਜੇ ਅਗਾਧੇ ॥**

ਹੇ ਪ੍ਰਭੂ! ਤੁਸੀਂ ਤਿੰਨਾਂ ਲੋਕਾਂ ਨੂੰ ਆਪਣੇ ਹੁਕਮ ਵਿੱਚ ਬੰਨਣ ਵਾਲੇ, [1]ਤਿੰਨਾਂ ਤਾਪਾਂ ਦੇ ਨਾਸ਼ਕ ਅਤੇ ਆਪ ਨਾਸ਼ ਤੋਂ ਰਹਿਤ ਤੇ ਅਥਾਹ ਹੋ।

**ਸੁਭੰ ਸਰਬ ਭਾਗੇ ॥ ਸੁ ਸਰਬਾ ਅਨੁਰਾਗੇ ॥੧੨੯॥**

ਹੇ ਪ੍ਰਭੂ! ਤੁਸੀਂ ਸੰਸਾਰ ਦੇ ਸਾਰੇ ਹਿੱਸਿਆਂ ਵਿੱਚ ਸੁਭਾਏਮਾਨ ਤੇ ਸਭ ਨੂੰ ਪਿਆਰ ਕਰਨ ਵਾਲੇ ਹੋ।

**ਤ੍ਰਿਭੁਗਤ ਸਰੂਪ ਹੈਂ ॥ ਅਛਿੱਜ ਹੈਂ ਅਛੂਤ ਹੈਂ ॥**

ਹੇ ਪਰਮਾਤਮਾ! ਤੁਹਾਡੀ ਹੋਂਦ ਨੂੰ ਤ੍ਰਿਲੋਕੀ ਦੇ ਜੀਵ ਮਾਣਦੇ ਹਨ। ਤੁਸੀਂ ਨਾਸ਼ ਰਹਿਤ ਤੇ ਅਛੋਹ ਹੋ।

**ਕਿ ਨਰਕੰ [2]ਪ੍ਰਣਾਸ ਹੈਂ ॥ ਪ੍ਰਿਥੀਉਲ ਪ੍ਰਵਾਸ ਹੈਂ ॥੧੩੦॥**

ਹੇ ਪ੍ਰਭੂ! ਤੂੰ ਨਰਕਾਂ ਦਾ ਨਾਸ਼ ਕਰਨ ਵਾਲਾ ਤੇ ਸਰਗੁਣ ਸਰੂਪ ਵਿੱਚ ਸਾਰੀ ਪ੍ਰਿਥਵੀ ਅੰਦਰ ਨਿਵਾਸ ਕਰਤਾ ਹੈਂ।

**[3]ਨਿਰੁਕਤਿ ਪ੍ਰਭਾ ਹੈਂ ॥ ਸਦੈਵੰ ਸਦਾ ਹੈਂ ॥**

ਹੇ ਪ੍ਰਭੂ! ਤੁਹਾਡੀ ਆਭਾ ਵਰਨਣ ਰਹਿਤ ਤੇ ਸਦੀਵ ਕਾਲ ਕਾਇਮ ਰਹਿਣ ਵਾਲੀ ਹੈ।

**ਬਿਭੁਗਤਿ ਸਰੂਪ ਹੈਂ ॥ ਪ੍ਰਜੁਗਤਿ ਅਨੂਪ ਹੈਂ ॥੧੩੧॥**

ਸਾਰੀ ਭੋਗਣਯੋਗ ਸਮੱਗ੍ਰੀ ਤੁਹਾਡਾ ਹੀ ਰੂਪ ਹੈ। ਆਪ ਜੀ ਸਾਰੀ ਰਚਨਾਂ ਨਾਲ ਇੱਕ-ਮਿੱਕ ਤੇ ਉਪਮਾਂ ਰਹਿਤ ਹੋ।

**ਨਿਰੁਕਤਿ ਸਦਾ ਹੈਂ ॥ ਬਿਭੁਗਤਿ ਪ੍ਰਭਾ ਹੈਂ ॥**

ਹੇ ਪ੍ਰਭੂ! ਤੂੰ ਸਦੀਵ ਕਾਲ ਅਕੱਥਨੀਯ ਹੈਂ ਅਤੇ ਤੁਹਾਡੀ ਸੋਭਾ ਵੀ ਵੱਖ-ਵੱਖ ਪ੍ਰਕਾਰ ਦੀ ਹੈ।

---

੧. ਆਧਿ, ਬਿਆਧਿ, ਉਪਾਧਿ ੨. ਨਾਸ਼ਕ ੩ ਵਰਨਣ ਰਹਿਤ

**ਅਨਉਕਤਿ ਸਰੂਪ ਹੈਂ ॥ ਪ੍ਰਜੁਗਤਿ ਅਨੂਪ ਹੈਂ ॥੧੩੨॥**

ਤੁਸੀਂ ਕਥਨ-ਕਹਿਣ ਤੋਂ ਪਰੇ ਸਰੂਪ ਵਾਲੇ, ਸਾਰੀ ਰਚਨਾਂ ਵਿੱਚ ਸਮਿਲੱਤ ਉਪਮਾਂ ਰਹਿਤ ਹੋ।

**ਚਾਚਰੀ ਛੰਦ ॥**

ਕਾਵਿ-ਛੰਦ ਦੀ ਕਿਸਮ

**ਅਭੰਗ ਹੈਂ ॥ ਅਨੰਗ ਹੈਂ ॥**

ਹੇ ਪ੍ਰਭੂ! ਤੂੰ ਨਾਸ਼ ਰਹਿਤ ਤੇ ਸਰੀਰ ਰਹਿਤ ਹੈਂ।

**ਅਭੇਖ ਹੈਂ ॥ ਅਲੇਖ ਹੈਂ ॥੧੩੩॥**

ਹੇ ਪ੍ਰਭੂ! ਤੂੰ ਭੇਖ ਰਹਿਤ ਤੇ ਲੇਖੇ ਰਹਿਤ ਹੈਂ।

**ਅਭਰਮ ਹੈਂ ॥ ਅਕਰਮ ਹੈਂ ॥**

ਹੇ ਪ੍ਰਭੂ! ਤੂੰ ਭਰਮ ਰਹਿਤ ਤੇ ਕਰਮ ਬੰਧਨਾਂ ਤੋਂ ਮੁਕਤ ਹੈਂ।

**ਅਨਾਦਿ ਹੈਂ ॥ ਜੁਗਾਦਿ ਹੈਂ ॥੧੩੪॥**

ਹੇ ਪ੍ਰਭੂ! ਤੂੰ ਆਦਿ ਰਹਿਤ ਤੇ ਜੁਗਾਂ ਦੇ ਅਰੰਭ ਤੋਂ ਪਹਿਲਾਂ ਦਾ ਹੈਂ।

**ਅਜੈ ਹੈਂ ॥ ਅਬੈ ਹੈਂ ॥**

ਹੇ ਪ੍ਰਭੂ! ਤੂੰ ਅਜਿੱਤ ਤੇ ਅ-ਬਦਲ ਇੱਕ ਰਸ ਹੈਂ।

**ਅਭੂਤ ਹੈਂ ॥ ਅਧੂਤ ਹੈਂ ॥੧੩੫॥**

ਹੇ ਪ੍ਰਭੂ! ਤੂੰ ਪੰਜ ਤੱਤ ਰਹਿਤ ਤੇ ਅਚੱਲ ਹੈਂ।

**ਅਨਾਸ ਹੈਂ ॥ ਉਦਾਸ ਹੈਂ ॥**

ਆਪ ਨਾਸ਼ ਰਹਿਤ ਤੇ ਸਭ ਤੋਂ ਨਿਰਲੇਪ ਹੋ।

**ਅਧੰਧ ਹੈਂ ॥ ਅਬੰਧ ਹੈਂ ॥੧੩੬॥**

ਆਪ ਧੰਦਿਆਂ ਤੋਂ ਰਹਿਤ ਤੇ ਬੰਧਨਾਂ ਤੋਂ ਮੁਕਤ ਹੋ।

**ਅਭਗਤ ਹੈਂ ॥ ਬਿਰਕਤ ਹੈਂ ॥**

ਤੁਸੀਂ ਕਿਸੇ ਦੀ ਭਗਤੀ ਨਹੀਂ ਕਰਦੇ। ਆਪ ਸਦਾ ਨਿਰਲੇਪ ਹੋ।

**ਅਨਾਸ ਹੈਂ ॥ ਪ੍ਰਕਾਸ ਹੈਂ ॥੧੩੭॥**

ਆਪ ਜੀ ਨਾਸ਼ ਰਹਿਤ ਨਿਰਾ ਨੂਰ ਹੋ।

**ਨਿਚਿੰਤ ਹੈਂ ॥ ਸੁਨਿੰਤ ਹੈਂ ॥**

ਹੇ ਪ੍ਰਭੂ! ਤੂੰ ਆਪ ਚਿੰਤਾ ਰਹਿਤ ਹੈਂ ਪਰ ਸਭ ਦੀਆਂ ਚਿੰਤਾਵਾਂ ਸੁਣਦਾ ਹੈਂ।

**ਅਲਿੱਖ ਹੈਂ ॥ ਅਦਿੱਖ ਹੈਂ ॥੧੩੮॥**

ਹੇ ਪ੍ਰਭੂ! ਤੁਸੀਂ ਲਿਖਤ ਤੋਂ ਪਰੇ ਤੇ ਅਦ੍ਰਿਸ਼ਟ ਹੋ।

**ਅਲੇਖ ਹੈਂ ॥ ਅਭੇਖ ਹੈਂ ॥**

ਤੁਸੀਂ ਲੇਖੇ ਰਹਿਤ ਤੇ ਭੇਖ ਰਹਿਤ ਹੋ।

**ਅਢਾਹ ਹੈਂ ॥ ਅਗਾਹ ਹੈਂ ॥੧੩੯॥**

ਹੇ ਪ੍ਰਭੂ! ਤੂੰ ਡੇਗੇ ਜਾਣ ਤੋਂ ਮੁਕਤ ਤੇ ਪਾਰਾਵਾਰ ਤੋਂ ਪਰੇ ਹੈਂ।

**ਅਸੰਭ ਹੈਂ ॥ ਅਗੰਭ ਹੈਂ ॥**

ਆਪ ਜਨਮ ਰਹਿਤ ਤੇ ਮਨ-ਬਾਣੀ ਦੀ ਪਹੁੰਚ ਤੋਂ ਪਰੇ ਹੋ।

**ਅਨੀਲ ਹੈਂ ॥ ਅਨਾਦਿ ਹੈਂ ॥੧੪੦॥**

ਹੇ ਪ੍ਰਭੂ! ਤੂੰ ਗਿਣਤੀ ਦੀ ਸੀਮਾਂ ਤੋਂ ਪਰੇ ਆਦਿ ਰਹਿਤ ਹੈਂ।

**ਅਨਿੱਤ ਹੈਂ ॥ ਸੁਨਿੱਤ ਹੈਂ ॥**

ਹੇ ਪ੍ਰਭੂ! ਤੂੰ ਅਕਾਲ ਹੈਂ ਤੇ ਸਰਬ-ਕਾਲੀ ਹੈਂ।

**ਅਜਾਤ ਹੈਂ ॥ ਅਜਾਦ ਹੈਂ ॥੧੪੧॥**

ਹੇ ਪ੍ਰਭੂ! ਤੂੰ ਗਿਆਤ ਤੋਂ ਪਰੇ ਤੇ ਸਦਾ ਸੁਤੰਤਰ ਹੈਂ।

## ਚਰਪਟ ਛੰਦ ॥ ਤ੍ਵ ਪ੍ਰਸਾਦਿ ॥

ਕਾਵਿ-ਛੰਦ ਦੀ ਕਿਸਮ। ਤੇਰੀ ਕਿਰਪਾ ਨਾਲ ਕਥਨ ਕਰਦਾ ਹਾਂ।

**ਸਰਬੰ ਹੰਤਾ ॥ ਸਰਬੰ ਗੰਤਾ ॥**

ਹੇ ਪ੍ਰਭੂ! ਤੂੰ ਸਭ ਨੂੰ ਨਾਸ਼ ਕਰਨ ਵਾਲਾ ਤੇ ਸਭ ਦੀ ਕਲਿਆਣ ਕਰਨ ਵਾਲਾ ਹੈਂ।

**[1]ਸਰਬੰ ਖਿਆਤਾ ॥ ਸਰਬੰ ਗਿਆਤਾ ॥੧੪੨॥**

ਤੂੰ ਸਭਨਾਂ ਵਿੱਚ ਪ੍ਰਸਿੱਧ ਤੇ ਸਾਰਿਆਂ ਪ੍ਰਤੀ ਗਿਆਨ ਰੱਖਦਾ ਹੈਂ।

**ਸਰਬੰ ਹਰਤਾ ॥ ਸਰਬੰ ਕਰਤਾ ॥**

ਤੂੰ ਸਭਨਾਂ ਦਾ ਨਾਸ਼ਕ ਤੇ ਸਾਰਿਆਂ ਦਾ ਕਰਣਹਾਰ ਹੈਂ।

**ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥੧੪੩॥**

ਤੂੰ ਸਭਨਾਂ ਦਾ ਜੀਵਨ ਦਾਤਾ ਤੇ ਸਭ ਨੂੰ ਤਾਕਤ ਦੇਣ ਵਾਲਾ ਹੈਂ।

**ਸਰਬੰ ਕਰਮੰ ॥ ਸਰਬੰ ਧਰਮੰ ॥**

ਤੂੰ ਸਾਰੇ ਕਰਮਾਂ ਦਾ ਪ੍ਰੇਰਕ ਤੇ ਸਾਰੇ ਧਰਮਾਂ ਵਿੱਚ ਮੌਜੂਦ ਹੈਂ।

**ਸਰਬੰ [2]ਜੁਗਤਾ ॥ ਸਰਬੰ ਮੁਕਤਾ ॥੧੪੪॥**

ਤੂੰ ਸਾਰਿਆਂ ਨਾਲ ਇੱਕ-ਮਿੱਕ ਤੇ ਸਾਰਿਆਂ ਤੋਂ ਨਿਰਲੇਪ ਹੈਂ।

## ਰਸਾਵਲ ਛੰਦ ॥ ਤ੍ਵ ਪ੍ਰਸਾਦਿ ॥

ਕਾਵਿ-ਛੰਦ ਦੀ ਕਿਸਮ। ਤੁਹਾਡੀ ਕਿਰਪਾ ਨਾਲ ਕਥਨ ਕਰਦਾ ਹਾਂ।

**ਨਮੋ ਨਰਕ ਨਾਸੇ ॥ ਸਦੈਵੰ ਪ੍ਰਕਾਸੇ ॥**

ਹੇ ਨਰਕਾਂ ਨੂੰ ਨਾਸ਼ ਕਰਨ ਵਾਲੇ ਸਦਾ ਪ੍ਰਕਾਸ਼ ਸਰੂਪ! ਤੈਨੂੰ ਨਮਸ਼ਕਾਰ ਹੈ।

**ਅਨੰਗੰ ਸਰੂਪੇ ॥ ਅਭੰਗੰ ਬਿਭੂਤੇ ॥੧੪੫॥**

ਹੇ ਸਰੀਰ ਰਹਿਤ ਤੇ ਨਾਸ਼ ਰਹਿਤ ਸੰਪਦਾ ਵਾਲੇ! ਤੈਨੂੰ ਨਮਸ਼ਕਾਰ ਹੈ।

---

੧. ਸਭਨਾਂ ਵਿੱਚ ਪ੍ਰਸਿੱਧ ੨. ਇੱਕ-ਮਿੱਕ

**[1]ਪ੍ਰਮਾਥੰ ਪ੍ਰਮਾਥੇ ॥ ਸਦਾ ਸਰਬ ਸਾਥੇ ॥**

ਹੇ ਪ੍ਰਭੂ! ਤੂੰ ਜੋਰਾਵਰਾਂ ਸਿਰ ਜੋਰਾਵਰ ਤੇ ਸਦਾ ਸਾਰੇ ਸਮਿਆਂ ਵਿੱਚ ਸਾਥ ਨਿਭਾਉਣ ਵਾਲਾ ਹੈਂ।

**ਅਗਾਧ ਸਰੂਪੇ ॥ ਨ੍ਰਿਬਾਧ ਬਿਭੂਤੇ ॥੧੪੬॥**

ਹੇ ਅਥਾਹ ਹੋਂਦ ਹਸਤੀ ਵਾਲੇ ਤੇ ਨਾਸ਼ ਰਹਿਤ ਸੰਪਦਾ ਵਾਲੇ ! ਤੈਨੂੰ ਨਮਸ਼ਕਾਰ ਹੈ।

**[2]ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥**

ਹੇ ਸਰੀਰ ਤੇ ਨਾਮ ਰਹਿਤ, ਤਿੰਨਾਂ ਲੋਕਾਂ ਨੂੰ ਲੈਅ ਕਰਨ ਵਾਲੇ ਤੇ ਸਾਰਿਆਂ ਦੀਆਂ ਮਨੋ-ਕਾਮਨਾਵਾਂ ਪੂਰਨ ਕਰਨ ਵਾਲੇ! ਤੈਨੂੰ ਨਮਸ਼ਕਾਰ ਹੈ।

**[3]ਨ੍ਰਿਭੰਗੀ ਸਰੂਪੇ ॥ ਸਰਬੰਗੀ ਅਨੂਪੇ ॥੧੪੭॥**

ਹੇ ਅਬਿਨਾਸ਼ੀ ਸਰੂਪ ਵਾਲੇ ਹਰ ਪੱਖੋਂ ਉਪਮਾਂ ਰਹਿਤ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਨ ਪੋਤ੍ਰੈ ਨ ਪੁੱਤ੍ਰੈ ॥ ਨ ਸੱਤ੍ਰੈ ਨ ਮਿਤ੍ਰੈ ॥**

ਹੇ ਪ੍ਰਭੂ! ਤੇਰਾ ਕੋਈ ਨਾ ਬਿੰਦੀ ਪੁੱਤਰ ਨਾ ਪੋਤ੍ਰਾ ਹੈ ਅਤੇ ਨਾ ਹੀ ਤੇਰਾ ਕੋਈ ਵੈਰੀ ਤੇ ਮਿੱਤਰ ਹੈ।

**ਨ ਤਾਤੈ ਨ ਮਾਤੈ ॥ ਨ ਜਾਤੈ ਨ ਪਾਤੈ ॥੧੪੮॥**

ਤੇਰਾ ਕੋਈ ਪਿਤਾ ਮਾਤਾ ਨਹੀਂ, ਨਾ ਹੀ ਤੇਰੀ ਕੋਈ ਜਾਤ-ਗੋਤ ਭਾਈਚਾਰਾ ਹੈ।

**ਨ੍ਰਿਸਾਕੰ ਸਰੀਕ ਹੈਂ ॥ ਅਮਿਤੋ [4]ਅਮੀਕ ਹੈਂ ॥**

ਹੇ ਪ੍ਰਭੂ! ਨਾ ਤੇਰਾ ਕੋਈ ਸਾਕ ਹੈ ਨਾ ਸਰੀਕ ਹੈ। ਤੂੰ ਅਮਿੱਤ ਗਹਿਰ-ਗੰਭੀਰ ਅੰਦਾਜ਼ੇ ਤੋਂ ਪਰੇ ਹੈਂ।

**ਸਦੈਵੰ ਪ੍ਰਭਾ ਹੈਂ ॥ ਅਜੈ ਹੈਂ ਅਜਾ ਹੈਂ ॥੧੪੯॥**

ਹੇ ਪ੍ਰਭੂ! ਤੂੰ ਸਦੀਵੀਂ ਸੋਭਾ ਵਾਲਾ, ਅਜਿੱਤ ਅਤੇ ਅਜਨਮ ਹੈਂ।

---

੧. ਜੋਰਾਵਰ ੨. ਸਰੀਰ ਰਹਿਤ ੩. ਅਬਿਨਾਸੀ ੪. ਗਹਿਰ-ਗੰਭੀਰ

## ਭਗਵਤੀ ਛੰਦ ॥ ਤ੍ਵ ਪ੍ਰਸਾਦਿ ॥

ਕਾਵਿ-ਛੰਦ ਦੀ ਕਿਸਮ। ਤੇਰੀ ਕਿਰਪਾ ਨਾਲ।

**ਕਿ ਜ਼ਾਹਰ ਜ਼ਹੂਰ ਹੈਂ ॥ ਕਿ ਹਾਜ਼ਰ ਹਜ਼ੂਰ ਹੈਂ ॥**

ਤੂੰ ਪਰਗਟ ਸਰੂਪ ਵਿੱਚ ਪ੍ਰਕਾਸ਼ਮਾਨ ਤੇ ਹਰ ਥਾਂ ਹਰ ਸਮੇਂ ਮੌਜੂਦ ਹੈਂ।

**[1]ਹਮੇਸੁਲ ਸਲਾਮ ਹੈਂ ॥ ਸਮਸਤੁਲ [2]ਕਲਾਮ ਹੈਂ ॥੧੫੦॥**

ਤੂੰ ਹਮੇਸ਼ਾਂ ਸਲਾਮਤ ਹੈਂ। ਸਭਨਾਂ ਵਿੱਚ ਤੇਰੀ ਵਾਕ-ਸਤਾ ਕੰਮ ਕਰਦੀ ਹੈ।

**ਕਿ ਸਾਹਿਬ ਦਿਮਾਗ਼ ਹੈਂ ॥ ਕਿ ਹੁਸਨਲ ਚਰਾਗ਼ ਹੈਂ ॥**

ਹੇ ਪ੍ਰਭੂ! ਤੂੰ ਅਕਲ ਦਾ ਧਨੀ ਤੇ ਸੁੰਦਰਤਾ ਦਾ ਸੂਰਜ ਹੈਂ।

**ਕਿ ਕਾਮਲ ਕਰੀਮ ਹੈਂ ॥ ਕਿ ਰਾਜ਼ਕ ਰਹੀਮ ਹੈਂ ॥੧੫੧॥**

ਹੇ ਪ੍ਰਭੂ! ਤੂੰ ਪਰਮ ਕ੍ਰਿਪਾਲੂ ਤੇ ਸਭ ਨੂੰ ਰੋਜ਼ੀ ਦੇਣ ਵਾਲਾ ਦਿਆਲੂ ਹੈਂ।

**ਕਿ ਰੋਜ਼ੀ ਦਿਹਿੰਦ ਹੈਂ ॥ ਕਿ ਰਾਜ਼ਕ ਰਹਿੰਦ ਹੈਂ ॥**

ਹੇ ਪ੍ਰਭੂ! ਤੂੰ ਸਭਨਾਂ ਨੂੰ ਰੋਜ਼ੀ ਪ੍ਰਦਾਨ ਕਰਨ ਵਾਲਾ ਦਾਤਾ ਤੇ ਬੰਧਨਾਂ ਤੋਂ ਖਲਾਸੀ ਕਰਨ ਵਾਲਾ ਬੰਦੀ-ਛੋੜ ਹੈਂ।

**ਕਰੀਮੁਲ ਕਮਾਲ ਹੈਂ ॥ ਕਿ ਹੁਸਨਲ ਜਮਾਲ ਹੈਂ ॥੧੫੨॥**

ਹੇ ਪ੍ਰਭੂ! ਤੂੰ ਕਮਾਲ ਦਰਜੇ ਦਾ ਕ੍ਰਿਪਾਲੂ ਤੇ ਸੁੰਦਰਤਾ ਦੀ ਸਿਖ਼ਰ ਹੈਂ।

**[3]ਗ਼ਨੀਮੁਲ ਖ਼ਿਰਾਜ ਹੈਂ ॥ ਗ਼ਰੀਬੁਲ ਨਿਵਾਜ਼ ਹੈਂ ॥**

ਹੇ ਪ੍ਰਭੂ! ਤੁਸੀਂ ਵੈਰੀਆਂ ਤੋਂ ਕਰ ਵਸੂਲਣ ਵਾਲੇ ਤੇ ਗਰੀਬਾਂ ਨੂੰ ਨਿਵਾਜ਼ਣ ਵਾਲੇ ਹੋ।

**ਹਰੀਫ਼ੁਲ ਸ਼ਿਕੰਨ ਹੈਂ ॥ ਹਿਰਾਸੁਲ ਫ਼ਿਕੰਨ ਹੈਂ ॥੧੫੩॥**

ਹੇ ਪ੍ਰਭੂ! ਤੂੰ ਵੈਰੀਆਂ ਦੇ ਸਿਰ ਭੰਨਣ ਵਾਲਾ ਤੇ ਜੀਵਾਂ ਦੇ ਡਰ-ਭੈਅ ਦੂਰ ਕਰਨ ਵਾਲਾ ਹੈਂ।

---

੧. ਹਮੇਸ਼ਾਂ ੨. ਵਾਕ ਸੱਤਾ ੩. ਦੁਸ਼ਮਣਾਂ ਤੋਂ

**ਕਲੰਕੰ ਪ੍ਰਣਾਸ ਹੈਂ ॥ ਸਮਸਤੁਲ ਨਿਵਾਸ ਹੈਂ ॥**

ਹੇ ਪ੍ਰਭੂ! ਤੂੰ ਦਾਗ, ਦੋਸ਼, ਕਲੰਕਾਂ ਦਾ ਨਾਸ਼ ਕਰਤਾ ਤੇ ਸਭਨਾਂ ਵਿੱਚ ਨਿਵਾਸ ਕਰਨ ਵਾਲਾ ਹੈਂ।

**ਅਗੰਜੁਲ ਗਨੀਮ ਹੈਂ ॥ ਰਜਾਇਕ ਰਹੀਮ ਹੈਂ ॥੧੫੪॥**

ਤੈਨੂੰ ਵੈਰੀ ਨਸ਼ਟ ਨਹੀਂ ਕਰ ਸਕਦੇ, ਤੂੰ ਮਿਹਰਬਾਨੀ ਨਾਲ ਸਭ ਨੂੰ ਰਿਜ਼ਕ ਦਿੰਦਾ ਹੈਂ।

**ਸਮਸਤੁਲ ਜੁਬਾਂ ਹੈਂ ॥ ਕਿ ਸਾਹਿਬ ਕਿਰਾਂ ਹੈਂ ॥**

ਹੇ ਪ੍ਰਭੂ! ਤੂੰ ਸਭਨਾਂ ਅੰਦਰ ਬੋਲ ਰਿਹਾ ਹੈਂ ਤੇ ਸਭ ਗੁਣਾਂ ਦੀ ਹੱਦ ਦਾ ਮਾਲਕ ਹੈਂ।

**ਕਿ ਨਰਕੰ ਪ੍ਰਣਾਸ ਹੈਂ ॥ ਬਹਿਸਤੁਲ ਨਿਵਾਸ ਹੈਂ ॥੧੫੫॥**

ਹੇ ਪ੍ਰਭੂ! ਤੂੰ ਨਰਕਾਂ ਦੇ ਦੁੱਖ ਮੇਟਣ ਵਾਲਾ ਤੇ ਸਵਰਗਾਂ ਵਿੱਚ ਵਾਸਾ ਦੇਣ ਵਾਲਾ ਹੈਂ।

**ਕਿ ਸਰਬੁਲ ਗਵੰਨ ਹੈਂ ॥ ਹਮੇਸੁਲ ਰਵੰਨ ਹੈਂ ॥**

ਹੇ ਪ੍ਰਭੂ! ਤੂੰ ਸਰਬ ਥਾਂਈਂ ਵਿਚਰਣ ਵਾਲਾ ਤੇ ਸਭਨਾਂ ਵਿੱਚ ਵਿਆਪਕ ਹੈਂ।

**ਤਮਾਮੁਲ ਤਮੀਜ ਹੈਂ ॥ ਸਮਸਤੁਲ ਅਜੀਜ ਹੈਂ ॥੧੫੬॥**

ਹੇ ਪ੍ਰਭੂ! ਤੂੰ ਸਭ ਨੂੰ ਬਿਬੇਕ ਬੁੱਧੀ ਦੇਣ ਵਾਲਾ ਤੇ ਸਭਨਾਂ ਦਾ ਪਿਆਰਾ ਹੈਂ।

**ਪਰੰ ਪਰਮ ਈਸ ਹੈਂ ॥ ਸਮਸਤੁਲ ਅਦੀਸ ਹੈਂ ॥**

ਹੇ ਪ੍ਰਭੂ! ਤੂੰ ਵੱਡਿਆਂ ਤੋਂ ਵੱਡਾ ਮਾਲਕ ਤੇ ਸਭ ਲਈ ਅਦ੍ਰਿਸਟ ਹੈਂ।

**ਅਦੇਸੁਲ ਅਲੇਖ ਹੈਂ ॥ ਹਮੇਸੁਲ ਅਭੇਖ ਹੈਂ ॥੧੫੭॥**

ਹੇ ਪਰਮਾਤਮਾ! ਤੂੰ ਦੇਸ਼ ਰਹਿਤ, ਲੇਖ ਰਹਿਤ ਤੇ ਸਦਾ ਤੋਂ ਭੇਖ ਰਹਿਤ ਹੈਂ।

**ਜ਼ਮੀਨੁਲ ਜ਼ਮਾ ਹੈਂ ॥ [1]ਅਮੀਕੁਲ [2]ਇਮਾ ਹੈਂ ॥**

ਹੇ ਪ੍ਰਭੂ! ਤੂੰ ਧਰਤੀ-ਅਕਾਸ਼ ਵਿੱਚ ਵਿਆਪਕ, ਗਹਿਰ ਗੰਭੀਰ ਗੁੱਝੀ ਰਮਜ਼ ਦਾ ਮਾਲਕ ਹੈਂ।

**[3]ਕਰੀਮੁਲ ਕਮਾਲ ਹੈਂ ॥ ਕਿ ਜੁਰਅਤਿ ਜਮਾਲ ਹੈਂ ॥੧੫੮॥**

ਹੇ ਪ੍ਰਭੂ! ਤੂੰ ਕ੍ਰਿਪਾਲਤਾ ਦੀ ਸਿਖ਼ਰ, ਸਾਹਸ (ਦਲੇਰੀ) ਦੀ ਛੱਬ ਹੈਂ।

**ਕਿ ਅਚਲੰ ਪ੍ਰਕਾਸ ਹੈਂ ॥ ਕਿ ਅਮਿਤੋ ਸੁਬਾਸ ਹੈਂ ॥**

ਹੇ ਪ੍ਰਭੂ! ਤੂੰ ਅਚੱਲ ਪ੍ਰਕਾਸ਼ ਵਾਲਾ ਤੇ ਬੇ-ਹੱਦ ਸੁਗੰਧੀ ਵਾਲਾ ਹੈਂ।

**ਕਿ ਅਜਬ ਸਰੂਪ ਹੈਂ ॥ ਕਿ ਅਮਿਤੋ ਬਿਭੂਤ ਹੈਂ ॥੧੫੯॥**

ਹੇ ਪ੍ਰਭੂ! ਤੂੰ ਅਸਚਰਜ ਸਰੂਪ ਤੇ ਅਸੀਮ ਸੰਪਤੀ ਵਾਲਾ ਹੈਂ।

**ਕਿ ਅਮਿਤੋ ਪਸਾ ਹੈਂ ॥ ਕਿ ਆਤਮ ਪ੍ਰਭਾ ਹੈਂ ॥**

ਹੇ ਪ੍ਰਭੂ! ਤੂੰ ਅਨੰਤ ਪਸਾਰੇ ਵਾਲਾ ਤੇ ਆਪਣੇ ਆਪ ਤੋਂ ਪ੍ਰਕਾਸ਼ਮਾਨ ਹੋਇਆ ਹੈਂ।

**ਕਿ ਅਚਲੰ ਅਨੰਗ ਹੈਂ ॥ ਕਿ ਅਮਿਤੋ ਅਭੰਗ ਹੈਂ ॥੧੬੦॥**

ਹੇ ਪ੍ਰਭੂ! ਤੂੰ ਸਰੀਰ ਰਹਿਤ, ਅਚੱਲ ਦਿੱਬ ਸਰੂਪ ਵਾਲਾ ਅਬਿਨਾਸ਼ੀ ਹੈਂ।

**ਮਧੁਭਾਰ ਛੰਦ ॥ ਤ੍ਵ ਪ੍ਰਸਾਦਿ ॥**

ਕਾਵਿ-ਛੰਦ ਦੀ ਕਿਸਮ। ਤੇਰੀ ਕ੍ਰਿਪਾ ਨਾਲ।

**ਮੁਨਿ ਮਨਿ ਪ੍ਰਨਾਮ ॥ ਗੁਨਿ ਗਨ ਮੁਦਾਮ ॥**

ਹੇ ਪ੍ਰਭੂ! ਤੈਨੂੰ ਮੁਨੀ ਜਨ ਮਨ ਵਿੱਚ ਪ੍ਰਨਾਮ ਕਰਦੇ ਹਨ ਕਿਉਂਕਿ ਤੂੰ ਗੁਣਾਂ ਦਾ ਪੁੰਜ ਹੈਂ।

**ਅਰਿ ਬਰ ਅਗੰਜ ॥ ਹਰਿ ਨਰ ਪ੍ਰਭੰਜ ॥੧੬੧॥**

ਹੇ ਪ੍ਰਭੂ! ਤੂੰ ਵੱਡੇ ਵੱਡੇ ਬਲਵਾਨਾਂ ਤੋਂ ਅਜਿੱਤ ਹੈਂ ਤੇ ਸਭ ਸੰਸਾਰ ਦਾ ਨਾਸ਼ ਕਰਨ ਵਾਲਾ ਹੈਂ।

---

੧. ਡੂੰਘਾ ੨. ਇਸ਼ਾਰਾ (ਰਮਜ਼) ੩. ਕ੍ਰਿਪਾਲੂ

## ਅਨ ਗਨ ਪ੍ਰਨਾਮ ॥ ਮੁਨਿ ਮਨਿ ਸਲਾਮ ॥

ਹੇ ਪ੍ਰਭੂ ! ਤੈਨੂੰ ਅਨਗਿਣਤ ਲੁਕਾਈ ਤੇ ਮੁਨੀ ਜਨ ਹਰ ਸਮੇਂ ਮਨ ਵਿੱਚ ਪ੍ਰਨਾਮ ਕਰਦੇ ਹਨ।

## ਹਰਿ ਨਰ ਅਖੰਡ ॥ ਬਰ ਨਰ ਅਮੰਡ ॥੧੯੨॥

ਹੇ ਪ੍ਰਭੂ! ਤੂੰ ਨਾਸ਼ ਰਹਿਤ ਤੇ ਬਹੁਤ ਬਲਵਾਨ ਕਿਸੇ ਸਜਾਵਟ ਦਾ ਮੁਹਤਾਜ਼ ਨਹੀਂ ਹੈਂ।

## ਅਨਭਵ ਅਨਾਸ ॥ ਮੁਨਿ ਮਨਿ ਪ੍ਰਕਾਸ ॥

ਹੇ ਪ੍ਰਭੂ! ਤੂੰ ਸੁਤੇ ਪ੍ਰਕਾਸ਼ ਵਾਲਾ ਅਬਿਨਾਸ਼ੀ ਤੇ ਮੁਨੀਆਂ ਨੂੰ ਵੀ ਸੋਝੀ ਤੇ ਗਿਆਨ ਦੇਣ ਵਾਲਾ ਹੈਂ।

## ਗੁਨਿ ਗਨ ਪ੍ਰਨਾਮ ॥ ਜਲ ਥਲ ਮੁਦਾਮ ॥੧੯੩॥

ਹੇ ਗੁਣਾਂ ਦੇ ਭੰਡਾਰ ਤੇ ਜਲਾਂ-ਥਲਾਂ ਵਿੱਚ ਵਿਆਪਕ ਪ੍ਰਭੂ ! ਤੈਨੂੰ ਨਮਸ਼ਕਾਰ ਹੈ।

## ਅਨਛਿੱਜ ਅੰਗ ॥ ਆਸਨ ਅਭੰਗ ॥

ਹੇ ਪ੍ਰਭੂ! ਤੂੰ ਕਦੇ ਵੀ ਖੀਣ ਹੋਣ ਵਾਲਾ ਨਹੀਂ। ਤੂੰ ਪ੍ਰਕਾਸ਼ ਰੂਪ ਤੇ ਅਚੱਲ ਆਸਣ ਵਾਲਾ ਹੈਂ।

## ਉਪਮਾ ਅਪਾਰ ॥ ਗਤਿ ਮਿਤਿ ਉਦਾਰ ॥੧੯੪॥

ਹੇ ਪ੍ਰਭੂ! ਤੁਸੀਂ ਉਪਮਾਂ ਰਹਿਤ ਤੇ ਵਿਸ਼ਾਲ ਸੀਮਾਂ ਵਾਲੇ ਹੋ।

## ਜਲ ਥਲ ਅਮੰਡ ॥ ਦਿਸ ਵਿਸ ਅਭੰਡ ॥

ਹੇ ਪ੍ਰਭੂ! ਤੁਸੀਂ ਜਲਾਂ-ਥਲਾਂ ਤੇ ਸਾਰੀਆਂ ਦਿਸ਼ਾਂਵਾ ਵਿੱਚ ਇੱਕ-ਰਸ ਵਿਆਪਕ ਹੋ।

## ਜਲ ਥਲ ਮਹੰਤ ॥ ਦਿਸ ਵਿਸ ਬਿਅੰਤ ॥੧੯੫॥

ਹੇ ਪ੍ਰਭੂ! ਤੁਸੀਂ ਜਲਾਂ-ਥਲਾਂ ਦੇ ਮਾਲਕ, ਸਾਰੀਆਂ ਦਿਸ਼ਾਂ, ਉਪ-ਦਿਸ਼ਾਂ ਵਿੱਚ ਵਿਆਪਕ ਹੋ।

**ਅਨਭਵ ਅਨਾਸ ॥ ਧ੍ਰਿਤ ਧਰ ਧੁਰਾਸ ॥**

ਹੇ ਪ੍ਰਭੂ! ਤੁਹਾਡਾ ਸੁਤਹ ਗਿਆਨ ਕਦੇ ਵੀ ਨਾਸ਼ ਨਹੀਂ ਹੁੰਦਾ, ਤੁਸੀਂ ਧੀਰਜਵਾਨਾਂ ਦੇ ਵੀ ਧੁਰੇ ਹੋ।

**[1]ਆਜਾਨ [2]ਬਾਹੁ ॥ ਏਕੈ ਸਦਾਹੁ ॥੧੬੬॥**

ਹੇ ਪ੍ਰਭੂ! ਤੁਸੀਂ ਦੇਵੀ ਦੇਵਤਿਆਂ ਦੇ ਪ੍ਰੇਰਕ ਲੰਬੀਆਂ ਭੁਜਾਂ ਵਾਲੇ ਹਮੇਸ਼ਾਂ ਕੇਵਲ ਇੱਕੋ-ਇੱਕ ਹੋ।

**ਓਅੰਕਾਰ ਆਦਿ ॥ ਕਥਨੀ ਅਨਾਦਿ ॥**

ਤੁਸੀਂ ਆਦਿ ਤੋਂ ਸਾਰਿਆਂ ਦੇ ਸਿਰਜਣਹਾਰ, ਵਿਆਪਕ ਸਤਾ ਵਾਲੇ ਤੇ ਕਹਿਣ-ਕਥਨ ਤੋਂ ਪਰੇ ਹੋ।

**ਖਲ ਖੰਡ ਖਿਆਲ ॥ ਗੁਰ ਬਰ ਅਕਾਲ ॥੧੬੭॥**

ਤੁਹਾਡੇ ਇੱਕ ਫੁਰਨੇ ਨਾਲ ਦੁਸ਼ਟ ਦੋਖੀ ਨਾਸ਼ ਹੋ ਸਕਦੇ ਹਨ। ਤੁਸੀਂ ਕਾਲ ਰਹਿਤ ਸਭ ਤੋਂ ਸਿਰਮੌਰ ਹੋ।

**ਘਰ ਘਰਿ ਪ੍ਰਨਾਮ ॥ ਚਿਤ ਚਰਨ ਨਾਮ ॥**

ਹੇ ਪ੍ਰਭੂ! ਤੈਨੂੰ ਸਾਰੇ ਸਰੀਰ ਪ੍ਰਨਾਮ ਕਰਦੇ ਤੇ ਤੇਰੇ ਚਰਨਾਂ ਦਾ ਧਿਆਨ ਧਰਦੇ, ਤੇਰਾ ਨਾਮ ਜੱਪਦੇ ਹਨ।

**ਅਨਛਿੱਜ ਗਾਤ ॥ ਆਜਿਜ ਨ ਬਾਤ ॥੧੬੮॥**

ਹੇ ਪ੍ਰਭੂ! ਤੇਰਾ ਨੂਰੀ ਸਰੂਪ ਕਦੇ ਨਾਸ਼ ਨਹੀਂ ਹੁੰਦਾ ਤੇ ਤੁਸੀਂ ਕਿਸੇ ਦੇ ਮੁਹਤਾਜ਼ ਨਹੀਂ ਹੋ।

**ਅਨਝੰਝ ਗਾਤ ॥ ਅਨਰੰਜ ਬਾਤ ॥**

ਤੁਸੀਂ ਸਾਰੇ ਝੰਝਟ ਝਮੇਲਿਆਂ ਤੋਂ ਰਹਿਤ ਹੋ, ਤੁਹਾਡੀ ਹਰ ਗੱਲ ਕ੍ਰੋਧ ਤੇ ਰੰਜ਼ਸ਼ ਤੋਂ ਰਹਿਤ ਹੈ।

**ਅਨਟੁਟ ਭੰਡਾਰ ॥ ਅਨਠਟ ਅਪਾਰ ॥੧੬੯॥**

ਹੇ ਪ੍ਰਭੂ! ਤੁਹਾਡੇ ਭੰਡਾਰੇ ਅਮੁੱਕ ਹਨ, ਤੇਰਾ ਥਾਟ ਅਪਰ ਅਪਾਰ ਹੈ।

---

੧. ਦੇਵੀ-ਦੇਵਤੇ ੨. ਚਲਾਉਂਣ ਵਾਲੇ

**ਆਡੀਠ ਧਰਮ ॥ ਅਤਿ ਢੀਠ ਕਰਮ ॥**

ਜੀਵਾਂ ਦੇ ਕਰਮਾਂ ਨੂੰ ਅਣਡਿੱਠ ਕਰਨਾ ਤੇਰਾ ਬਿਰਦ ਹੈ ਅਤੇ ਤੁਹਾਡੇ ਕਰਮ ਬੜੇ ਦ੍ਰਿੜਤਾ ਵਾਲੇ ਹਨ।

**ਅਣਬ੍ਰਣ ਅਨੰਤ ॥ ਦਾਤਾ ਮਹੰਤ ॥੧੭੦॥**

ਹੇ ਪ੍ਰਭੂ! ਤੂੰ ਅਕਥਨੀਯ ਤੇ ਸ਼੍ਰੋਮਣੀ ਦਾਤਾ ਹੈਂ।

**ਹਰਿਬੋਲਮਨਾ ਛੰਦ ॥ ਤ੍ਵ ਪ੍ਰਸਾਦਿ ॥**

ਕਾਵਿ-ਛੰਦ ਦੀ ਇੱਕ ਕਿਸਮ। ਤੇਰੀ ਕਿਰਪਾ ਨਾਲ।

**ਕਰੁਣਾਲਯ ਹੈਂ ॥ ਅਰਿ ਘਾਲਯ ਹੈਂ ॥**

ਹੇ ਪ੍ਰਭੂ! ਤੂੰ ਦਇਆ ਦਾ ਘਰ ਤੇ ਦੁਸ਼ਟਾਂ ਦਾ ਨਾਸ਼ ਕਰਤਾ ਹੈਂ।

**ਖਲ ਖੰਡਨ ਹੈਂ ॥ ਮਹਿ ਮੰਡਨ ਹੈਂ ॥੧੭੧॥**

ਦੋਖੀਆਂ ਦਾ ਨਾਸ਼ ਕਰਨ ਵਾਲਾ ਤੇ ਸਾਰੀ ਧਰਤੀ ਦਾ ਸ਼ਿੰਗਾਰ ਹੈਂ।

**ਜਗਤੇਸ੍ਵਰ ਹੈਂ ॥ ਪਰਮੇਸ੍ਵਰ ਹੈਂ ॥**

ਹੇ ਪ੍ਰਭੂ! ਤੂੰ ਜਗਤ ਦਾ ਮਾਲਕ ਤੇ ਮਾਲਕਾਂ ਦਾ ਸਿਰਮੌਰ ਸੁਆਮੀ ਹੈਂ।

**ਕਲਿ ਕਾਰਣ ਹੈਂ ॥ ਸਰਬ ਉਬਾਰਣ ਹੈਂ ॥੧੭੨॥**

ਹੇ ਪ੍ਰਭੂ! ਤੂੰ ਕਲਾ-ਕਲੇਸ਼ ਦਾ ਮੂਲ ਤੇ ਸਾਰਿਆਂ ਦੀ ਰੱਖਿਆ ਕਰਨ ਵਾਲਾ ਹੈਂ।

**ਧ੍ਰਿਤ ਕੇ ਧਰਨ ਹੈਂ ॥ ਜਗ ਕੇ ਕਰਨ ਹੈਂ ॥**

ਹੇ ਪ੍ਰਭੂ! ਤੁਸੀਂ ਧੀਰਜ ਦੇ ਧਾਰਕ ਤੇ ਜਗਤ ਦੇ [1]ਕਾਰਕ ਹੋ।

**ਮਨ ਮਾਨਿਯ ਹੈਂ ॥ ਜਗ ਜਾਨਿਯ ਹੈਂ ॥੧੭੩॥**

ਹੇ ਪ੍ਰਭੂ! ਤੂੰ ਸਭ ਦੇ ਮਨ ਵਿੱਚ ਸਤਿਕਾਰਯੋਗ ਤੇ ਸਭ ਦੇ ਮਨ ਦੀ ਜਾਨਣ ਵਾਲਾ ਹੈਂ।

---

੧. ਕਰਨ ਵਾਲੇ

**ਸਰਬੰ ਭਰ ਹੈਂ ॥ ਸਰਬੰ ਕਰ ਹੈਂ ॥**

ਹੇ ਪ੍ਰਭੂ! ਤੁਸੀਂ ਸਭ ਦੀ ਪਾਲਣਾ ਕਰਨ ਵਾਲੇ ਤੇ ਸਭ ਕਾਸੇ ਦੇ ਕਰਤਾ ਹੋ।

**ਸਰਬ ਪਾਸਿਯ ਹੈਂ ॥ ਸਰਬ ਨਾਸਿਯ ਹੈਂ ॥੧੭੪॥**

ਹੇ ਪ੍ਰਭੂ! ਤੂੰ ਸਭਨਾਂ ਦਾ ਨਿਕਟਵਰਤੀ ਤੇ ਸਰਬ ਦਾ ਨਾਸ਼ ਕਰਨ ਵਾਲਾ ਹੈਂ।

**ਕਰੁਣਾਕਰ ਹੈਂ ॥ ਬਿਸ੍ਵੰਭਰ ਹੈਂ ॥**

ਹੇ ਪ੍ਰਭੂ! ਤੂੰ ਦਇਆ ਦੀ ਖਾਣ ਹੈਂ ਤੇ ਸਾਰਿਆ ਦਾ ਪਾਲਣ-ਪੋਸ਼ਣ ਕਰਨ ਵਾਲਾ ਹੈਂ।

**ਸਰਬੇਸ੍ਵਰ ਹੈਂ ॥ ਜਗਤੇਸ੍ਵਰ ਹੈਂ ॥੧੭੫॥**

ਹੇ ਪ੍ਰਭੂ! ਤੂੰ ਜਗਤ ਦਾ ਮਾਲਕ ਤੇ ਜਗਤ ਦਾ [1]ਈਸ਼ਵਰ ਹੈਂ।

**ਬ੍ਰਹਮੰਡਸ ਹੈਂ ॥ ਖਲ ਖੰਡਸ ਹੈਂ ॥**

ਹੇ ਪ੍ਰਭੂ! ਤੂੰ ਜਗਤ ਦਾ ਜੀਵਨ ਤੇ ਦੁਸ਼ਟ ਦੋਖੀਆਂ ਦਾ ਸੰਘਾਰ ਕਰਤਾ ਹੈਂ।

**ਪਰ ਤੇ ਪਰ ਹੈਂ ॥ ਕਰੁਣਾਕਰ ਹੈਂ ॥੧੭੬॥**

ਹੇ ਪ੍ਰਭੂ! ਤੂੰ ਪਰੇ ਤੋਂ ਪਰੇ ਤੇ ਦਇਆ ਦੀ ਖਾਣ ਹੈਂ।

**ਅਜਪਾ ਜਪ ਹੈਂ ॥ ਅਥਪਾ ਥਪ ਹੈਂ ॥**

ਤੈਨੂੰ ਕੋਈ ਜਪ ਕੇ ਕਥਨ ਨਹੀਂ ਕਰ ਸਕਦਾ ਤੇ ਨਾ ਹੀ ਤੈਨੂੰ ਕੋਈ ਮੂਰਤੀ ਵਾਂਗ ਅਸਥਾਪਤ ਕਰ ਸਕਦਾ ਹੈ।

**ਅਕ੍ਰਿਤਾ ਕ੍ਰਿਤ ਹੈਂ ॥ ਅੰਮ੍ਰਿਤਾ ਮ੍ਰਿਤ ਹੈਂ ॥੧੭੭॥**

ਤੈਨੂੰ ਸਿਰਜਿਆ ਨਹੀਂ ਜਾ ਸਕਦਾ, ਹੇ ਪ੍ਰਭੂ! ਤੂੰ ਮ੍ਰਿਤੂ ਰਹਿਤ ਹੈਂ।

**ਅਮ੍ਰਿਤਾ ਮ੍ਰਿਤ ਹੈਂ ॥ ਕਰਣਾ ਕ੍ਰਿਤ ਹੈਂ ॥**

ਹੇ ਪ੍ਰਭੂ! ਤੂੰ ਅਮਰ ਤੇ ਕਿਰਪਾ ਦਾ ਸਰੂਪ ਹੈਂ।

---

੧. ਮਾਲਕ

**ਅਕ੍ਰਿਤਾ ਕ੍ਰਿਤ ਹੈਂ ॥ ਧਰਣੀ ਧ੍ਰਿਤ ਹੈਂ ॥੧੭੮॥**

ਹੇ ਪ੍ਰਭੂ ! ਤੈਨੂੰ ਸਿਰਜਿਆ ਨਹੀਂ ਜਾ ਸਕਦਾ ਤੂੰ ਧਰਤੀ ਦਾ ਆਸਰਾ ਹੈਂ।

**ਅਮ੍ਰਿਤੇਸ੍ਵਰ ਹੈਂ ॥ ਪਰਮੇਸ੍ਵਰ ਹੈਂ ॥**

ਹੇ ਪ੍ਰਭੂ ! ਤੂੰ ਅਮਿੱਤ ਸੀਮਾਂ ਦਾ ਮਾਲਕ ਤੇ ਸਰਬ ਜਗਤ ਦਾ ਸੁਆਮੀ ਹੈਂ।

**ਅਕ੍ਰਿਤਾ ਕ੍ਰਿਤ ਹੈਂ ॥ ਅਮ੍ਰਿਤਾ ਮ੍ਰਿਤ ਹੈਂ ॥੧੭੯॥**

ਹੇ ਪ੍ਰਭੂ! ਤੇਰਾ ਸਰੂਪ ਕਿਸੇ ਕਲਾ-ਕ੍ਰਿਤ ਨਾਲ ਸਾਜਿਆ ਨਹੀਂ ਜਾ ਸਕਦਾ ਅਤੇ ਤੂੰ ਅਮਰ ਹੈਂ।

**ਅਜਬਾ ਕ੍ਰਿਤ ਹੈਂ ॥ ਅਮ੍ਰਿਤਾ ਅਮ੍ਰਿਤ ਹੈਂ ॥**

ਹੇ ਪ੍ਰਭੂ! ਤੂੰ ਅਸਚਰਜ ਸਰੂਪ ਵਾਲਾ, ਜੰਮਣ-ਮਰਣ ਤੋਂ ਰਹਿਤ ਹੈਂ।

**ਨਰ ਨਾਇਕ ਹੈਂ ॥ ਖਲ ਘਾਇਕ ਹੈਂ ॥੧੮੦॥**

ਹੇ ਪ੍ਰਭੂ ! ਤੁਸੀਂ ਸਾਰੇ ਮਨੁੱਖਾਂ ਦੇ ਮਾਲਕ ਤੇ ਦੋਖੀਆਂ-ਮੂਰਖਾਂ ਦੇ ਨਾਸ਼ਕ ਹੋ।

**ਬਿਸ੍ਵੰਭਰ ਹੈਂ ॥ ਕਰੁਣਾਲਯ ਹੈਂ ॥**

ਹੇ ਪ੍ਰਭੂ ! ਤੁਸੀਂ ਸਾਰੇ ਸੰਸਾਰ ਦੇ ਪਾਲਣਹਾਰ ਅਤੇ ਦਇਆ ਦੇ ਘਰ ਹੋ।

**ਨ੍ਰਿਪ ਨਾਇਕ ਹੈਂ ॥ ਸਰਬ ਪਾਇਕ ਹੈਂ ॥੧੮੧॥**

ਹੇ ਪ੍ਰਭੂ! ਤੂੰ ਰਾਜਿਆਂ ਦਾ ਮਾਲਕ ਤੇ ਸਾਰਿਆਂ ਦੀ ਰੱਖਿਆ ਕਰਨ ਵਾਲਾ ਹੈਂ।

**ਭਵ ਭੰਜਨ ਹੈਂ ॥ ਅਰਿ ਗੰਜਨ ਹੈਂ ॥**

ਹੇ ਪ੍ਰਭੂ ! ਤੂੰ ਆਵਾਗਉਣ ਦਾ ਨਾਸ਼ ਕਰਨ ਵਾਲਾ ਤੇ ਵੈਰੀਆਂ ਦਾ ਸੰਘਾਰ ਕਰਤਾ ਹੈਂ।

**ਰਿਪੁ ਤਾਪਨ ਹੈਂ ॥ ਜਪੁ ਜਾਪਨ ਹੈਂ ॥੧੮੨॥**

ਹੇ ਪ੍ਰਭੂ! ਤੂੰ ਧਰਮ ਦੋਖੀਆਂ ਨੂੰ ਦੰਡ ਦੇਣ ਵਾਲਾ ਤੇ ਆਪਣਾ ਨਾਮ ਜਪਾਉਣ ਵਾਲਾ ਹੈਂ।

**ਅਕਲੰ ਕ੍ਰਿਤ ਹੈਂ ॥ ਸਰਬਾ ਕ੍ਰਿਤ ਹੈਂ ॥**

ਹੇ ਪ੍ਰਭੂ! ਤੂੰ ਹਰ ਸ਼ਕਤੀ ਤੋਂ ਬੇ-ਮੁਹਤਾਜ ਤੇ ਸਰਬ-ਵਿਆਪੀ ਹੈਂ।

**ਕਰਤਾ ਕਰ ਹੈਂ ॥ ਹਰਤਾ ਹਰਿ ਹੈਂ ॥੧੮੩॥**

ਹੇ ਪ੍ਰਭੂ! ਤੂੰ ਹਰ ਕਿਸੇ ਦਾ ਕਰਨਹਾਰ ਤੇ ਨਾਸ਼ ਕਰਤਾ ਹੈਂ।

**ਪਰਮਾਤਮ ਹੈਂ ॥ ਸਰਬਾਤਮ ਹੈਂ ॥**

ਹੇ ਪ੍ਰਭੂ! ਤੂੰ ਪਰਮ ਚੇਤਨ-ਸਤਾ ਦਾ ਸ੍ਰੋਤ ਤੇ ਸਾਰੀਆਂ ਆਤਮਾਵਾਂ ਵਿੱਚ ਵਿਆਪਕ ਹੈਂ।

**ਆਤਮ ਬਸ ਹੈਂ ॥ ਜਸ ਕੇ ਜਸ ਹੈਂ ॥੧੮੪॥**

ਹੇ ਪ੍ਰਭੂ! ਤੂੰ ਸਵੈ-ਅਧੀਨ ਹੈਂ ਤੇ ਕੀਰਤੀ ਦੀ ਮਹਾਨ ਸਿਖ਼ਰ ਹੈਂ।

**ਭੁਜੰਗ ਪ੍ਰਯਾਤ ਛੰਦ ॥**

ਕਾਵਿ-ਛੰਦ ਦੀ ਕਿਸਮ।

**ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ ॥**

ਹੇ ਸੂਰਜਾਂ ਦੇ ਸੂਰਜ, ਹੇ ਚੰਦਰਮਾਂ ਦੇ ਚੰਦਰਮਾਂ! ਤੈਨੂੰ ਨਮਸ਼ਕਾਰ ਹੈ।

**ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ ॥**

ਹੇ ਰਾਜਿਆਂ ਦੇ ਮਹਾਂਰਾਜਨ, ਇੰਦ੍ਰਾਂ ਦੇ ਮਹਾਂਇੰਦ੍ਰ ! ਤੈਨੂੰ ਨਮਸ਼ਕਾਰ ਹੈ।

**ਨਮੋ ਅੰਧਕਾਰੇ ਨਮੋ ਤੇਜ ਤੇਜੇ ॥**

ਹੇ ਘੁਪ ਹਨੇਰ ਤੇ ਪ੍ਰਕਾਸ਼ਾਂ ਦੇ ਪ੍ਰਕਾਸ਼ਕ ! ਤੈਨੂੰ ਨਮਸ਼ਕਾਰ ਹੈ।

**ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ ॥੧੮੫॥**

ਹੇ ਘਨੇ ਫੈਲਾਅ (ਵਿਸਥਾਰ) ਵਾਲੇ, ਬੀਜਾਂ ਨੂੰ ਮੌਲਣ ਸ਼ਕਤੀ ਪ੍ਰਦਾਨ ਕਰਨ ਵਾਲੇ ! ਤੈਨੂੰ ਨਮਸ਼ਕਾਰ ਹੈ।

**ਨਮੋ ਰਾਜਸੰ ਤਾਮਸੰ ਸਾਂਤ ਰੂਪੇ ॥**

ਹੇ ਰਜ਼ੋ, ਤਮੋਂ, ਸਤੋ, ਗੁਣਾਂ ਵਾਲੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ।

**ਨਮੋ ਪਰਮ ਤੱਤੰ ਅਤੱਤੰ ਸਰੂਪੇ ॥**

ਹੇ ਤੱਤਾਂ ਦੇ ਪਰਮ ਤੱਤ ਤੇ ਤੱਤਾਂ ਤੋਂ ਰਹਿਤ ਸਰੂਪ ਵਾਲੇ ! ਤੈਨੂੰ ਨਮਸ਼ਕਾਰ ਹੈ।

**ਨਮੋ ਜੋਗ ਜੋਗੇ ਨਮੋ ਗਿਆਨ ਗਿਆਨੇ ॥**

ਹੇ ਜੋਗਾਂ ਦੇ ਵੀ ਪਰਮ ਜੋਗ, ਗਿਆਨਾਂ ਦੇ ਵੀ ਪਰਮ ਗਿਆਨ ! ਤੈਨੂੰ ਨਮਸ਼ਕਾਰ ਹੈ।

**ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ ॥੧੮੬॥**

ਹੇ ਮੰਤ੍ਰਾਂ ਦੇ ਸ਼੍ਰੋਮਣੀ ਮੰਤ੍ਰ, ਧਿਆਨਾਂ ਚੋਂ ਸ਼੍ਰੋਮਣੀ ਧਿਆਨ ! ਤੈਨੂੰ ਨਮਸ਼ਕਾਰ ਹੈ।

**ਨਮੋ ਜੁਧ ਜੁਧੇ ਨਮੋ ਗਿਆਨ ਗਿਆਨੇ ॥**

ਹੇ ਯੁੱਧਾਂ ਦੇ ਮਹਾਂਯੁੱਧ ਤੇ ਗਿਆਨਾਂ ਦੇ ਮਹਾਂਗਿਆਨ ! ਤੈਨੂੰ ਨਮਸ਼ਕਾਰ ਹੈ।

**ਨਮੋ ਭੋਜ ਭੋਜੇ ਨਮੋ ਪਾਨ ਪਾਨੇ ॥**

ਹੇ ਭੋਜਨਾਂ ਵਿੱਚੋਂ ਆਦਰਸ਼ਕ ਭੋਜਨ ਤੇ ਪੀਣ ਵਾਲੇ ਰਸਾਂ ਵਿੱਚੋਂ ਪਰਮਰਸ! ਤੈਨੂੰ ਨਮਸ਼ਕਾਰ ਹੈ।

**ਨਮੋ ਕਲਹ ਕਰਤਾ ਨਮੋ ਸਾਂਤ ਰੂਪੇ ॥**

ਹੇ ਕਲਹ ਕਲੇਸ਼ ਦੇ ਕਰਤਾ ਤੇ ਸ਼ਾਂਤ ਸਰੂਪ ਪ੍ਰਭੂ ! ਤੈਨੂੰ ਨਮਸ਼ਕਾਰ ਹੈ।

**ਨਮੋ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ ॥੧੮੭॥**

ਹੇ ਇੰਦ੍ਰਾਂ ਦੇ ਮਹਾਂਇੰਦ੍ਰ ਤੇ ਆਦਿ ਰਹਿਤ ਸੰਪਤੀ ਵਾਲੇ ਪ੍ਰਭੂ ! ਤੈਨੂੰ ਨਮਸ਼ਕਾਰ ਹੈ।

**ਕਲੰਕਾਰ ਰੂਪੇ ਅਲੰਕਾਰ ਅਲੰਕੇ ॥**

ਹੇ ਦੋਸ਼ਾਂ ਤੋਂ ਮੁਕਤ ਸਰੂਪ ਭੂਖਣਾਂ ਦੇ ਸਿਰਮੌਰ ਭੂਖਣ ! ਤੈਨੂੰ ਨਮਸ਼ਕਾਰ ਹੈ।

**ਨਮੋ [1]ਆਸ ਆਸੇ ਨਮੋ ਬਾਂਕ [2]ਬੰਕੇ ॥**

ਹੇ ਭਸਮਾਂਧਾਰੀ ਤੇ ਬਾਂਕੇ ਸੁੰਦਰ ਸਰੂਪ ਵਾਲੇ ! ਤੈਨੂੰ ਨਮਸ਼ਕਾਰ ਹੈ।

**ਅਭੰਗੀ ਸਰੂਪੇ ਅਨੰਗੀ ਅਨਾਮੇ ॥**

ਹੇ ਨਾਸ਼ ਰਹਿਤ ਸਰੀਰ ਤੇ ਨਾਮ ਰਹਿਤ ਰੂਪ ਵਾਲੇ ! ਤੈਨੂੰ ਨਮਸ਼ਕਾਰ ਹੈ।

**ਤ੍ਰਿਭੰਗੀ ਤ੍ਰਿਕਾਲੇ ਅਨੰਗੀ ਅਕਾਮੇ ॥੧੮੮॥**

ਤਿੰਨਾਂ ਲੋਕਾਂ ਨੂੰ ਤਿੰਨਾਂ ਹੀ ਕਾਲਾਂ ਵਿੱਚ ਨਾਸ਼ ਕਰਨ ਵਾਲੇ ਸਰੀਰ ਤੇ ਕਾਮਨਾ ਰਹਿਤ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਏਕ ਅਛਰੀ ਛੰਦ ॥**

ਕਾਵਿ-ਛੰਦ ਦੀ ਕਿਸਮ।

**ਅਜੈ ॥ ਅਲੈ ॥ ਅਭੈ ॥ ਅਬੈ ॥੧੮੯॥**

ਹੇ ਪ੍ਰਭੂ! ਤੂੰ ਅਜਿੱਤ, ਅਵਿਨਾਸ਼ੀ, [3]ਅਭੈ ਤੇ ਅ-ਬਦਲ ਹੈਂ।

**ਅਭੂ ॥ ਅਜੂ ॥ ਅਨਾਸ ॥ ਅਕਾਸ ॥੧੯੦॥**

ਹੇ ਪ੍ਰਭੂ ! ਤੂੰ ਅਜਨਮ, ਜੂਨਾਂ ਤੋਂ ਰਹਿਤ, ਨਾਸ਼ ਰਹਿਤ ਤੇ ਸੋਗ ਰਹਿਤ ਹੈਂ।

**ਅਗੰਜ ॥ ਅਭੰਜ ॥ ਅਲੱਖ ॥ ਅਭੱਖ ॥੧੯੧॥**

ਹੇ ਪ੍ਰਭੂ! ਤੂੰ ਅਜਿੱਤ, ਨਾਸ਼ ਰਹਿਤ, ਲੱਖਤਾ ਤੋਂ ਪਰੇ ਤੇ ਖਾਣ ਪੀਣ ਦੀ ਲੋੜ ਤੋਂ ਮੁਕਤ ਹੈਂ।

**ਅਕਾਲ ॥ ਦਿਆਲ ॥ ਅਲੇਖ ॥ ਅਭੇਖ ॥੧੯੨॥**

ਹੇ ਪ੍ਰਭੂ! ਤੂੰ ਮੌਤ ਤੋਂ ਮੁਕਤ, ਦਿਆਲੂ, ਲੇਖੇ ਰਹਿਤ ਤੇ ਭੇਖ ਤੋਂ ਨਿਰਲੇਪ ਹੈਂ।

---

੧. ਭਸਮਧਾਰੀ ੨. ਸੁੰਦਰ ਸਰੂਪ ੩. ਨਿਰਭਉ

**ਅਨਾਮ ॥ ਅਕਾਮ ॥ ਅਗਾਹ ॥ ਅਢਾਹ ॥੧੯੩॥**

ਹੇ ਪ੍ਰਭੂ! ਤੂੰ ਨਾਮ ਤੇ ਕਾਮਨਾ ਰਹਿਤ ਅਥਾਹ ਤੇ ਅਪਰ ਅਪਾਰ ਹੈਂ।

**ਅਨਾਥੇ ॥ ਪ੍ਰਮਾਥੇ ॥ ਅਜੋਨੀ ॥ ਅਮੋਨੀ ॥੧੯੪॥**

ਹੇ ਪ੍ਰਭੂ! ਤੂੰ ਕਿਸੇ ਦਾ ਮੁਹਤਾਜ ਨਹੀਂ, ਤੈਨੂੰ ਕੋਈ ਨਾਸ਼ ਨਹੀ ਕਰ ਸਕਦਾ, ਤੂੰ ਜੂਨ-ਜਨਮ ਤੋਂ ਰਹਿਤ, ਮੋਨਧਾਰੀ ਨਹੀਂ।

**ਨ ਰਾਗੇ ॥ ਨ ਰੰਗੇ ॥ ਨ ਰੂਪੇ ॥ ਨ ਰੇਖੇ ॥੧੯੫॥**

ਹੇ ਪ੍ਰਭੂ! ਤੁਸੀਂ ਮੋਹ ਰਹਿਤ, ਰੰਗ ਰਹਿਤ, ਰੂਪ-ਰੇਖ ਤੋਂ ਪਰੇ ਹੋ।

**ਅਕਰਮੰ ॥ ਅਭਰਮੰ ॥ ਅਗੰਜੇ ॥ ਅਲੇਖੇ ॥੧੯੬॥**

ਹੇ ਪ੍ਰਭੂ! ਤੁਸੀਂ ਕਰਮ ਬੰਧਨਾਂ ਤੇ ਭਰਮਾਂ ਤੋਂ ਮੁਕਤ, ਨਾਸ਼ ਰਹਿਤ, ਅਲੇਖ ਹੋ।

**ਭੁਜੰਗ ਪ੍ਰਯਾਤ ਛੰਦ ॥**

ਕਾਵਿ-ਛੰਦ ਦੀ ਕਿਸਮ।

**ਨਮਸਤੁਲ ਪ੍ਰਣਾਮੇ ਸਮਸਤੁਲ ਪ੍ਰਣਾਸੇ ॥**

ਨਮਸ਼ਕਾਰ ਕਰਨ ਯੋਗ ਪ੍ਰਭੂ ਨੂੰ ਨਮਸ਼ਕਾਰ ਹੈ ਜੋ ਸਭਨਾਂ ਦਾ ਸੰਘਾਰ ਕਰਤਾ ਹੈ।

**ਅਗੰਜੁਲ ਅਨਾਮੇ ਸਮਸਤੁਲ ਨਿਵਾਸੇ ॥**

ਹੇ ਪ੍ਰਭੂ! ਤੂੰ ਨਾਸ਼ ਰਹਿਤ, ਨਾਮ ਰਹਿਤ, ਸਾਰਿਆਂ ਵਿੱਚ ਨਿਵਾਸ ਕਰਤਾ ਹੈਂ।

**ਨ੍ਰਿਕਾਮੰ ਬਿਭੂਤੇ ਸਮਸਤੁਲ ਸਰੂਪੇ ॥**

ਕਾਮਨਾ ਤੋਂ ਰਹਿਤ ਸੰਪਤੀ ਵਾਲੇ ਸਰਬ-ਵਿਆਪੀ ਰੂਪ ਵਾਲੇ ਪ੍ਰਭੂ! ਤੈਨੂੰ ਨਮਸ਼ਕਾਰ ਹੈ।

**ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ ॥੧੯੭॥**

ਹੇ ਪ੍ਰਭੂ! ਤੂੰ ਮੰਦ ਕਰਮਾਂ ਦਾ ਨਾਸ਼ਕ ਤੇ ਦੈਵੀ ਸੰਪਦਾ ਦਾ ਮਾਲਕ ਹੈਂ।

## ਸਦਾ ਸੱਚਿਦਾਨੰਦ ਸੱਤ੍ਰੰ ਪ੍ਰਣਾਸੀ ॥

ਹੇ ਪ੍ਰਭੂ! ਤੂੰ ਸੱਤ-ਚਿੱਤ-ਅਨੰਦ ਸਰੂਪ ਤੇ ਵੈਰੀਆਂ ਦਾ ਨਾਸ਼ ਕਰਨ ਵਾਲਾ ਹੈਂ।

## ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ ॥

ਹੇ ਪ੍ਰਭੂ! ਤੁਸੀਂ ਮਿਹਰ ਕਰਨ ਵਾਲੇ, ਕਰਣਹਾਰ ਸਰਬ-ਨਿਵਾਸੀ ਹੋ।

## ਅਜਾਇਬ ਬਿਭੂਤੇ ਗਜਾਇਬ ਗਨੀਮੇ ॥

ਤੁਸੀਂ ਅਲੌਕਿਕ ਦੈਵੀ ਸੰਪਦਾ ਦੇ ਮਾਲਕ ਤੇ ਦੁਸ਼ਮਣਾਂ ਉੱਤੇ ਕਹਿਰ ਕਰਨ ਵਾਲੇ ਹੋ।

## ਹਰੀਅੰ ਕਰੀਅੰ ਕਰੀਮੁਲ ਰਹੀਮੇ ॥੧੯੮॥

ਹੇ ਪ੍ਰਭੂ! ਤੁਸੀਂ ਸਭ ਦੇ ਨਾਸ਼ਕ, ਸਭ ਦੇ ਸਿਰਜਣਹਾਰ, ਕ੍ਰਿਪਾਲੂ ਤੇ ਰਹਿਮ ਕਰਨ ਵਾਲੇ ਹੋ।

## ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ ॥

ਹੇ ਪ੍ਰਭੂ! ਤੁਸੀਂ ਚੌਹਾਂ ਦਿਸ਼ਾਵਾਂ ਵਿੱਚ ਵਰਤਣ ਵਾਲੇ ਤੇ ਚੌਹਾਂ ਕੁੰਟਾਂ ਦੇ ਜੀਵਾਂ ਵਿੱਚ ਵਰਤ ਕੇ ਅਨੰਦ ਭੋਗਣ ਵਾਲੇ ਹੋ।

## ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ ॥

ਹੇ ਪ੍ਰਭੂ! ਤੁਸੀਂ ਸੁਤੇ-ਪ੍ਰਕਾਸ਼ ਸਾਰਿਆਂ ਵਿੱਚ ਵਿਆਪਕ ਹੋ।

## ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ ॥

ਹੇ ਪ੍ਰਭੂ! ਤੁਸੀਂ ਜਨਮ-ਮਰਨ ਦਾ ਮਲੀਆਮੇਟ ਕਰਨ ਵਾਲੇ ਦਿਆਲੂ ਸਰੂਪ ਹੋ।

## ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥੧੯੯॥

ਹੇ ਪ੍ਰਭੂ! ਤੁਸੀਂ ਸਭਨਾਂ ਦੇ ਅੰਗ-ਸੰਗ ਤੇ ਨਾਸ਼ ਰਹਿਤ ਦੈਵੀ ਸੰਪਦਾ ਵਾਲੇ ਹੋ।

# ਤ੍ਵ ਪ੍ਰਸਾਦਿ ॥ ਸਵੱਯੇ ॥

## ੧ੴ ਸਤਿਗੁਰ ਪ੍ਰਸਾਦਿ ॥

ਪਰਮਾਤਮਾ ਇੱਕ ਤੇ [1]ਅਦੁੱਤੀ ਹੈ ਸਾਰਾ ਉਸਦਾ ਹੀ ਅਕਾਰ ਹੈ। ਉਹ ਗੁਰੂ ਦੀ ਮਿਹਰ ਨਾਲ ਪ੍ਰਾਪਤ ਹੁੰਦਾ ਹੈ।

## ਤ੍ਵ ਪ੍ਰਸਾਦਿ ॥ ਸਵੱਯੇ ॥

## ਪਾਤਿਸ਼ਾਹੀ ੧੦

ਤੇਰੀ ਕ੍ਰਿਪਾ ਨਾਲ ਕਥਨ ਕੀਤੇ ਸਵੱਯੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ।

**[2]ਸ੍ਰਾਵਗ [3]ਸੁੱਧ ਸਮੂਹ [4]ਸਿਧਾਨ ਕੇ**
**ਦੇਖਿ ਫਿਰਿਓ ਘਰ ਜੋਗ ਜਤੀ ਕੇ ॥**

ਮੈਂ ਜੈਨ ਧਰਮ, ਬੁੱਧ ਮੱਤ ਦੇ ਸੁੱਚ ਸੰਜਮੀਆਂ, ਸਿੱਧਾਂ ਜੋਗੀਆਂ ਅਤੇ ਬ੍ਰਹਮਚਾਰੀਆਂ ਦੇ ਸਿਧਾਂਤਕ ਵਿਚਾਰਾਂ ਨੂੰ ਚੰਗੀ ਤਰ੍ਹਾਂ ਘੋਖ ਲਿਆ ਹੈ।

**[5]ਸੂਰ ਸੁਰਾਰਦਨ [6]ਸੁੱਧ ਸੁਧਾਦਿਕ**
**ਸੰਤ ਸਮੂਹ ਅਨੇਕ ਮਤੀ ਕੇ ॥**

ਮੈਂ ਸੂਰਬੀਰ ਦੈਂਤਾਂ ਤੇ ਅੰਮ੍ਰਿਤ ਪਾਨ ਕਰਨ ਵਾਲੇ ਦੇਵਤਿਆਂ ਅਤੇ ਅਨੇਕ ਮੱਤਾਂ ਨਾਲ ਸਬੰਧ ਰੱਖਣ ਵਾਲੇ ਸਾਧੂ ਸੰਤਾਂ ਦੀਆਂ ਮੰਡਲੀਆਂ ਘੁੰਮ-ਫਿਰ ਕੇ ਵੇਖ ਲਈਆਂ ਹਨ।

**ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ**
**ਕੋਊ ਨ ਦੇਖੀਅਤ [7]ਪ੍ਰਾਨਪਤੀ ਕੇ ॥**

ਮੈਂ ਸਾਰੇ ਹੀ ਦੇਸ਼-ਦੇਸ਼ਾਂਤਰਾਂ ਦੇ ਮੱਤਾਂ ਨੂੰ ਚੰਗੀ ਤਰ੍ਹਾਂ ਘੋਖ ਲਿਆ ਹੈ।

---

੧.ਜਿਸ ਵਰਗਾ ਹੋਰ ਕੋਈ ਨਾ ਹੋਵੇ ੨.ਜੈਨੀ-ਬੋਧੀ ਭਿਕਸ਼ੂ ੩.ਸੁੱਚ-ਸੰਜਮੀਂ ੪.ਸਿੱਧੀ ਪ੍ਰਾਪਤੀ ਵਾਲੇ ੫.ਸੂਰਮੇ ਦੇਵਤਿਆਂ ਦੇ ਵੈਰੀ (ਰਾਖਸ਼) ੬.ਅੰਮ੍ਰਿਤ ਪਾਨ ਕਰਨ ਵਾਲੇ (ਦੇਵਤੇ) ੭.ਪ੍ਰਾਣਾਂ ਦਾ ਮਾਲਕ (ਵਾਹਿਗੁਰੂ)

ਪਰ ਸਹੀ ਅਰਥਾਂ ਵਿੱਚ ਕੋਈ ਵੀ ਅਜਿਹਾ ਨਹੀਂ ਵੇਖਿਆ ਜੋ ਪ੍ਰਭੂ ਦੇ ਮੱਤ ਅਨੁਸਾਰੀ ਚੱਲਣ ਵਾਲਾ ਹੋਵੇ।

**ਸ੍ਰੀ ਭਗਵਾਨ ਕੀ [1]ਭਾਇ ਕ੍ਰਿਪਾ ਹੂ ਤੇ**
**ਏਕ ਰਤੀ ਬਿਨੁ [2]ਏਕ ਰਤੀ ਕੇ ॥੧॥**

ਸਾਰਿਆਂ ਦੇ ਸਿਰਮੌਰ ਵਾਹਿਗੁਰੂ ਜੀ ਵਿੱਚ ਸ਼ਰਧਾ ਭਾਵਨਾ ਧਾਰਨ ਕਰਨ ਨਾਲ ਜੋ ਕਿਰਪਾ ਤੇ ਪਿਆਰ ਪ੍ਰਾਪਤ ਹੁੰਦਾ ਹੈ, ਉਸ ਤੋਂ ਬਿਨਾਂ ਸਾਰੇ ਮੱਤ ਇੱਕ ਰੱਤੀ ਜਿੰਨੇ ਵੀ ਨਹੀਂ।੧।

**[3]ਮਾਤੇ [4]ਮਤੰਗ ਜਰੇ ਜਰ ਸੰਗ**
**ਅਨੂਪ [5]ਉਤੰਗ ਸੁਰੰਗ[6] ਸਵਾਰੇ ॥**

ਜਿਨ੍ਹਾਂ ਰਾਜੇ ਮਹਾਂਰਾਜਿਆਂ ਪਾਸ ਵੱਡੀ ਡੀਲ ਡੌਲ ਵਾਲੇ ਸੋਨੇ ਚਾਂਦੀ ਨਾਲ ਜੜਤ ਸ਼ਿੰਗਾਰੇ ਹੋਏ ਮਸਤ ਹਾਥੀ ਸਨ।

**ਕੋਟ ਤੁਰੰਗ [7]ਕੁਰੰਗ ਸੇ ਕੂਦਤ**
**[8]ਪਉਨ ਕੇ ਗਉਨ ਕੌ ਜਾਤ ਨਿਵਾਰੇ ॥**

ਜਿਨ੍ਹਾਂ ਪਾਸ ਪੱਕੇ ਕਿਲੇ, ਕ੍ਰੋੜਾਂ ਘੋੜੇ, ਜਿਹੜੇ ਹਰਨਾਂ ਵਾਂਗ ਚੁੰਗੀਆਂ ਭਰਨ ਵਾਲੇ, ਹਵਾ ਦੇ ਤੇਜ ਨੂੰ ਵੀ ਮਾਤ ਪਾਉਂਦੇ ਸਨ।

**[9]ਭਾਰੀ ਭੁਜਾਨ ਕੇ ਭੂਪ ਭਲੀ ਬਿਧਿ**
**ਨਿਆਵਤ ਸੀਸ ਨ ਜਾਤ ਬਿਚਾਰੇ ॥**

ਜਿਨ੍ਹਾਂ ਤੇਜ ਪ੍ਰਤਾਪੀ ਰਾਜਿਆਂ ਦੀ ਈਨ ਮੰਨ ਕੇ ਲੰਬੀਆਂ ਬਾਹਾਂ ਵਾਲੇ ਅਣਗਿਣਤ ਰਾਜੇ ਮਹਾਂਰਾਜੇ ਉਨ੍ਹਾਂ ਨੂੰ ਝੁਕ ਝੁਕ ਕੇ ਸਿਰ ਨਿਵਾਉਂਦੇ ਸਨ।

**ਏਤੇ ਭਏ ਤੁ ਕਹਾ ਭਏ ਭੂਪਤਿ**
**ਅੰਤ ਕੌ ਨਾਂਗੇ ਹੀ ਪਾਂਇ ਪਧਾਰੇ ॥੨॥**

ਉਨ੍ਹਾਂ ਸ਼ਕਤੀਸ਼ਾਲੀ ਰਾਜੇ ਬਣ ਕੇ ਸ਼ੋਭ-ਸ਼ਕਤੀ ਤਾਂ ਪ੍ਰਾਪਤ ਕੀਤੀ,

---

੧. ਸ਼ਰਧਾ-ਭਾਵਨੀ ਦੀ ਬਦੌਲਤ ਪ੍ਰਾਪਤ ਹੋਣ ਵਾਲੀ ਕ੍ਰਿਪਾ ੨. ਪੁਰਾਣੇ ਸਮੇਂ ਵਿੱਚ ਭਾਰ ਤੋਲਣ ਵਾਲਾ ਸਭ ਤੋਂ ਛੋਟਾ ਨਾਪ (ਰਤੀ) ਜੋ ਇੱਕ ਦਰੱਖਤ ਨੂੰ ਲਗਦਾ ਹੈ ੩. ਮਸਤ ੪. ਹਾਥੀ ੫. ਉੱਚੇ ਕੱਦ-ਕਾਠ ਵਾਲੇ ੬. ਸੁਹਣੇ ਰੰਗ ਵਾਲੇ ੭. ਹਰਨਾਂ ਵਾਂਗ ਚੁੰਗੀਆਂ ਭਰਨ ਵਾਲੇ ੮. ਹਵਾ ਦੇ ਵੇਗ ਨੂੰ ਮਾਤ ਪਾਉਂਦੇ ੯. ਤਕੜੇ ਬਾਹੂ-ਬਲ ਵਾਲੇ

ਪਰ ਅੰਤ ਦੇ ਸਮੇਂ ਉਨ੍ਹਾਂ ਨੂੰ ਵੀ ਨੰਗੇ ਪੈਰੀਂ ਹੀ ਇਸ ਸੰਸਾਰ ਚੋਂ ਤੁਰਨਾ ਪਿਆ।੨।

**ਜੀਤ ਫਿਰੈ ਸਭ ਦੇਸ ਦਿਸਾਨ ਕੋ**
**ਬਾਜਤ ਢੋਲ ਮ੍ਰਿਦੰਗ ਨਗਾਰੇ ॥**

ਜਿਨ੍ਹਾਂ ਤੇਜ਼-ਪ੍ਰਤਾਪੀ ਰਾਜਿਆਂ ਨੇ ਸਾਰੀ ਉਮਰ ਦੇਸ਼ਾਂ-ਦੇਸ਼ੰਤ੍ਰਾਂ ਨੂੰ ਜਿੱਤਿਆ, ਜਿੱਤ ਦੀਆਂ ਖੁਸ਼ੀਆਂ ਕਾਰਨ ਉਨ੍ਹਾਂ ਦੇ ਦੁਆਰਾ ਅੱਗੇ ਢੋਲ ਮ੍ਰਿਦੰਗ ਤੇ ਨਗਾਰੇ ਵੱਜਦੇ ਰਹੇ।

**[੧]ਗੁੰਜਤ [੨]ਗੂੜ ਗਜਾਨ ਕੇ ਸੁੰਦਰ**
**ਹਿੰਸਤ ਹੈਂ [੩]ਹਯਰਾਜ ਹਜਾਰੇ ॥**

ਜਿਨ੍ਹਾਂ ਦੇ ਤਬੇਲਿਆਂ ਵਿੱਚ ਸੁੰਦਰ ਹਾਥੀਆਂ ਦੇ ਝੁੰਡ ਚਿੰਘਾੜਦੇ ਸਨ ਤੇ ਹਜ਼ਾਰਾਂ ਵਧੀਆ ਕਿਸਮ ਦੇ ਘੋੜੇ ਸਨ।

**ਭੂਤ ਭਵਿੱਖ ਭਵਾਨ ਕੇ ਭੂਪਤ**
**ਕਉਨੁ ਗਨੈ ਨਹੀਂ ਜਾਤ ਬਿਚਾਰੇ ॥**

ਭੂਤ, ਭਵਿੱਖ ਤੇ ਵਰਤਮਾਨ ਸਮੇਂ ਦੇ ਤੇਜ ਪ੍ਰਤਾਪੀ ਰਾਜੇ ਇਤਨੇ ਹੋਏ ਹਨ ਕਿ ਉਨ੍ਹਾਂ ਦੀ ਕੋਈ ਗਿਣਤੀ ਨਹੀਂ ਕਰ ਸਕਦਾ।

**ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ**
**ਅੰਤ ਕਉ ਅੰਤਕੇ ਧਾਮ ਸਿਧਾਰੇ ॥੩॥**

ਮਾਇਆ ਦੇ ਮਾਲਿਕ **'ਵਾਹਿਗੁਰੂ'** ਦਾ ਸਿਮਰਨ ਕਰਨ ਤੋਂ ਬਿਨਾਂ ਉਹ ਰਾਜੇ ਅੰਤ ਨੂੰ ਜਮ ਲੋਕ ਨੂੰ ਚਲੇ ਗਏ।੩।

**ਤੀਰਥ ਨਾਨ ਦਇਆ ਦਮ ਦਾਨ**
**ਸੁ ਸੰਜਮ ਨੇਮ ਅਨੇਕ ਬਿਸੇਖੈ ॥**

ਤੀਰਥ ਇਸ਼ਨਾਨੀ, ਦਇਆ ਦੇ ਧਾਰਨੀ, ਇੰਦ੍ਰੀਆਂ ਦਾ ਦਮਨ ਕਰਨ

---

੧.ਗੁੰਜਾਰਾਂ ਪਾਉਣ ਵਾਲੇ ੨.ਹਾਥੀਆਂ ਦੇ ਝੁੰਡ ੩.ਕੋਤਲ ਘੋੜੇ

ਵਾਲੇ, ਦਾਨ ਦੇਣ ਵਾਲੇ ਦਾਤੇ ਅਤੇ ਅਨੇਕ ਪ੍ਰਕਾਰ ਦਾ ਸੰਜਮ ਕਰਨ ਵਾਲੇ ਕਰਮਕਾਂਡੀ ਵੀ ਵੇਖ ਲਏ ਹਨ।

**ਬੇਦ ਪੁਰਾਨ [1]ਕਤੇਬ ਕੁਰਾਨ**
**ਜਮੀਨ ਜਮਾਨ ਸਬਾਨ ਕੇ ਪੇਖੈ ॥**

ਬੇਦਾਂ ਪੁਰਾਣਾਂ ਦੇ ਪਾਠੀ, ਇਸਲਾਮੀਂ ਮੱਤ ਦੀਆਂ ਕਤੇਬਾਂ-ਕੁਰਾਨ ਪੜ੍ਹਨ ਵਾਲੇ ਵਿਦਵਾਨ ਤੇ ਧਰਤੀ ਉੱਪਰ ਉਪਲਭਧ ਸਾਰਿਆਂ ਸਮਿਆਂ ਦੇ ਧਰਮ-ਗ੍ਰੰਥਾਂ ਨੂੰ ਘੋਖਣ ਵਾਲੇ ਵੀ ਵੇਖ ਲਏ ਹਨ।

**ਪਉਨ ਅਹਾਰ ਜਤੀ ਜਤ ਧਾਰ**
**ਸਬੈ ਸੁ ਬਿਚਾਰ ਹਜਾਰ ਕ ਦੇਖੈ ॥**

ਪਉਣ ਅਹਾਰੀ, ਬ੍ਰਹਮਚਾਰੀ, ਆਪਣੇ ਵਿਚਾਰਾਂ ਨੂੰ ਸੁਚੱਜੇ ਢੰਗ ਨਾਲ ਵਖਿਆਨ ਕਰਨ ਵਾਲੇ ਭੀ ਹਜ਼ਾਰਾਂ ਵੇਖੇ ਹਨ।

**ਸ੍ਰੀ ਭਗਵਾਨ ਭਜੇ ਬਿਨੁ ਭੂਪਤਿ**
**ਏਕ ਰਤੀ ਬਿਨੁ ਏਕ ਨ ਲੇਖੈ ॥੪॥**

ਪਰਮਾਤਮਾ ਦੇ ਸਿਮਰਨ ਭਜਨ ਤੋਂ ਬਿਨਾਂ ਰਾਜੇ ਮਹਾਂਰਾਜੇ ਤੇ ਹੋਰ ਪ੍ਰਭੂ ਦਰਬਾਰ ਵਿੱਚ ਇੱਕ ਰਤੀ ਵੀ ਕੀਮਤ ਨਹੀਂ ਪਾਉਂਦੇ।੪।

**ਸੁੱਧ ਸਿਪਾਹ ਦੁਰੰਤ ਦੁਬਾਹ**
**ਸੁ ਸਾਜਿ [2]ਸਨਾਹ ਦੁਰਜਾਨ ਦਲੈਂਗੇ ॥**

ਸਿੱਖੀ ਹੋਈ ਕਵਾਇਤ ਵਾਲੇ ਬਹਾਦੁਰ, ਜਿਨ੍ਹਾਂ ਨੂੰ ਪੈਂਤੜੇ ਤੋਂ ਉਖੇੜਨਾਂ ਮੁਸ਼ਕਿਲ ਹੋਵੇ। ਸਰੀਰ ਤੇ ਲੋਹੇ ਦੀਆਂ ਸੰਜੋਆਂ ਪਹਿਨ ਕੇ ਵੈਰੀਆਂ ਦਾ ਮਲੀਆ-ਮੇਟ ਕਰਦੇ ਹੋਣ।

**ਭਾਰੀ ਗੁਮਾਨ ਭਰੇ ਮਨ ਮੈਂ ਕਰ ਪਰਬਤ ਪੰਖ ਹਲੇ ਨ ਹਲੈਂਗੇ ॥**

ਉਨ੍ਹਾਂ ਦੇ ਮਨ ਵਿੱਚ ਇੰਨਾਂ ਹੰਕਾਰ ਹੋਵੇ ਕਿ ਪਰਬਤ ਭਾਵੇਂ ਖੰਭ ਲਾ ਕੇ ਉੱਡ ਜਾਵੇ ਪਰ ਅਸੀਂ ਆਪਣੇ ਪੈਂਤੜੇ ਤੋਂ ਨਹੀਂ ਹਿਲਾਂਗੇ।

---

੧. ਤੌਰੇਤ, ਜੰਬੂਰ, ਅੰਜ਼ੀਲ, ਕੁਰਾਨ ੨. ਲੋਹੇ ਦੀਆਂ ਸੰਜੋਆਂ ਪਹਿਨ ਕੇ

**[੧]ਤੋਰਿ [੨]ਅਰੀਨ ਮਰੋਰਿ ਮਵਾਸਨ**

**ਮਾਤੇ [੩]ਮਤੰਗਨ ਮਾਨ ਮਲੈਂਗੇ ॥**

ਅਜਿਹੇ ਬਹਾਦਰ ਜੋ ਵੈਰੀਆਂ ਨੂੰ ਤੋੜ-ਭੰਨਕੇ ਬਾਗੀਆਂ ਨੂੰ ਮਰੋੜ ਸੁੱਟਣ ਤੇ ਮਸਤ ਹਾਥੀਆਂ ਦੇ ਮਾਣ ਨੂੰ ਵੀ ਮਲ੍ਹ ਸੁੱਟਣ ਦੇ ਸਮਰੱਥ ਹੋਣ।

**ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ ਬਿਨੁ**

**ਤਿਆਗਿ ਜਹਾਨੁ ਨਿਦਾਨ ਚਲੈਂਗੇ ॥੫॥**

ਪਰ ਪਰਮਾਤਮਾ ਦੀ ਮਿਹਰ-ਕਿਰਪਾ ਤੋਂ ਬਿਨਾਂ ਅਜਿਹੇ ਸੂਰਮੇ ਵੀ ਅਖੀਰ ਨੂੰ ਸੰਸਾਰ ਤਿਆਗ ਕੇ ਪ੍ਰਲੋਕ ਚਾਲੇ ਪਾ ਜਾਣਗੇ।੫।

**ਬੀਰ ਅਪਾਰ ਬਡੇ ਬਰਿਆਰ**

**[੪]ਅਬਿਚਾਰਹਿ ਸਾਰ ਕੀ ਧਾਰ ਭਛੱਯਾ ॥**

ਬੇ-ਹੱਦ ਸ਼ਕਤੀ ਵਾਲੇ ਮਹਾਂਬਲੀ ਜੋਧੇ, ਜੋ ਬਿਨਾਂ ਝਿਜੱਕ ਮੂੰਹ ਤੇ ਸਨਮੁੱਖ ਸ਼ਸ਼ਤ੍ਰਾਂ ਦੇ ਵਾਰ ਸਹਾਰਦੇ ਹੋਣ।

**ਤੋਰਤ ਦੇਸ ਮਲਿੰਦ ਮਵਾਸਨ**

**ਮਾਤੇ [੫]ਗਜਾਨ ਕੇ ਮਾਨ ਮਲੱਯਾ ॥**

ਜੋ ਦੇਸ਼ਾਂ ਨੂੰ ਆਪਣੇ ਬਲ ਨਾਲ ਫ਼ਤਹਿ ਕਰਕੇ ਕਬਜ਼ਾ ਕਰ ਸਕਦੇ ਹੋਣ। ਆਕੀਆਂ ਦਾ ਮਲੀਆ-ਮੇਟ ਕਰਨ ਤੇ ਹਾਥੀਆਂ ਨਾਲ ਟਾਕਰਾ ਕਰਕੇ ਉਨ੍ਹਾਂ ਦਾ ਮਾਣ ਤੋੜ ਦੇਣ ਦੇ ਸਮਰੱਥ ਹੋਣ।

**ਗਾੜ੍ਹੇ ਗੜ੍ਹਾਨ ਕੇ ਤੋੜਨਹਾਰ**

**ਸੁ ਬਾਤਨ ਹੀ [੬]ਚਕ ਚਾਰ ਲਵੱਯਾ ॥**

ਜੋ ਮਜ਼ਬੂਤ ਕਿਲ੍ਹਿਆਂ ਨੂੰ ਤਹਿਸ-ਨਹਿਸ ਕਰਨ ਦੀ ਸਮਰੱਥਾ ਤੇ ਗੱਲਾਂ ਰਾਹੀਂ ਦਾਬੇ ਮਾਰਕੇ ਸਾਰੇ ਸੰਸਾਰ ਉੱਤੇ ਕਬਜ਼ਾ ਕਰਨ ਦੀ ਸਮਰੱਥਾ ਰੱਖਦੇ ਹੋਣ।

---

੧. ਤੋੜ ਦੇਣ ੨. ਵੈਰੀਆਂ ਨੂੰ ੩. ਹਾਥੀਆਂ ਦਾ ਮਾਣ ਮਲ੍ਹ ਸੁੱਟਣ ਵਾਲੇ
੪. ਬੇ-ਪ੍ਰਵਾਹੀ, ਬੇ-ਝਿਜਕ ੫. ਹਾਥੀ ੬. ਸਾਰੀ ਦੁਨੀਆਂ

**ਸਾਹਿਬੁ ਸ੍ਰੀ ਸਭ ਕੋ [1]ਸਿਰਨਾਇਕ**

**ਜਾਚਕ ਅਨੇਕ ਸੁ ਏਕ [2]ਦਿਵੱਯਾ ॥੬॥**

ਪਰਮਾਤਮਾ ਸਭ ਦਾ ਸਿਰਤਾਜ ਮਾਲਕ ਹੈ। ਬਾਕੀ ਸਾਰੇ ਪ੍ਰਭੂ ਦੇ ਸਨਮੁਖ ਮੰਗਤੇ ਹਨ। ਦਾਤਾ ਕੇਵਲ ਇੱਕ ਵਾਹਿਗੁਰੂ ਹੀ ਹੈ।੬।

**[3]ਦਾਨਵ ਦੇਵ ਫਨਿੰਦ [4]ਨਿਸਾਚਰ**

**ਭੂਤ ਭਵਿਖ ਭਵਾਨ ਜਪੈਂਗੇ ॥**

ਰਾਖਸ਼, ਦੇਵਤੇ, ਸ਼ੇਸ਼ਨਾਗ, ਰਾਤ ਨੂੰ ਵਿਚਰਨ ਵਾਲੇ ਭੂਤ-ਪ੍ਰੇਤ ਅਤੇ ਹੋਰ ਬਿਅੰਤ ਉਸ ਪਰਮਾਤਮਾ ਨੂੰ ਪਿੱਛੇ ਵੀ, ਹੁਣ ਵੀ ਤੇ ਆਉਣ ਵਾਲੇ ਸਮੇਂ ਵਿੱਚ ਵੀ ਜਪਦੇ ਰਹਿਣਗੇ।

**ਜੀਵ ਜਿਤੇ ਜਲ ਮੈ ਥਲ ਮੈ**

**ਪਲ ਹੀ ਪਲ ਮੈ ਸਭ ਥਾਪ ਥਪੈਂਗੇ ॥**

ਜਲਾਂ ਵਿੱਚ, ਥਲਾਂ ਵਿੱਚ ਜਿੰਨੇ ਵੀ ਜੀਵ-ਜੰਤ ਹਨ। ਪ੍ਰਭੂ ਆਪਣੀ ਸ਼ਕਤੀ ਨਾਲ ਹਰ ਘੜੀ, ਹਰ ਪਲ, ਉਨ੍ਹਾਂ ਦੀ ਥਾਪਨਾ ਕਰਦਾ ਹੈ ਤੇ ਕਰਦਾ ਰਹੇਗਾ।

**ਪੁੰਨ ਪ੍ਰਤਾਪਨ ਬਾਢ [5]ਜੈਤ ਧੁਨ**

**ਪਾਪਨ ਕੇ ਬਹੁ [6]ਪੁੰਜ ਖਪੈਂਗੇ ॥**

ਸ਼ੁਭ ਕਰਮਾਂ ਦੇ ਤੇਜ਼-ਪ੍ਰਤਾਪ ਨਾਲ ਜਿੱਤ ਦੀ ਜੈ-ਜੈਕਾਰ ਧੁਨੀ ਸਦਾ ਵੱਜਦੀ ਰਹੇਗੀ।ਪਾਪਾਂ ਦੇ ਢੇਰ ਪ੍ਰਭੂ ਸਿਮਰਨ ਨਾਲ ਸਦਾ ਨਸ਼ਟ ਹੁੰਦੇ ਰਹਿਣਗੇ।

**ਸਾਧ ਸਮੂਹ ਪ੍ਰਸੰਨ ਫਿਰੈਂ ਜਗ**

**[7]ਸਤ੍ਰ ਸਭੈ [8]ਅਵਲੋਕ [9]ਚਪੈਂਗੇ ॥੭॥**

ਵਾਹਿਗੁਰੂ ਦੇ ਪ੍ਰਤਾਪ ਦੀ ਬਦੌਲਤ ਸੱਤ-ਪੁਰਸ਼ ਸੰਤ-ਜਨ ਸਦਾ ਅਨੰਦ ਸਹਿਤ ਵਿਚਰਨਗੇ ਤੇ ਵੈਰੀ-ਲੋਕ ਉਨ੍ਹਾਂ ਨੂੰ ਵੇਖ ਕੇ ਸਹਿਮ ਜਾਣਗੇ।੭।

੧.ਸਭ ਤੋਂ ਸਿਰਮੌਰ (ਵਾਹਿਗੁਰੂ) ੨.ਦਾਤਾ ੩.ਰਾਖਸ਼ ੪.ਰਾਤ ਨੂੰ ਵਿਚਰਨ ਵਾਲੀਆਂ ਅਬਗਤ ਰੂਹਾਂ ੫.ਜੈ-ਜੈਕਾਰ ਦੀ ਧੁਨ ੬.ਢੇਰ ੭.ਵੈਰੀ ੮.ਦੇਖ ਕੇ ੯. ਸਹਿਮ ਜਾਣਗੇ

**ਮਾਨਵ ਇੰਦ੍ਰ ਗਜਿੰਦ੍ਰ ਨਰਾਧਪ**
**ਜੌਨ ਤ੍ਰਿਲੋਕ ਕੋ ਰਾਜ ਕਰੈਂਗੇ ॥**

ਰਾਜੇ, ਇੰਦ੍ਰ ਤੇ ਐਰਾਵਤ ਹਾਥੀਆਂ ਦੇ ਮਾਲਕ, ਚਕ੍ਰਵਰਤੀ ਰਾਜੇ ਜੋ ਤ੍ਰਿਲੋਕੀ ਦਾ ਰਾਜ ਕਰਦੇ ਹੋਣ।

**ਕੋਟਿ ਸਨਾਨ ਗਜਾਦਿਕ ਦਾਨ**
**ਅਨੇਕ ਸੁਅੰਬਰ ਸਾਜ ਬਰੈਂਗੇ ॥**

ਜੋ ਲੋਕ ਕ੍ਰੋੜਾਂ ਤੀਰਥਾਂ ਦਾ ਇਸ਼ਨਾਨ ਕਰਕੇ, ਹਾਥੀ ਆਦਿ ਦਾਨ ਕਰਦੇ ਹਨ ਅਤੇ ਅਨਿਕ ਪ੍ਰਕਾਰੀ ਸੁਅੰਬਰ ਰਚ ਕੇ ਵਿਆਹ ਕਰਦੇ ਹੋਣ।

**ਬ੍ਰਹਮ ਮਹੇਸਰ ਬਿਸਨ ਸਚੀਪਤਿ**
**ਅੰਤ ਫਸੇ ਜਮ ਫਾਸ ਪਰੈਂਗੇ ॥**

ਬ੍ਰਹਮਾਂ, ਸ਼ਿਵਜੀ, ਵਿਸ਼ਨੂੰ, ਇੰਦ੍ਰ ਆਦਿਕ ਦੇਵਤੇ ਵੀ ਅਖੀਰ ਨੂੰ ਜਮਾਂ ਦੀ ਫਾਹੀ ਵਿੱਚ ਫਸਣਗੇ।

**ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ**
**ਤੇ ਨਰ ਫੇਰ ਨ ਦੇਹ ਧਰੈਂਗੇ ॥੮॥**

ਜਿਹੜੇ ਮਨੁੱਖ ਮਾਇਆ ਦੇ ਪਤੀ (ਵਾਹਿਗੁਰੂ) ਜੀ ਦੇ ਚਰਨ ਪਰਸਦੇ ਹਨ ਉਹ ਮਨੁੱਖ ਆਵਾਗਉਣ ਦੇ ਚੱਕਰ ਤੋਂ ਮੁਕਤ ਹੋ ਜਾਣਗੇ।੮।

**ਕਹਾ ਭਯੋ ਜੋ [1]ਦੋਊ ਲੋਚਨ ਮੂੰਦ ਕੈ**
**ਬੈਠਿ ਰਹਿਓ [2]ਬਕ ਧਿਆਨ ਲਗਾਇਓ ॥**

ਕੀ ਹੋਇਆ, ਜੇ ਕੋਈ ਮਨੁੱਖ ਦੋਵੇਂ ਅੱਖਾਂ ਮੀਟ ਕੇ ਬਗਲੇ ਵਾਂਗ ਸਮਾਧੀ ਲਾ ਕੇ ਬੈਠ ਗਿਆ।

---
੧. ਦੋਵੇਂ ਨੇਤ੍ਰ ੨. ਬਗਲੇ ਵਾਂਗ

**ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨਿ**
**ਲੋਕ ਗਯੋ ਪਰਲੋਕ ਗਵਾਇਓ ॥**

ਕੋਈ ਮਨੁੱਖ ਸੱਤਾਂ ਸਮੁੰਦਰਾਂ (ਭਾਵ ਸਾਰੀ ਧਰਤੀ ਦੇ ਤੀਰਥਾਂ) ਦਾ ਵੀ ਇਸ਼ਨਾਨ ਕਰ ਲਵੇ ਪਰ ਇਸ ਤਰ੍ਹਾਂ ਕਰਨ ਨਾਲ ਉਸ ਨੇ ਆਪਣਾ ਲੋਕ ਵੀ ਤੇ ਪ੍ਰਲੋਕ ਵੀ ਗਵਾ ਲਿਆ।

**ਬਾਸ ਕੀਓ ਬਿਖਿਆਨ ਸੋਂ ਬੈਠ ਕੈ**
**ਐਸੇ ਹੀ ਐਸੇ ਸੁ ਬੈਸ ਬਿਤਾਇਓ ॥**

ਕੋਈ ਮਨੁੱਖ ਸੰਸਾਰ ਤੋਂ ਤਿਆਗ ਲੈ ਕੇ ਜੰਗਲਾਂ ਵਿੱਚ ਬੈਠ ਜਾਵੇ। ਪ੍ਰਭੂ ਸਿਮਰਨ ਤੋਂ ਬਿਨਾਂ, ਉਸ ਨੇ ਸਾਰਾ ਸਮਾਂ ਐਵੇਂ ਅਜਾਈਂ ਗਵਾ ਲਿਆ।

**ਸਾਚੁ ਕਹੋਂ ਸੁਨ ਲੇਹੁ ਸਭੈ**
**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥**

ਮੈਂ ਸੱਚ ਕਹਿੰਦਾ ਹਾਂ, ਤੁਸੀਂ ਸਾਰੇ ਧਿਆਨ ਦੇ ਕੇ ਸੁਣ ਲਵੋ, ਜਿਸ-ਜਿਸ ਨੇ ਪਰਮਾਤਮਾ ਨਾਲ ਪਿਆਰ ਕੀਤਾ ਉਸੇ ਨੇ ਪਰਮਾਤਮਾ ਨੂੰ ਪਾ ਲਿਆ।੯।

**ਕਾਹੂ ਲੈ [੧]ਪਾਹਨ ਪੂਜ ਧਰਯੋ ਸਿਰ**
**ਕਾਹੂ ਲੈ [੨]ਲਿੰਗ ਗਰੇ ਲਟਕਾਇਓ ॥**

ਕਿਸੇ ਨੇ ਸਾਲਿਗਰਾਮ ਨੂੰ ਪੂਜਨੀਕ ਜਾਣ ਕੇ ਉਸ ਨੂੰ ਪੂਜਣਾ ਸ਼ੁਰੂ ਕਰ ਦਿੱਤਾ। ਕਿਸੇ ਨੇ ਸ਼ਿਵ ਲਿੰਗ ਗਲੇ ਵਿੱਚ ਲਟਕਾ ਲਿਆ।

**ਕਾਹੂ ਲਖਿਓ ਹਰਿ [੩]ਅਵਾਚੀ ਦਿਸਾ ਮਹਿ**
**ਕਾਹੂ [੪]ਪਛਾਹ ਕੋ ਸੀਸੁ ਨਿਵਾਇਓ ॥**

ਕਿਸੇ ਨੇ ਪਰਮਾਤਮਾ ਨੂੰ ਦੱਖਣ ਦਿਸ਼ਾ ਵਿੱਚ ਸਥਿੱਤ ਮੰਨ ਲਿਆ,

---
੧. ਸਾਲਗਰਾਮ ੨. ਸ਼ਿਵ ਲਿੰਗ ੩. ਦੱਖਣ ਦਿਸ਼ਾ ੪. ਪੱਛਮ ਵੱਲ

ਕਿਸੇ ਨੇ ਪੱਛਮ ਵੱਲ ਮੰਨ ਕੇ, ਸਿਜਦਾ ਕਰਨਾ ਸ਼ੁਰੂ ਕਰ ਦਿੱਤਾ।

**ਕੋਊ ਬੁਤਾਨ ਕੋ ਪੂਜਤ ਹੈ ਪਸੁ**
**ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥**

ਕੋਈ ਪਸ਼ੂ ਬਿਰਤੀ ਵਾਲਾ ਬੁੱਤਾਂ ਦੀ ਪੂਜਾ ਕਰਦਾ ਹੈ। ਕੋਈ ਕਬਰਾਂ ਨੂੰ ਹੀ ਪੂਜਣ ਲਈ ਦੌੜਿਆ ਫਿਰਦਾ ਹੈ।

**ਕੂਰ ਕ੍ਰਿਆ ਉਰਝਿਓ ਸਭ ਹੀ ਜਗ**
**ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥੧੦॥**

ਸਾਰਾ ਸੰਸਾਰ ਹੀ ਫੋਕਟ ਕਰਮਕਾਂਡਾਂ ਵਿੱਚ ਉਲਝਿਆਂ ਪਿਆ ਹੈ। ਪਰਮਾਤਮਾ ਦਾ ਕਿਸੇ ਨੇ ਭੇਤ ਨਹੀਂ ਪਾਇਆ।੧੦।

# ਚੌਂਪਈ ਸਾਹਿਬ

## ਚੌਂਪਈ ਸਾਹਿਬ

ਚਾਰ ਚਰਨਾਂ ਵਾਲੀ ਬਾਣੀ।

**ੴ ਵਾਹਿਗੁਰੂ ਜੀ ਕੀ ਫਤਹਿ**

ਪਰਮਾਤਮਾ ਇੱਕ ਹੈ, ਸਾਰਾ ਉਸਦਾ ਹੀ ਅਕਾਰ ਹੈ। ਜਿੱਤ ਹਮੇਸ਼ਾ ਅਕਾਲ ਪੁਰਖ ਦੀ ਹੀ ਹੁੰਦੀ ਹੈ।

**ਪਾ: ੧੦ ॥ ਕਬਿਯੋ ਬਾਚ ਬੇਨਤੀ ॥ ਚੌਪਈ ॥**

ਪਾਤਸ਼ਾਹੀ ਦਸਵੀਂ (ਗੁਰੂ ਗੋਬਿੰਦ ਸਿੰਘ ਜੀ) ਦੀ ਰਚਨਾ, ਬੇਨਤੀ ਰੂਪ ਵਿੱਚ ਚੌਪਈ ਬਾਣੀ।

**ਹਮਰੀ ਕਰੋ ਹਾਥ ਦੈ ਰੱਛਾ ॥**
**ਪੂਰਨ ਹੋਇ ਚਿਤ ਕੀ ਇੱਛਾ ॥**

ਹੇ ਅਕਾਲ ਪੁਰਖ ਜੀ! ਆਪਣਾ ਹੱਥ ਦੇ ਕੇ ਮੇਰੀ ਰੱਖਿਆ ਕਰੋ। ਮੇਰੇ ਮਨ ਦੀ ਜੋ ਇੱਛਾ ਹੈ, ਉਸ ਨੂੰ ਪੂਰੀ ਕਰੋ।

**ਤਵ ਚਰਨਨ ਮਨ ਰਹੈ ਹਮਾਰਾ ॥**
**ਅਪਨਾ ਜਾਨ ਕਰੋ ਪ੍ਰਤਿਪਾਰਾ ॥੧॥**

ਮੇਰਾ ਮਨ ਹਮੇਸ਼ਾ ਆਪਦੇ ਚਰਨਾਂ ਨਾਲ ਜੁੜਿਆ ਰਹੇ ਅਤੇ ਆਪਣਾ ਦਾਸ ਜਾਣ ਕੇ ਮੇਰੀ ਪ੍ਰਤਿਪਾਲਣਾ ਕਰੋ।੧।

**ਹਮਰੇ ਦੁਸਟ ਸਭੈ ਤੁਮ ਘਾਵਹੁ ॥**
**ਆਪੁ ਹਾਥ ਦੈ ਮੋਹਿ ਬਚਾਵਹੁ ॥**

ਮੇਰੇ ਅੰਦਰੂਨੀ ਤੇ ਬਹਿਰੂਨੀ ਸਾਰੇ ਦੁਸ਼ਮਣਾਂ ਦਾ ਖਾਤਮਾਂ ਕਰ ਦਿਉ

ਅਤੇ ਮੈਨੂੰ ਆਪਣਾ ਹੱਥ ਦੇ ਕੇ ਇਹਨਾਂ ਤੋਂ ਬਚਾਉ ਜੀ।

**ਸੁਖੀ ਬਸੈ ਮੋਰੋ ਪਰਿਵਾਰਾ ॥**
**ਸੇਵਕ ਸਿੱਖ ਸਭੈ ਕਰਤਾਰਾ ॥੨॥**

ਹੇ ਕਰਤਾਰ! ਮੇਰਾ ਪਰਿਵਾਰ ਤੇ ਸੇਵਕ ਸਿੱਖ ਸਭ ਸੁਖੀ ਵਸਦੇ ਰਹਿਣ।੨।

**ਮੋ ਰੱਛਾ ਨਿਜ ਕਰ ਦੈ ਕਰਿਯੈ ॥**
**ਸਭ ਬੈਰਨ ਕੋ ਆਜ ਸੰਘਰਿਯੈ ॥**

ਆਪਣਾ ਹੱਥ ਦੇ ਕੇ ਮੇਰੀ ਰੱਖਿਆ ਕਰੋ। ਸਾਰੇ ਅੰਦਰੂਨੀ-ਬਹਿਰੂਨੀ ਵੈਰੀਆਂ ਦਾ, ਅੱਜ ਹੀ ਸੰਘਾਰ ਕਰ ਦੇਵੋ ਜੀ।

**ਪੂਰਨ ਹੋਇ ਹਮਾਰੀ ਆਸਾ ॥**
**ਤੋਰ ਭਜਨ ਕੀ ਰਹੈ ਪਿਆਸਾ ॥੩॥**

ਹੇ ਪ੍ਰਭੂ! ਮੇਰੀ ਇਹ ਇੱਛਾ ਪੂਰੀ ਕਰ ਦੇਵੋ, ਮੈਨੂੰ ਹਰ ਸਮੇਂ ਤੁਹਾਡੇ ਸਿਮਰਨ-ਭਜਨ ਦੀ ਹੀ ਪਿਆਸ ਲੱਗੀ ਰਹੇ।੩।

**ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥**
**ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥**

ਹੇ ਪਰਮਾਤਮਾ! ਮੈਂ ਤੁਹਾਨੂੰ ਛੱਡ ਕੇ ਕਿਸੇ ਹੋਰ ਨੂੰ ਨਾ ਧਿਆਵਾਂ। ਜੋ ਵਰ-ਆਸ਼ੀਰਵਾਦ ਦੀ ਮੈਨੂੰ ਲੋੜ ਹੋਵੇ ਉਹ ਮੈਂ ਤੁਹਾਡੇ ਪਾਸੋਂ ਹੀ ਪ੍ਰਾਪਤ ਕਰਾਂ।

**ਸੇਵਕ ਸਿੱਖ ਹਮਾਰੇ ਤਾਰੀਅਹਿ ॥**
**ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ ॥੪॥**

ਮੇਰੇ ਸਿੱਖ ਸੇਵਕਾਂ ਦਾ ਭਵਸਾਗਰ ਤੋਂ ਪਾਰ-ਉਤਾਰਾ ਕਰ ਦੇਵੋ ਅਤੇ ਮੇਰੇ ਵੈਰੀਆਂ ਨੂੰ ਚੁਣ-ਚੁਣ ਕੇ ਮਾਰ ਦੇਵੋ ਜੀ।੪।

**ਆਪ ਹਾਥ ਦੈ ਮੁਝੈ ਉਬਰਿਯੈ ॥**

**ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥**

ਹੇ ਮਹਾਂਕਾਲ ਜੀ! ਆਪਣਾ ਹੱਥ ਦੇ ਕੇ ਮੇਰਾ ਉਧਾਰ ਕਰ ਦੇਵੋ ਅਤੇ ਮੌਤ ਦੇ ਭੈ ਤੋਂ ਸਦਾ ਲਈ ਮੁਕਤ ਕਰ ਦੇਵੋ ਜੀ।

**ਹੂਜੋ ਸਦਾ ਹਮਾਰੇ ਪੱਛਾ ॥**

**ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ ॥੫॥**

ਹੇ ਪ੍ਰਭੂ ਜੀ! ਆਪ ਜੀ ਹਮੇਸ਼ਾ ਮੇਰੇ ਪੱਖ ਵਿੱਚ ਹੋਵੋ ਜੀ। ਹੇ ਝੰਡੇ ਉੱਤੇ ਕ੍ਰਿਪਾਨ ਦੇ ਚਿੰਨ੍ਹ ਵਾਲੇ ਮਹਾਂਕਾਲ ਜੀ! ਮੇਰੀ ਸਦਾ ਰੱਛਿਆ ਕਰੋ।੫।

**ਰਾਖਿ ਲੇਹੁ ਮੁਹਿ ਰਾਖਨਹਾਰੇ ॥**

**ਸਾਹਿਬ ਸੰਤ ਸਹਾਇ ਪਿਯਾਰੇ ॥**

ਹੇ ਸੱਤਪੁਰਸ਼ਾਂ ਦੇ ਸਹਾਇਕ ਤੇ ਪਿਆਰੇ ਵਾਹਿਗੁਰੂ ਜੀ! ਮੇਰੀ ਵੀ ਹਰ ਔਕੜ ਸਮੇਂ ਰੱਖਿਆ ਕਰੋ।

**ਦੀਨ ਬੰਧੁ ਦੁਸਟਨ ਕੇ ਹੰਤਾ ॥**

**ਤੁਮ ਹੋ ਪੁਰੀ ਚਤੁਰ ਦਸ ਕੰਤਾ ॥੬॥**

ਹੇ ਪ੍ਰਭੂ! ਤੁਸੀਂ ਦੀਨ-ਦੁਖੀਆਂ ਦੇ ਮਦਦਗਾਰ, ਦੁਸਟ ਦੋਖੀਆਂ ਦੇ ਸੰਘਾਰ ਕਰਤਾ ਤੇ ਚੌਦਾਂ ਲੋਕਾਂ ਦੇ ਮਾਲਕ ਹੋ।੬।

**ਕਾਲ ਪਾਇ ਬ੍ਰਹਮਾ ਬਪੁ ਧਰਾ ॥**

**ਕਾਲ ਪਾਇ ਸਿਵ ਜੂ ਅਵਤਰਾ ॥**

ਸਮੇਂ ਅਨੁਸਾਰ ਬ੍ਰਹਮਾ ਜੀ ਨੇ ਸਰੀਰ ਧਾਰਨ ਕੀਤਾ। ਸਮਾਂ ਪਾ ਕੇ ਸ਼ਿਵ ਜੀ ਨੇ ਅਵਤਾਰ ਧਾਰਿਆ।

**ਕਾਲ ਪਾਇ ਕਰ ਬਿਸਨੁ ਪ੍ਰਕਾਸਾ ॥**
**ਸਕਲ ਕਾਲ ਕਾ ਕੀਆ ਤਮਾਸਾ ॥੭॥**

ਮਹਾਂਕਾਲ-ਪ੍ਰਭੂ ਜੀ ਦੀ ਆਗਿਆ ਪਾ ਕੇ ਵਿਸ਼ਨੂੰ ਸੰਸਾਰ ਵਿੱਚ ਪਰਗਟ ਹੋਏ। ਸਾਰਾ ਜਗਤ ਪਸਾਰਾ ਮਹਾਂਕਾਲ ਪਰਮਾਤਮਾ ਦਾ ਹੀ ਹੈ।੭।

**ਜਵਨ ਕਾਲ ਜੋਗੀ ਸਿਵ ਕੀਓ ॥**
**ਬੇਦ ਰਾਜ ਬ੍ਰਹਮਾ ਜੂ ਥੀਓ ॥**

ਜਿਸ ਮਹਾਂ-ਕਾਲ ਨੇ ਸ਼ਿਵ ਜੀ ਨੂੰ ਜੋਗੀ ਬਣਾਇਆ। ਉਸੇ ਮਹਾਂ-ਕਾਲ ਨੇ ਬੇਦਾਚਾਰੀਆ ਬ੍ਰਹਮਾ ਜੀ ਨੂੰ ਪੈਦਾ ਕੀਤਾ।

**ਜਵਨ ਕਾਲ ਸਭ ਲੋਕ ਸਵਾਰਾ ॥**
**ਨਮਸਕਾਰ ਹੈ ਤਾਹਿ ਹਮਾਰਾ ॥੮॥**

ਜਿਸ ਮਹਾਂ-ਕਾਲ ਨੇ ਇਹ ਸਾਰਾ ਸੰਸਾਰ ਸਾਜਿਆ ਤੇ ਸਵਾਰਿਆ ਹੈ, ਉਸੇ ਨੂੰ ਮੇਰੀ ਨਮਸ਼ਕਾਰ ਹੈ।੮।

**ਜਵਨ ਕਾਲ ਸਭ ਜਗਤ ਬਨਾਯੋ ॥**
**ਦੇਵ ਦੈਤ [1]ਜੱਛਨ ਉਪਜਾਯੋ ॥**

ਜਿਸ ਮਹਾਂ-ਕਾਲ ਜੀ ਨੇ ਸਾਰੇ ਜਗਤ ਦੀ ਰਚਨਾ ਕੀਤੀ, ਉਸੇ ਮਹਾਂ-ਕਾਲ ਨੇ ਦੇਵਤੇ, ਰਾਖਸ਼ ਤੇ ਜੱਛਾਂ ਨੂੰ ਪੈਦਾ ਕੀਤਾ।

**ਆਦਿ ਅੰਤਿ ਏਕੈ ਅਵਤਾਰਾ ॥**
**ਸੋਈ ਗੁਰੂ ਸਮਝਿਯਹੁ ਹਮਾਰਾ ॥੯॥**

ਜੋ ਆਦਿ ਤੋਂ ਲੈ ਕੇ ਅੰਤ ਤੱਕ ਇੱਕ ਰਸ ਵਿਆਪਕ ਪੁਰਖ ਹੈ, ਉਹ ਅਕਾਲ ਪੁਰਖ ਹੀ ਮੇਰਾ ਗੁਰੂ ਹੈ।੯।

---
੧. ਦੇਵਤਿਆਂ ਦੀ ਇੱਕ ਕਿਸਮ

**ਨਮਸਕਾਰ ਤਿਸ ਹੀ ਕੋ ਹਮਾਰੀ ॥**

**ਸਕਲ ਪ੍ਰਜਾ ਜਿਨ ਆਪ ਸਵਾਰੀ ॥**

ਜਿਸ ਅਕਾਲ ਪੁਰਖ ਨੇ ਸਾਰੀ ਸ੍ਰਿਸ਼ਟੀ ਸਾਜੀ ਤੇ ਸਵਾਰੀ ਹੈ, ਉਸੇ ਅਕਾਲ ਪੁਰਖ ਨੂੰ ਮੇਰੀ ਨਮਸਕਾਰ ਹੈ।

**ਸਿਵਕਨ ਕੋ ਸਿਵ ਗੁਨ ਸੁਖ ਦੀਓ ॥**

**ਸੱਤ੍ਰਨ ਕੋ ਪਲ ਮੋ ਬਧ ਕੀਓ ॥੧੦॥**

ਹੇ ਪਰਮ-ਪਿਤਾ ਪ੍ਰਭੂ! ਤੁਸੀਂ ਆਪਣੇ ਸੇਵਕਾਂ ਨੂੰ ਸ਼ੁਭ ਗੁਣਾਂ ਨਾਲ ਭਰਪੂਰ ਕੀਤਾ ਤੇ ਸਰੀਰਕ ਤੇ ਆਤਮਿਕ ਸੁੱਖ ਪ੍ਰਦਾਨ ਕੀਤੇ ਅਤੇ ਸ਼ਤਰੂਆਂ ਨੂੰ ਖਿਨ ਵਿੱਚ ਨਾਸ਼ ਕੀਤਾ।੧੦।

**ਘਟ ਘਟ ਕੇ ਅੰਤਰ ਕੀ ਜਾਨਤ ॥**

**ਭਲੇ ਬੁਰੇ ਕੀ ਪੀਰ ਪਛਾਨਤ ॥**

ਤੁਸੀਂ ਹਰ ਇੱਕ ਦੇ ਦਿਲ ਦੀ ਜਾਨਣ ਵਾਲੇ ਹੋ ਅਤੇ ਚੰਗੇ-ਮੰਦੇ ਸਭਨਾਂ ਦੇ ਅੰਦਰ ਦੀ ਪੀੜ ਨੂੰ ਅਨੁਭਵ ਕਰਦੇ ਹੋ।

**ਚੀਟੀ ਤੇ ਕੁੰਚਰ ਅਸਥੂਲਾ ॥**

**ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ ॥੧੧॥**

ਪਰਮਾਤਮਾ ਇੱਕ ਨਿੱਕੀ ਕੀੜੀ ਤੋਂ ਲੈ ਕੇ ਵਡ-ਅਕਾਰੀ ਹਾਥੀਆਂ ਤੱਕ ਸਾਰਿਆਂ ਉੱਪਰ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਕੇ ਵਿਗਸਦਾ ਹੈ।੧੧।

**ਸੰਤਨ ਦੁਖ ਪਾਏ ਤੇ ਦੁਖੀ ॥**

**ਸੁਖ ਪਾਏ ਸਾਧੁਨ ਕੇ ਸੁਖੀ ॥**

ਜੇ ਕੋਈ ਸੰਤਾਂ ਨੂੰ ਦੁੱਖ ਦੇਵੇ ਤਦ ਪਰਮਾਤਮਾ ਦੁਖੀ ਹੁੰਦਾ ਹੈ, ਸੱਤਪੁਰਸ਼ਾਂ ਨੂੰ ਸੁੱਖ ਪ੍ਰਾਪਤ ਹੋਣ ਤੇ ਸੁਖੀ ਹੁੰਦਾ ਹੈ।

**ਏਕ ਏਕ ਕੀ ਪੀਰ ਪਛਾਨੈਂ ॥**

**ਘਟ ਘਟ ਕੇ ਪਟ ਪਟ ਕੀ ਜਾਨੈਂ ॥੧੨॥**

ਪਰਮਾਤਮਾ ਹਰ ਇੱਕ ਜੀਵ ਦੇ ਅੰਦਰ ਦੀ ਪੀੜਾ ਨੂੰ ਅਨੁਭਵ ਕਰਦਾ ਹੈ ਤੇ ਹਰੇਕ ਜੀਵ ਦੇ ਧੁਰ ਅੰਦਰ ਦੀ ਗੱਲ ਨੂੰ ਚੰਗੀ ਤਰ੍ਹਾਂ ਜਾਣਦਾ ਹੈ।੧੨।

**ਜਬ [੧]ਉਦਕਰਖ ਕਰਾ ਕਰਤਾਰਾ ॥**

**ਪ੍ਰਜਾ ਧਰਤ ਤਬ ਦੇਹ ਅਪਾਰਾ ॥**

ਹੇ ਪ੍ਰਭੂ ! ਜਦੋਂ ਤੁਸੀਂ ਉਦਕਰਖਣ ਸ਼ਕਤੀ ਦੁਆਰਾ ਆਪਣਾ ਵਿਸਥਾਰ ਕਰਦੇ ਹੋ, ਤਦੋਂ ਤਦੋਂ ਸਾਰੀ ਪਰਜਾ ਅਪਾਰ ਹੋਂਦ ਵਿੱਚ ਪਰਗਟ ਹੋ ਜਾਂਦੀ ਹੈ।

**ਜਬ ਆਕਰਖ ਕਰਤ ਹੋ ਕਬਹੂੰ ॥**

**ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥**

ਹੇ ਅਕਾਲ ਜੀ ! ਜਦੋਂ ਤੁਸੀਂ ਸੰਸਾਰ ਨੂੰ ਸਮੇਟਣ ਵਾਲੀ ਸ਼ਕਤੀ ਦਾ ਪ੍ਰਯੋਗ ਕਰਦੇ ਹੋ, ਤਦੋਂ ਸਾਰੇ ਅਕਾਰ ਆਪ ਜੀ ਵਿੱਚ ਹੀ ਸਮਾਂ ਜਾਂਦੇ ਹਨ।੧੩।

**ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥**

**ਆਪੁ ਆਪਨੀ ਬੂਝ ਉਚਾਰੈ ॥**

ਸ੍ਰਿਸ਼ਟੀ ਅੰਦਰ ਜਿਤਨੇ ਵੀ ਤੁਸੀਂ ਸਰੀਰ ਬਣਾਏ ਹਨ। ਆਪੋ-ਆਪਣੀ ਬੁੱਧੀ ਅਨੁਸਾਰ ਆਪ ਦੇ ਗੁਣ ਉਚਾਰਣ ਕਰਦੇ ਹਨ।

**ਤੁਮ ਸਭ ਹੀ ਤੇ ਰਹਤ ਨਿਰਾਲਮ ॥**

**ਜਾਨਤ ਬੇਦ ਭੇਦ ਅਰ ਆਲਮ ॥੧੪॥**

ਆਪ ਜੀ ਸਾਰਿਆਂ ਤੋਂ ਨਿਰਲੇਪ ਰਹਿੰਦੇ ਹੋ। ਇਸ ਭੇਦ ਨੂੰ ਸਾਰੇ ਰਹਸਵਾਦੀ ਤੇ ਵਿਦਵਾਨ ਜਾਣਦੇ ਹਨ।੧੪।

---

੧. ਵਿਸਥਾਰ ਕਰਨ ਵਾਲੀ ਸ਼ਕਤੀ

**ਨਿਰੰਕਾਰ ਨ੍ਰਿਬਿਕਾਰ ਨਿਰਲੰਭ ॥**

**ਆਦਿ ਅਨੀਲ ਅਨਾਦਿ ਅਸੰਭ ॥**

ਹੇ ਅਕਾਲ ਪੁਰਖ! ਤੁਸੀਂ ਨਿਰ-ਅਕਾਰ, ਵਿਕਾਰ ਰਹਿਤ ਤੇ ਕਿਸੇ ਦੇ ਆਸਰੇ ਦੇ ਮੁਥਾਜ ਨਹੀਂ। ਤੁਹਾਡਾ ਸਰੂਪ ਮੁੱਢ ਤੋਂ ਰੂਪ-ਰੰਗ ਤੋਂ ਨਿਆਰਾ, ਅਨਾਦੀ, ਜਨਮ-ਜੂਨ ਤੋਂ ਰਹਿਤ ਹੈ।

**ਤਾ ਕਾ ਮੂੜ੍ਹ ਉਚਾਰਤ ਭੇਦਾ ॥**

**ਜਾ ਕੌ ਭੇਵ ਨ ਪਾਵਤ ਬੇਦਾ ॥੧੫॥**

ਜਿਸ ਦਾ ਭੇਦ, ਬੇਦ ਵੀ ਨਹੀਂ ਪਾ ਸਕੇ। ਮੂਰਖ ਲੋਕ ਅਲਪ ਬੁੱਧੀ ਨਾਲ ਉਸ ਦੇ ਭੇਤਾਂ ਦਾ ਵਰਨਣ ਕਰਦੇ ਹਨ।੧੫।

**ਤਾ ਕੌਂ ਕਰਿ ਪਾਹਨ ਅਨੁਮਾਨਤ ॥**

**ਮਹਾ ਮੂੜ੍ਹ ਕਛੁ ਭੇਦ ਨ ਜਾਨਤ ॥**

ਕਈ ਲੋਕ ਪੱਥਰ ਦੀ ਮੂਰਤ ਘੜ ਕੇ ਉਸ ਨੂੰ ਹੀ ਪਰਮਾਤਮਾ ਦਾ ਰੂਪ ਅਨੁਮਾਨਦੇ ਹਨ। ਉਹ ਮਹਾਂ ਮੂਰਖ ਲੋਕ ਪਰਮਾਤਮਾ ਦਾ ਭੋਰਾ ਜਿੰਨਾਂ ਵੀ ਭੇਤ ਨਹੀਂ ਜਾਣਦੇ।

**ਮਹਾਦੇਵ ਕੌਂ ਕਹਤ ਸਦਾ ਸਿਵ ॥**

**ਨਿਰੰਕਾਰ ਕਾ ਚੀਨਤ ਨਹਿ ਭਿਵ ॥੧੬॥**

ਕਈ ਲੋਕ ਸ਼ਿਵ ਜੀ ਨੂੰ ਹੀ ਸਦਾ ਥਿਰ ਪਰਮਾਤਮਾ ਮੰਨੀ ਬੈਠੇ ਹਨ। ਪਰ ਅਜਿਹੇ ਲੋਕ ਨਿਰੰਕਾਰ ਪਰਮਾਤਮਾ ਦਾ ਭੇਤ ਮੂਲੋਂ ਹੀ ਨਹੀਂ ਜਾਣਦੇ।੧੬।

**ਆਪੁ ਆਪਨੀ ਬੁਧਿ ਹੈ ਜੇਤੀ ॥**

**ਬਰਨਤ ਭਿੰਨ ਭਿੰਨ ਤੁਹਿ ਤੇਤੀ ॥**

ਹੇ ਪ੍ਰਭੂ! ਹਰ ਇੱਕ ਆਪੋ ਆਪਣੀ ਬੁੱਧੀ ਅਨੁਸਾਰ ਤੁਹਾਡਾ ਤਰ੍ਹਾਂ-ਤਰ੍ਹਾਂ ਨਾਲ ਵਰਨਣ ਕਰਦਾ ਹੈ।

**ਤੁਮਰਾ ਲਖਾ ਨ ਜਾਇ ਪਸਾਰਾ ॥**
**ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੧੭॥**

ਹੇ ਪ੍ਰਭੂ! ਤੁਹਾਡੇ ਕੁਦਰਤ ਪਸਾਰੇ ਨੂੰ ਕੋਈ ਨਹੀਂ ਜਾਣ ਸਕਦਾ ਤੇ ਨਾ ਹੀ ਕਿਸੇ ਨੂੰ ਇਹ ਪਤਾ ਲੱਗ ਸਕਿਆ ਹੈ ਕਿ ਪਹਿਲਾਂ ਪਹਿਲ ਤੁਸੀਂ ਕਿਸ ਤਰ੍ਹਾਂ ਸੰਸਾਰ ਦੀ ਸਾਜਨਾ ਕੀਤੀ।੧੭।

**ਏਕੈ ਰੂਪ ਅਨੂਪ ਸਰੂਪਾ ॥ ਰੰਕ ਭਯੋ ਰਾਵ ਕਹੀ ਭੂਪਾ ॥**

ਹੇ ਅਕਾਲ ਪੁਰਖ! ਤੁਹਾਡਾ ਰੂਪ ਇੱਕ ਹੈ ਪਰ ਤੁਸੀਂ ਅਨੇਕਾਂ ਸਰੂਪ ਧਾਰਨ ਕੀਤੇ ਹਨ, ਕਿਤੇ ਗਰੀਬ, ਕਿਤੇ ਅਮੀਰ ਤੇ ਕਿਤੇ ਰਾਜੇ ਬਣ ਕੇ ਬਿਰਾਜ਼ ਰਹੇ ਹੋ।

**ਅੰਡਜ ਜੇਰਜ ਸੇਤਜ ਕੀਨੀ ॥**
**ਉਤਭੁਜ ਖਾਨਿ ਬਹੁਰ ਰਚਿ ਦੀਨੀ ॥੧੮॥**

ਹੇ ਪ੍ਰਭੂ! ਤੁਸੀਂ ਆਂਡਿਆਂ ਰਾਹੀਂ, ਜੇਰ ਜਰੀਏ, ਪਸੀਨੇ ਦੁਆਰਾ ਉਪਰੰਤ ਉਤਭੁਜ ਖਾਣੀ ਦੁਆਰਾ ਸੰਸਾਰ ਦੀ ਰਚਨਾ ਕੀਤੀ।੧੮।

**ਕਹੂੰ ਫੂਲ ਰਾਜਾ ਹ੍ਵੈ ਬੈਠਾ ॥**
**ਕਹੂੰ ਸਿਮਟਿ ਭਿਯੋ ਸੰਕਰ ਇਕੈਠਾ ॥**

ਹੇ ਪਰਮਾਤਮਾ! ਕਿਤੇ ਤੁਸੀਂ ਜਗਤ ਪਸਾਰਾ ਕਰਨ ਵਾਸਤੇ ਬ੍ਰਹਮਾ ਬਣੇ ਬੈਠੇ ਹੋ। ਕਿਤੇ ਜਗਤ ਦਾ ਸੰਘਾਰ ਕਰਨ ਲਈ ਸ਼ਿਵ ਜੀ ਰੂਪ ਧਾਰਨ ਕੀਤਾ ਹੈ।

**ਸਗਰੀ ਸ੍ਰਿਸਟਿ ਦਿਖਾਇ ਅਚੰਭਵ ॥**
**ਆਦਿ ਜੁਗਾਦਿ ਸਰੂਪ ਸੁਯੰਭਵ ॥੧੯॥**

ਤੁਹਾਡੀ ਸਾਜੀ ਸਾਰੀ ਸ੍ਰਿਸ਼ਟੀ ਇੱਕ ਅਸਚਰਜ ਰੂਪ ਦਿਖਾਈ ਦਿੰਦੀ ਹੈ। ਪਰ ਤੁਸੀਂ ਸੁੰਦਰ ਸਰੂਪ ਵਾਲੇ ਸ੍ਰਿਸ਼ਟੀ ਦੇ ਆਦਿ ਵਿੱਚ ਵੀ ਸੀ, ਜੁਗਾਂ ਦੇ ਅਰੰਭ ਵੇਲੇ ਵੀ ਸੀ।੧੯।

**ਅਬ ਰੱਛਾ ਮੇਰੀ ਤੁਮ ਕਰੋ ॥ ਸਿੱਖ ਉਬਾਰਿ ਅਸਿੱਖ ਸੰਘਰੋ ॥**

ਹੇ ਪ੍ਰਭੂ! ਤੁਸੀਂ ਮੇਰੀ ਤਤਕਾਲ ਰੱਖਿਆ ਕਰੋ। ਗੁਰੂ ਸਿੱਖਿਆ ਅਨੁਸਾਰ ਚੱਲਣ ਵਾਲਿਆਂ ਦਾ ਬਚਾਉ ਕਰੋ ਤੇ ਖੋਟੀ ਮੱਤ ਦੇ ਧਾਰਨੀਆਂ ਦਾ ਸੰਘਾਰ ਕਰੋ।

**ਦੁਸ਼ਟ ਜਿਤੇ ਉਠਵਤ ਉਤਪਾਤਾ ॥**
**ਸਕਲ ਮਲੇਛ ਕਰੋ ਰਣ ਘਾਤਾ ॥੨੦॥**

ਜਿੰਨੇ ਵੀ ਉਪੱਦਰ ਪੈਦਾ ਕਰਨ ਵਾਲੇ ਦੁਸ਼ਟ ਹਨ, ਉਨ੍ਹਾਂ ਸਾਰੇ ਮਲੇਛ ਬੁੱਧੀ ਵਾਲਿਆਂ ਦਾ ਨਾਸ਼ ਕਰੋ।੨੦।

**ਜੇ ਅਸਿਧੁਜ ਤਵ ਸਰਨੀ ਪਰੇ ॥**
**ਤਿਨ ਕੇ ਦੁਸਟ ਦੁਖਿਤ ਹ੍ਵੈ ਮਰੇ ॥**

ਹੇ ਅਕਾਲ ਪੁਰਖ ਜੀ! ਜਿੰਨੇ ਜੀਵ ਆਪ ਜੀ ਦੀ ਸ਼ਰਨ ਵਿੱਚ ਪੈਂਦੇ ਹਨ, ਪ੍ਰਭੂ-ਸ਼ਰਨ ਪੈਣ ਵਾਲਿਆਂ ਦੇ ਦੋਖੀ, ਦੁਖੀ ਹੋ ਕੇ ਮਰਦੇ ਹਨ।

**ਪੁਰਖ ਜਵਨ ਪਗ ਪਰੇ ਤਿਹਾਰੇ ॥**
**ਤਿਨ ਕੇ ਤੁਮ ਸੰਕਟ ਸਭ ਟਾਰੇ ॥੨੧॥**

ਜਿਹੜੇ ਪੁਰਸ਼ ਤੁਹਾਡੀ ਸ਼ਰਣ ਵਿੱਚ ਪੈ ਜਾਂਦੇ ਹਨ, ਤੁਸੀਂ ਉਨ੍ਹਾਂ ਦੇ ਸਾਰੇ ਕਸ਼ਟ ਦੂਰ ਕਰ ਦਿੰਦੇ ਹੋ।੨੧।

**ਜੋ ਕਲਿ ਕੋ ਇਕ ਬਾਰ ਧਿਐ ਹੈ ॥**
**ਤਾ ਕੇ ਕਾਲ ਨਿਕਟਿ ਨਹਿ ਐ ਹੈ ॥**

ਜਿਹੜਾ ਜੀਵ ਅਕਾਲ ਪੁਰਖ ਨੂੰ ਇੱਕ-ਮਨ ਇੱਕ-ਚਿੱਤ ਹੋ ਕੇ, ਇੱਕ ਵਾਰੀ ਵੀ ਯਾਦ ਕਰਦਾ ਹੈ, ਕਾਲ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ।

**ਰੱਛਾ ਹੋਇ ਤਾਹਿ ਸਭ ਕਾਲਾ ॥**

## ਦੁਸਟ ਅਰਿਸਟ ਟਰੇਂ ਤਤਕਾਲਾ ॥੨੨॥

ਅਕਾਲ ਪੁਰਖ ਉਨ੍ਹਾਂ ਦੀ ਸਰਬ ਕਾਲ ਰੱਖਿਆ ਕਰਦਾ ਹੈ। ਉਸ ਦੇ ਦੁਸਟ-ਦੋਖੀ ਤੇ ਕਲੇਸ਼ ਤੁਰੰਤ ਉਸਦੇ ਮਗਰੋਂ ਲੱਥ ਜਾਂਦੇ ਹਨ।੨੨।

## ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ ॥
## ਤਾ ਕੇ ਤਾਪ ਤਨਕ ਮੋ ਹਰਿਹੋ ॥

ਹੇ ਪਰਮਾਤਮਾ! ਜਿਸ ਜਿਸ ਜੀਵ ਵੱਲ, ਆਪ ਜੀ ਮਿਹਰ ਦੀ ਨਜ਼ਰ ਨਾਲ ਤੱਕਦੇ ਹੋ, ਉਸ ਦੇ ਤਿੰਨੇ ਤਾਪ (ਆਧੀ, ਬਿਆਧੀ, ਉਪਾਧੀ) ਖਿਨ ਮਾਤ੍ਰ ਵਿੱਚ ਤੁਸੀਂ ਦੂਰ ਕਰ ਦਿੰਦੇ ਹੋ।

## ਰਿੱਧਿ ਸਿੱਧਿ ਘਰ ਮੋ ਸਭ ਹੋਈ ॥
## ਦੁਸਟ ਛਾਹ ਛ੍ਵੈ ਸਕੈ ਨ ਕੋਈ ॥੨੩॥

ਜਿਹੜੇ ਆਪ ਜੀ ਦੀ ਮਿਹਰ ਦੇ ਪਾਤਰ ਬਣ ਜਾਂਦੇ ਹਨ, ਸੁਤੇ ਸਿਧ ਹੀ ਉਨ੍ਹਾਂ ਨੂੰ ਰਿੱਧੀਆਂ-ਸਿੱਧੀਆਂ ਪ੍ਰਾਪਤ ਹੋ ਜਾਂਦੀਆਂ ਹਨ। ਦੁਸ਼ਟ-ਦੋਖੀ ਉਸ ਦੇ ਪਰਛਾਵੇਂ ਨੂੰ ਛੋਹ ਵੀ ਨਹੀਂ ਸਕਦੇ।੨੩।

## ਏਕ ਬਾਰ ਜਿਨ ਤੁਮੈ ਸੰਭਾਰਾ ॥
## ਕਾਲ ਫਾਸ ਤੇ ਤਾਹਿ ਉਬਾਰਾ ॥

ਹੇ ਅਕਾਲ ਪੁਰਖ ਜੀ! ਜਿਸ ਜਿਸ ਜੀਵ ਨੇ ਇੱਕ-ਮਨ ਇੱਕ-ਚਿੱਤ ਹੋ ਕੇ ਆਪ ਜੀ ਨੂੰ ਇੱਕ ਵਾਰੀ ਭੀ ਯਾਦ ਕੀਤਾ, ਤੁਸੀਂ ਉਸ ਨੂੰ ਕਾਲ ਦੀ ਫਾਹੀ ਤੋਂ ਬਚਾ ਲਿਆ।

## ਜਿਨ ਨਰ ਨਾਮ ਤਿਹਾਰੋ ਕਹਾ ॥
## ਦਾਰਿਦ ਦੁਸਟ ਦੋਖ ਤੇ ਰਹਾ ॥੨੪॥

ਜਿਨ੍ਹਾਂ ਜਿਨ੍ਹਾਂ ਜੀਵਾਂ ਨੇ ਆਪ ਦੇ ਪਾਵਨ ਨਾਮ ਦਾ ਸਿਮਰਨ ਕੀਤਾ, ਉਹ ਗਰੀਬੀ ਦੇ ਦੁੱਖ ਤੇ ਦੁਸ਼ਟ-ਦੋਖੀਆਂ ਦੇ ਕਹਿਰ ਤੋਂ ਹਮੇਸ਼ਾਂ ਲਈ ਬਚ ਗਏ।੨੪।

**[1]ਖੜਗ ਕੇਤ ਮੈ ਸਰਣਿ ਤਿਹਾਰੀ ॥**

**ਆਪ ਹਾਥ ਦੈ ਲੇਹੁ ਉਬਾਰੀ ॥**

ਹੇ (ਖੜਗਕੇਤ) ਪ੍ਰਭੂ! ਮੈਂ ਆਪ ਜੀ ਦੀ ਸ਼ਰਣ ਵਿੱਚ ਆਇਆ ਹਾਂ, ਕਿਰਪਾ ਕਰਕੇ ਆਪਣਾ ਹੱਥ ਦੇ ਕੇ ਮੇਰੀ ਉਬਾਰਨਾ ਕਰੋ ਜੀ।

**ਸਰਬ ਠੌਰ ਮੋ ਹੋਹੁ ਸਹਾਈ ॥**

**ਦੁਸਟ ਦੋਖ ਤੇ ਲੇਹੁ ਬਚਾਈ ॥੨੫॥**

ਹੇ ਅਕਾਲ ਜੀ! ਮੈਨੂੰ ਸਰਬ ਥਾਵਾਂ ਤੇ ਸਰਬ ਕਾਲ ਵਿੱਚ ਸਹਾਈ ਹੋਵੋ ਤੇ ਹਮੇਸ਼ਾ ਮੈਨੂੰ ਦੁਸ਼ਮਣ-ਦੋਖੀਆਂ ਤੋਂ ਬਚਾਈ ਰੱਖੋ।੨੫।

**ਕ੍ਰਿਪਾ ਕਰੀ ਹਮ ਪਰ ਜਗ ਮਾਤਾ ॥**

**ਗ੍ਰੰਥ ਕਰਾ ਪੂਰਨ ਸੁਭ ਰਾਤਾ ॥**

ਮੇਰੇ ਉੱਪਰ ਅਕਾਲ ਪੁਰਖ (ਜਗ ਮਾਤਾ) ਨੇ ਮਿਹਰ ਕੀਤੀ, ਮੈਂ ਸ਼ੁਭ ਗੁਣਾਂ ਨਾਲ ਭਰਪੂਰ ਗ੍ਰੰਥ ਸੰਪੂਰਨ ਕੀਤਾ।

**ਕਿਲਬਿਖ ਸਕਲ ਦੇਹ ਕੋ ਹਰਤਾ ॥**

**ਦੁਸਟ ਦੋਖਿਯਨ ਕੋ ਛੈ ਕਰਤਾ ॥੨੬॥**

ਅਕਾਲ ਪੁਰਖ ਮੇਰੇ ਸਾਰੇ ਪਾਪਾਂ ਦਾ ਨਾਸ਼ਕ ਤੇ ਦੁਸ਼ਟ-ਦੋਖੀਆਂ ਦਾ ਨਾਸ਼ ਕਰਨ ਵਾਲਾ ਹੈ।੨੬।

**ਸ੍ਰੀ ਅਸਿਧੁਜ ਜਬ ਭਏ ਦਇਆਲਾ ॥**

**ਪੂਰਨ ਕਰਾ ਗ੍ਰੰਥ ਤਤਕਾਲਾ ॥**

ਜਦੋਂ ਅਕਾਲ ਪੁਰਖ ਜੀ ਮਿਹਰ ਦੇ ਘਰ ਵਿੱਚ ਆਏ, ਤਦੋਂ ਮੈਂ ਉਸੇ ਵੇਲੇ ਇਹ ਗ੍ਰੰਥ ਸੰਪੂਰਨ ਕਰ ਲਿਆ।

---

੧. (ਅਕਾਲ ਪੁਰਖ) ਜਿਸ ਦੇ ਝੰਡੇ ਵਿੱਚ ਕ੍ਰਿਪਾਨ ਦਾ ਨਿਸ਼ਾਨ ਹੈ।

**ਮਨ ਬਾਂਛਤ ਫਲ ਪਾਵੈ ਸੋਈ ॥**
**ਦੂਖ ਨ ਤਿਸੈ ਬਿਆਪਤ ਕੋਈ ॥੨੭॥**

ਜੋ ਇਸ ਦਾ ਪਠਨ-ਪਾਠਨ ਕਰੇਗਾ ਉਸ ਨੂੰ ਮਨ ਇਛਤ ਫਲ ਪ੍ਰਾਪਤ ਹੋਣਗੇ ਤੇ ਉਸ ਨੂੰ ਕੋਈ ਵੀ ਦੁੱਖ ਨਹੀਂ ਬਿਆਪੇਗਾ।੨੭।

**ਅੜਿੱਲ ॥**

ਕਾਵਿ-ਛੰਦ ਦੀ ਇੱਕ ਕਿਸਮ

**ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥**
**ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ ॥**

ਇਸ ਗ੍ਰੰਥ ਨੂੰ ਜੇ ਗੂੰਗਾ ਮਨੁੱਖ ਵੀ ਸੁਣੇਗਾ, ਉਸ ਨੂੰ ਰਸਨਾ ਦੀ ਪ੍ਰਾਪਤੀ ਹੋਵੇਗੀ। ਜੇ ਕੋਈ ਮੂਰਖ ਬੰਦਾ ਵੀ ਚਿੱਤ ਲਾ ਕੇ ਸ੍ਰਵਣ ਕਰੇਗਾ, ਉਸ ਨੂੰ ਚਤਰ-ਬੁੱਧੀ ਪ੍ਰਾਪਤ ਹੋ ਜਾਵੇਗੀ।

**ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ ॥**
**ਹੋ ਜੋ ਯਾਕੀ ਏਕ ਬਾਰ ਚੌਪਈ ਕੋ ਕਹੈ ॥੨੮॥**

ਉਸ ਵਿਅਕਤੀ ਦੇ ਨੇੜੇ ਦੁੱਖ-ਦਰਦ ਤੇ ਡਰ ਨਹੀਂ ਰਹੇਗਾ, ਜੋ ਇੱਕ ਵਾਰੀ ਵੀ ਮਨ-ਚਿੱਤ ਲਾ ਕੇ ਚੌਪਈ ਦਾ ਪਾਠ ਕਰੇਗਾ।੨੮।

**ਚੌਪਈ ॥**

ਕਾਵਿ-ਛੰਦ ਦੀ ਕਿਸਮ

**ਸੰਬਤ ਸੱਤ੍ਰਹ ਸਹਸ ਭਣਿੱਜੈ ॥**
**ਅਰਧ ਸਹਸ ਫੁਨਿ ਤੀਨਿ ਕਹਿੱਜੈ ॥**

ਸਭ ਤੋਂ ਪਹਿਲਾਂ ਸਤਾਰਾਂ ਸੌ ਸੰਮਤ ਕਹੋ। ਫਿਰ ਸੌ ਦਾ ਅੱਧ ਪੰਜਾਹ ਤੇ ਫਿਰ ਤਿੰਨ ਕਹੋ (ਭਾਵ ੧੭੫੩ ਬਿਕਰਮੀਂ)

**ਭਾਦ੍ਰਵ ਸੁਦੀ ਅਸਟਮੀ ਰਵਿ ਵਾਰਾ ॥**

**[1]ਤੀਰ [2]ਸਤੁੱਦ੍ਰਵ ਗ੍ਰੰਥ ਸੁਧਾਰਾ ॥੨੯॥**

ਭਾਦਰੋਂ ਮਹੀਨੇ ਦੀ ਅਠਵੀਂ ਸੁਦੀ ਦਿਨ ਐਤਵਾਰ ਨੂੰ ਸਤਲੁਜ ਨਦੀ ਦੇ ਕਿਨਾਰੇ ਉੱਤੇ ਬੈਠ ਕੇ ਇਹ ਗ੍ਰੰਥ ਸੰਪੂਰਨ ਕੀਤਾ।੨੯।

**ਸ੍ਵੈਯਾ ॥**

ਕਾਵਿ-ਛੰਦ ਦੀ ਕਿਸਮ

**ਪਾਂਇ ਗਹੇ ਜਬ ਤੇ ਤੁਮਰੇ**

**ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥**

ਹੇ ਅਕਾਲ ਪੁਰਖ! ਜਦ ਤੋਂ ਮੈਂ ਆਪ ਜੀ ਦੇ ਚਰਨ ਫੜ੍ਹੇ ਹਨ ਤਦ ਤੋਂ ਮੈਂ ਹੋਰ ਕਿਸੇ ਨੂੰ ਅੱਖ ਹੇਠ ਵੀ ਨਹੀਂ ਲਿਆਉਂਦਾ।

**ਰਾਮ ਰਹੀਮ ਪੁਰਾਨ ਕੁਰਾਨ**

**ਅਨੇਕ ਕਹੈਂ ਮਤ ਏਕ ਨ ਮਾਨਯੋ ॥**

ਰਾਮ, ਰਹੀਮ, ਪੁਰਾਨ ਤੇ ਕੁਰਾਨ ਨੇ ਅਨੇਕਾਂ ਮੱਤਾਂ ਦਾ ਜ਼ਿਕਰ ਕੀਤਾ ਹੈ ਪਰ ਮੈਂ ਇਨ੍ਹਾਂ ਵਿੱਚੋਂ ਇੱਕ ਨੂੰ ਵੀ ਨਹੀਂ ਮੰਨਦਾ।

**ਸਿੰਮ੍ਰਿਤ ਸਾਸਤ੍ਰ ਬੇਦ ਸਭੈ**

**ਬਹੁ ਭੇਦ ਕਹੈਂ ਹਮ ਏਕ ਨ ਜਾਨਯੋ ॥**

ਸਤਾਈ ਸਿਮ੍ਰਤੀਆਂ, ਛੇ ਸ਼ਾਸ਼ਤ੍ਰ, ਚਾਰ ਬੇਦ ਅਨੇਕ ਪ੍ਰਕਾਰ ਦੇ ਭੇਦ ਦਸਦੇ ਹਨ ਪਰ ਮੈਂ ਇਨ੍ਹਾਂ ਵਿੱਚੋਂ ਇੱਕ ਨੂੰ ਵੀ ਨਹੀਂ ਮੰਨਦਾ।

**ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ**

**ਮੈ ਨ ਕਹਯੋ ਸਭ ਤੋਹਿ ਬਖਾਨਯੋ ॥**

ਹੇ ਅਕਾਲ ਪੁਰਖ ਜੀ! ਆਪ ਜੀ ਦੀ ਮਿਹਰ ਨਾਲ ਇਹ ਸਾਰਾ

---
੧. ਕਿਨਾਰਾ ੨ ਸਤਲੁਜ

ਗ੍ਰੰਥ ਸਿਰਜਿਆ ਗਿਆ ਹੈ। ਇਹ ਮੈਂ ਨਹੀਂ ਕਿਹਾ, ਸਾਰਾ ਤੁਸੀਂ ਹੀ ਕਥਨ ਕਰਵਾਇਆ ਹੈ।

**ਦੋਹਰਾ ॥**

ਕਾਵਿ-ਛੰਦ ਦੀ ਕਿਸਮ

**ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ ॥**

ਹੇ ਅਕਾਲ ਪੁਰਖ ਜੀ! ਮੈਂ ਸਾਰੇ ਦਰਾਂ ਦਾ ਤਿਆਗ ਕਰਕੇ ਤੁਹਾਡਾ ਦਰ ਫੜਿਆ ਹੈ।

**ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ ॥**

ਆਪ ਮਿਹਰ ਕਰਕੇ ਬਾਂਹ ਪਕੜੀ ਦੀ ਲਾਜ ਰੱਖੋ। ਮੈਂ ਗੋਬਿੰਦ ਆਪ ਜੀ ਦਾ ਦਾਸ ਹਾਂ।

# ਅਨੰਦੁ ਸਾਹਿਬ

## ਰਾਮਕਲੀ ਮਹਲਾ ੩

ਤੀਸਰੇ ਸਤਿਗੁਰੂ, ਗੁਰੂ ਅਮਰਦਾਸ ਜੀ ਦੀ ਉਚਾਰਨ ਕੀਤੀ ਬਾਣੀ।

## ਅਨੰਦੁ

ਗੁਰਬਾਣੀ ਦਾ ਸਿਰਲੇਖ।

## ੴ ਸਤਿਗੁਰ ਪ੍ਰਸਾਦਿ ॥

ਪਰਮਾਤਮਾ ਇੱਕ ਹੈ ਤੇ ਉਸ ਵਰਗਾ ਹੋਰ ਕੋਈ ਨਹੀਂ ਹੈ। ਸਾਰਾ ਉਸ ਦਾ ਹੀ ਪਸਾਰਾ ਹੈ।ਉਹ ਗੁਰੂ ਮਿਹਰ ਦੁਆਰਾ ਪ੍ਰਾਪਤ ਹੁੰਦਾ ਹੈ।

**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥**

ਹੇ ਮੇਰੀ ਮਾਂ! ਮੈਨੂੰ ਪੂਰਨ ਅਨੰਦ ਦੀ ਪ੍ਰਾਪਤੀ ਹੋ ਗਈ ਹੈ ਕਿਉਂਕਿ ਮੈਨੂੰ ਸਤਿਗੁਰੂ ਦਾ ਮਿਲਾਪ ਪ੍ਰਾਪਤ ਹੋ ਗਿਆ ਹੈ।

**ਸਤਿਗੁਰੁ ਤ ਪਾਇਆ ਸਹਜ ਸੇਤੀ
ਮਨਿ ਵਜੀਆ ਵਾਧਾਈਆ ॥**

ਸਤਿਗੁਰੂ ਦੇ ਮਿਲਾਪ ਨਾਲ ਅਡੋਲ ਸਹਿਜ ਅਵਸਥਾ ਪ੍ਰਾਪਤ ਹੋ ਗਈ ਹੈ ਤੇ ਅਨੂਪਮ ਖੁਸ਼ੀਆਂ ਖੇੜੇ ਪ੍ਰਾਪਤ ਹੋ ਗਏ ਹਨ।

**ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥**

ਇੰਝ ਜਾਨਣਾ ਕਰੋ ਜਿਵੇਂ ਰਤਨ ਰੂਪ, ਰਾਗ ਤੇ ਰਾਗਣੀਆਂ ਪ੍ਰਭੂ-ਸਿਫਤ ਕਰਨ ਵਾਸਤੇ ਮੇਰੇ ਅੰਦਰ ਪ੍ਰਵੇਸ਼ ਕਰ ਗਈਆਂ ਹੋਣ।

**ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥**

ਹੇ ਭਾਈ! ਤੁਸੀਂ ਵੀ ਪ੍ਰਭੂ ਦੀ ਸਿਫਤਿ-ਸਲਾਹ ਦੇ ਸ਼ਬਦ ਗਾਵੋ,

ਜਿਨ੍ਹਾਂ ਜਿਨ੍ਹਾਂ ਨੇ ਸਿਫਤਿ-ਸਲਾਹ ਦੇ ਸ਼ਬਦਾਂ ਨੂੰ ਆਪਣੇ ਮਨ ਵਿੱਚ ਵਸਾ ਲਿਆ, ਉਨ੍ਹਾਂ ਅੰਦਰ ਪੂਰਨ ਖਿੜਾਉ ਪੈਦਾ ਹੋ ਗਿਆ।

**ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥**

ਸਤਿਗੁਰੂ ਅਮਰਦਾਸ ਜੀ, ਨਾਨਕ ਮੋਹਰ ਲਾ ਕੇ, ਫੁਰਮਾਨ ਕਰਦੇ ਹਨ ਕਿ ਮੈਨੂੰ ਅਨੰਦ ਦੀ ਪ੍ਰਾਪਤੀ ਹੋ ਗਈ ਹੈ ਕਿਉਂਕਿ ਮੈਨੂੰ ਪੂਰਨ ਸਤਿਗੁਰੂ ਦਾ ਮਿਲਾਪ ਪ੍ਰਾਪਤ ਹੋ ਗਿਆ ਹੈ।੧।

**ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥**

ਹੇ ਮੇਰੇ ਮਨਾਂ! ਤੂੰ ਸਦਾ ਹੀ ਪ੍ਰਭੂ ਦੇ ਨਾਲ ਜੁੜਿਆ ਰਹੁ।

**ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥**

ਜੇ ਤੂੰ ਪਰਮਾਤਮਾ ਦੇ ਨਾਮ ਨਾਲ ਜੁੜਿਆ ਰਹੇਂਗਾ ਤਾਂ ਪਰਮਾਤਮਾ ਤੇਰੇ ਸਾਰੇ ਦੁੱਖਾਂ ਨੂੰ ਦੂਰ ਕਰ ਦੇਵੇਗਾ।

**ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥**

ਪਰਮਾਤਮਾ ਤੇਰਾ ਪੱਖ ਵੀ ਕਰੇਗਾ ਤੇ ਤੇਰੇ ਸਾਰੇ ਕਾਰਜ ਸੁਤੇ-ਸਿੱਧ ਹੀ ਸਵਾਰ ਦੇਵੇਗਾ।

**ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥**

ਹੇ ਮੇਰੇ ਮਨ! ਜਿਹੜਾ ਪਰਮਾਤਮਾ ਸਰਬ-ਸਮਰਥ ਹੈ, ਤੂੰ ਉਸ ਨੂੰ ਮਨ ਵਿੱਚੋਂ ਕਿਉਂ ਭੁਲਾਉਂਦਾ ਹੈਂ?

**ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥**

ਸਤਿਗੁਰੂ ਫੁਰਮਾਨ ਕਰਦੇ ਹਨ, ਹੇ ਮੇਰੇ ਮਨ! ਤੂੰ ਸਦਾ ਹੀ ਪਰਮਾਤਮਾ ਦੇ ਨਾਲ ਜੁੜਿਆ ਰਹੁ।੨।

**ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥**

ਹੇ ਮੇਰੇ ਸਚੇ ਵਾਹਿਗੁਰੂ! ਤੇਰੇ ਘਰ ਵਿੱਚ ਕਿਹੜੀ ਚੀਜ਼ ਦਾ ਘਾਟਾ

ਹੈ? (ਭਾਵ ਕੋਈ ਘਾਟਾ ਨਹੀਂ ਹੈ)

**ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥**

ਤੇਰੇ ਘਰ ਵਿੱਚ ਤਾਂ ਸਭ ਕੁਝ ਹੀ ਹੈ, ਪਰ ਜਿਸ ਨੂੰ ਤੂੰ ਮਿਹਰ ਕਰਕੇ ਦਿੰਦਾ ਹੈਂ, ਉਹ ਹੀ ਦਾਤ ਪ੍ਰਾਪਤ ਕਰ ਸਕਦਾ ਹੈ।

**ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥**

ਨਾਮ ਦੀ ਦਾਤ ਤੇ ਪ੍ਰਭੂ ਸਿਫਤਿ-ਸਲਾਹ ਦੀ ਦਾਤ ਜਿਸ ਦੇ ਮਨ ਵਿੱਚ ਵਸ ਜਾਂਦੀ ਹੈ।

**ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥**

ਉਨ੍ਹਾਂ ਦੇ ਹਿਰਦੇ ਅੰਦਰ ਲਗਾਤਾਰ ਇੱਕ ਰਸ ਅਨੰਦ ਦੇ ਅਨਹਦ ਸ਼ਬਦ ਵੱਜਣ ਲੱਗ ਜਾਂਦੇ ਹਨ।

**ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥**

ਸਤਿਗੁਰੂ ਮੁੜ ਦ੍ਰਿੜ ਕਰਵਾਉਣ ਲਈ ਫੁਰਮਾਨ ਕਰਦੇ ਹਨ ਕਿ ਹੇ ਪਰਮਾਤਮਾ! ਤੇਰੇ ਘਰ ਵਿੱਚ ਕਿਹੜੀ ਚੀਜ਼ ਦੀ ਕਮੀਂ ਹੈ।(ਭਾਵ ਕੋਈ ਕਮੀਂ ਨਹੀਂ ਹੈ)

**ਸਾਚਾ ਨਾਮੁ ਮੇਰਾ ਆਧਾਰੋ ॥**

ਹੇ ਪ੍ਰਭੂ! ਤੇਰਾ ਸੱਚਾ ਨਾਮ ਮੇਰੀ ਜਿੰਦਗੀ ਦਾ ਆਸਰਾ ਬਣ ਗਿਆ ਹੈ।

**ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥**

ਜਦੋਂ ਦਾ ਮੇਰੇ ਜੀਵਨ ਦਾ ਅਧਾਰ ਤੇਰਾ ਨਾਮ ਬਣਿਆ ਹੈ। ਮੇਰੀਆਂ ਸਾਰੀਆਂ ਭੁਖਾਂ ਨਾਮ ਨੇ ਦੂਰ ਕਰ ਦਿੱਤੀਆਂ ਹਨ।

**ਕਰਿ ਸਾਂਤਿ ਸੁਖ ਮਨਿ ਆਇ ਵਸਿਆ<br>ਜਿਨਿ ਇਛਾ ਸਭਿ ਪੁਜਾਈਆ ॥**

ਨਾਮ ਨੇ ਮੈਨੂੰ ਸਾਰੇ ਸੁੱਖ, ਮਨ ਦੀ ਸ਼ਾਂਤੀ ਪ੍ਰਦਾਨ ਕਰਕੇ ਮੇਰੀਆਂ

ਸਾਰੀਆਂ ਇਛਾਂਵਾਂ ਪੂਰੀਆਂ ਕਰ ਦਿੱਤੀਆਂ ਹਨ।

**ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ**
**ਜਿਸ ਦੀਆ ਏਹਿ ਵਡਿਆਈਆ ॥**

ਮੈਂ ਆਪਣੇ ਗੁਰੂ ਤੋਂ ਸਦਾ ਸਦਾ ਕੁਰਬਾਨ ਜਾਂਦਾ ਹਾਂ, ਕਿਉਂਕਿ ਇਹ ਸਾਰੀਆਂ ਬਖਸ਼ਿਸ਼ਾਂ ਗੁਰੂ ਦੀਆਂ ਹੀ ਹਨ।

**ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥**

ਹੇ ਸੰਤ ਜਨੋਂ! ਧਿਆਨ ਦੇ ਕੇ ਸੁਣੋ, ਗੁਰੂ ਦੇ ਸ਼ਬਦ ਵਿੱਚ ਹਮੇਸ਼ਾ ਪਿਆਰ ਪਾਵੋ।

**ਸਾਚਾ ਨਾਮੁ ਮੇਰਾ ਆਧਾਰੋ ॥੪॥**

ਸਤਿਗੁਰੂ ਜੀ ਦੀ ਮਿਹਰ ਨਾਲ ਮੇਰੀ ਆਤਮਾ ਦਾ ਅਧਾਰ ਹੁਣ ਪਰਮਾਤਮਾ ਦਾ ਨਾਮ ਬਣ ਗਿਆ ਹੈ।

**ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥**

ਨਾਮ-ਅਧਾਰੀ ਗੁਰਮੁਖ ਦੇ ਹਿਰਦੇ ਵਿੱਚ ਪੰਜ ਪ੍ਰਕਾਰ ਦੇ ਅਨਹਤ ਸ਼ਬਦ ਵੱਜਣ ਲੱਗ ਪਏ।

**ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥**

ਹੇ ਪ੍ਰਭੂ! ਜਿਸ ਹਿਰਦੇ ਵਿੱਚ ਤੁਸੀਂ ਨਾਮ ਦੀ ਪਾਰਸ ਕਲਾ ਵਰਤਾ ਦਿੱਤੀ, ਉਸ ਦੇ ਹਿਰਦੇ-ਘਰ ਵਿੱਚ ਅਨਹਤ ਸ਼ਬਦ ਵੱਜਣ ਲੱਗ ਜਾਂਦੇ ਹਨ।

**ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥**

ਹੇ ਪ੍ਰਭੂ! ਜਿਸ ਹਿਰਦੇ ਵਿੱਚ ਤੁਸੀਂ ਨਾਮ ਦਾ ਨਿਵਾਸ ਕਰ ਦਿੱਤਾ ਉਸ ਦੇ ਪੰਜੇ ਦੂਤ ( ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਤੁਸੀਂ ਉਸ ਦੇ ਵੱਸ ਵਿੱਚ ਕਰ ਦਿੱਤੇ ਤੇ ਦੁੱਖ ਦੇਣ ਵਾਲੇ ਕਾਲ ਦਾ ਵੀ ਨਾਸ਼ ਕਰ ਦਿੱਤਾ।

## ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥

ਹੇ ਪ੍ਰਭੂ! ਜਿਨ੍ਹਾਂ ਵਡਭਾਗੀਆਂ ਉੱਪਰ ਤੁਸੀਂ ਆਪਣੀ ਮਿਹਰ ਕੀਤੀ, ਉਹ ਹੀ ਨਾਮ ਜੱਪਣ ਦੀ ਕਾਰ ਵਿੱਚ ਲੱਗੇ ਹਨ।

## ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥

ਸਤਿਗੁਰੂ ਫੁਰਮਾਨ ਕਰਦੇ ਹਨ ਕਿ ਜਿਸ ਹਿਰਦੇ ਵਿੱਚ ਨਾਮ ਦਾ ਨਿਵਾਸ ਹੋ ਗਿਆ, ਉਸ ਹਿਰਦੇ ਵਿੱਚ ਸਦਾ ਸੁੱਖ ਤੇ ਖੁਸ਼ੀ ਦੇ ਅਨਹਦ ਵਾਜੇ ਵੱਜਣ ਲੱਗ ਜਾਂਦੇ ਹਨ।

## ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥

ਸੱਚੇ ਪ੍ਰਭੂ ਦੇ ਨਾਮ ਵਿੱਚ ਲਿਵ ਜੋੜਨ ਤੋਂ ਬਿਨਾਂ ਇਹ ਦੇਹੀ, ਨਿਆਸਰੀ ਤੇ ਨਿਮਾਣੀ ਹੈ।

## ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥

ਸਚੇ ਪ੍ਰਭੂ ਦੇ ਨਾਮ ਦੀ ਲਿਵ ਤੋਂ ਬਿਨਾਂ ਇਹ ਸਰੀਰ ਤੇ ਜਿੰਦ ਬਿਲਕੁਲ ਨਿਮਾਣੀਆਂ ਹਨ। ਨਾਮ ਦੀ ਲਿਵ ਤੋਂ ਬਿਨਾਂ ਇਹ ਕੁਝ ਵੀ ਨਹੀਂ ਕਰ ਸਕਦੀਆਂ।

## ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ ॥

ਹੇ ਪ੍ਰਭੂ! ਤੈਥੋਂ ਬਿਨਾਂ ਹੋਰ ਕੋਈ ਜੀਵ, ਆਤਮਾ ਦੀ ਲਿਵ ਨਾਮ ਨਾਲ ਨਹੀਂ ਜੋੜ ਸਕਦਾ। ਹੇ ਜਗਤ ਦੇ ਮਾਲਕ! ਤੂੰ ਆਪ ਮਿਹਰ ਕਰਕੇ ਜੀਵ ਆਤਮਾ ਦੀ ਟੁੱਟੀ ਹੋਈ ਲਿਵ ਮੁੜ ਆਪਣੇ ਨਾਲ ਜੋੜ ਲੈ।

## ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ ॥

ਹੇ ਪ੍ਰਭੂ! ਇਸ ਦੇਹੀ ਨੂੰ ਸਫਲਾ ਕਰਨ ਲਈ ਆਪ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ। ਕ੍ਰਿਪਾ ਕਰੋ, ਇਸ ਨੂੰ ਗੁਰੂ ਸ਼ਬਦ ਨਾਲ ਜੋੜ ਕੇ ਸਫਲਾ ਕਰਕੇ ਸਵਾਰ ਦਿਉ।

**ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥੬॥**

ਹੇ ਪ੍ਰਭੂ! ਆਪ ਦੇ ਸੱਚੇ ਨਾਮ ਦੀ ਲਿਵ ਤੋਂ ਬਿਨਾਂ, ਇਹ ਨਿਮਾਣਾ ਸਰੀਰ ਕੀ ਕਰ ਸਕਦਾ ਹੈ?

**ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥**

ਆਖਣ ਮਾਤ੍ਰ ਤਾਂ ਸਭ ਕੋਈ ਅਨੰਦ ਹੈ, ਅਨੰਦ ਹੈ, ਕਹੀ ਜਾਂਦਾ ਹੈ ਪਰ ਅਸਲੀ ਆਤਮਿਕ ਅਨੰਦ ਗੁਰੂ ਪ੍ਰਾਇਣ ਹੋ ਕੇ ਹੀ ਪ੍ਰਾਪਤ ਹੁੰਦਾ ਹੈ।

**ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥**

ਅਸਲੀ ਆਤਮਿਕ ਅਨੰਦ ਦੀ ਸੂਝ ਤਾਂ ਗੁਰੂ ਪਾਸੋਂ ਹੀ ਪ੍ਰਾਪਤ ਹੁੰਦੀ ਹੈ ਪਰ ਗੁਰੂ ਦੀ ਪ੍ਰਾਪਤੀ ਉਸ ਨੂੰ ਹੁੰਦੀ ਹੈ ਜਿਸ ਤੇ ਪਿਆਰਾ ਪ੍ਰਭੂ ਕਿਰਪਾ ਕਰਦਾ ਹੈ।

**ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ [1]ਸਾਰਿਆ ॥**

ਗੁਰੂ ਰਹਿਮਤ ਕਰਕੇ ਉਸ ਜਗਿਆਸੂ ਦੇ ਪਾਪ-ਕਰਮ ਦੂਰ ਕਰ ਦਿੰਦਾ ਹੈ ਤੇ ਆਤਮਿਕ ਸੂਝ ਦਾ ਸੁਰਮਾ ਉਸ ਨੂੰ ਪ੍ਰਦਾਨ ਕਰ ਦਿੰਦਾ ਹੈ।

**ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥**

ਜਿਨ੍ਹਾਂ ਵਡਭਾਗੀਆਂ ਦਾ ਮਾਇਆ ਨਾਲੋਂ ਮੋਹ ਟੁੱਟ ਗਿਆ, ਉਨ੍ਹਾਂ ਦੀ ਵਾਕ-ਸਤਾ ਵਿੱਚ ਪ੍ਰਭੂ ਨੇ ਸ਼ਕਤੀ ਭਰ ਕੇ ਉਨ੍ਹਾਂ ਦੇ ਬੋਲਾਂ ਨੂੰ ਸਵਾਰ ਦਿੱਤਾ।

**ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥**

ਸਤਿਗੁਰੂ ਫੁਰਮਾਨ ਕਰਦੇ ਹਨ ਕਿ ਅਸਲੀ ਅਨੰਦ ਇਹ ਹੈ ਤੇ ਇਸ ਅਨੰਦ ਦੀ ਪ੍ਰਾਪਤੀ ਸਤਿਗੁਰੂ ਪਾਸੋਂ ਜਾਣੀ ਜਾਂਦੀ ਹੈ।

**ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ ॥**

ਹੇ ਪਰਮਾਤਮਾ! ਜਿਸ ਨੂੰ ਤੂੰ ਮਿਹਰ ਕਰਕੇ ਆਤਮਿਕ ਅਨੰਦ ਦੀ

---

੧. ਸੁਰਮਾ

ਦਾਤ ਪ੍ਰਦਾਨ ਕਰਦਾ ਹੈਂ, ਉਹ ਜੀਵ ਹੀ ਇਸ ਆਤਮਿਕ ਅਨੰਦ ਦੀ ਦਾਤ ਨੂੰ ਪ੍ਰਾਪਤ ਕਰ ਸਕਦਾ ਹੈ।

**ਪਾਵੈ ਤ ਸੋ ਜਨੁ ਦੇਹਿ ਜਿਸ ਨੋ**
**ਹੋਰਿ ਕਿਆ ਕਰਹਿ ਵੇਚਾਰਿਆ ॥**

ਇਹ ਆਤਮਿਕ ਅਨੰਦ ਉਹ ਹੀ ਪ੍ਰਾਪਤ ਕਰ ਸਕਦਾ ਹੈ ਜਿਸ ਨੂੰ ਪਰਮਾਤਮਾ ਮਿਹਰ ਕਰਕੇ ਦਿੰਦਾ ਹੈ। ਆਪਣੇ ਜ਼ੋਰ ਨਾਲ ਆਤਮਿਕ ਅਨੰਦ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

**ਇਕਿ ਭਰਮਿ ਭੂਲੇ ਫਿਰਹਿ ਦਹ ਦਿਸਿ**
**ਇਕਿ ਨਾਮਿ ਲਾਗਿ ਸਵਾਰਿਆ ॥**

ਕਈ ਮਨੁੱਖ ਮਾਇਆ ਦੀ ਭਟਕਣਾ ਅਧੀਨ ਦਿਨ-ਰਾਤ ਦਸੋ-ਦਿਸ਼ਾ ਵਿੱਚ ਭੁਲੇ ਹੋਏ ਭਟਕੀ ਜਾ ਰਹੇ ਹਨ। ਹੇ ਪ੍ਰਭੂ! ਕਈਆਂ ਨੂੰ ਤੁਸੀਂ ਮਿਹਰ ਕਰਕੇ ਆਪਣੇ ਨਾਮ ਨਾਲ ਜੋੜ ਕੇ ਉਨ੍ਹਾਂ ਦਾ ਜੀਵਨ ਸਵਾਰ ਦਿੱਤਾ ਹੈ।

**ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ ॥**

ਗੁਰੂ ਦੀ ਮਿਹਰ ਨਾਲ ਜਿਨ੍ਹਾਂ ਨੂੰ ਪ੍ਰਭੂ ਭਾਣਾ ਚੰਗਾ ਲੱਗਣ ਲੱਗ ਜਾਂਦਾ ਹੈ, ਉਨ੍ਹਾਂ ਦਾ ਮਨ ਬਿਲਕੁਲ ਪਵਿੱਤ੍ਰ ਹੋ ਜਾਂਦਾ ਹੈ।

**ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ ॥੮॥**

ਸਤਿਗੁਰੂ ਫੁਰਮਾਨ ਕਰਦੇ ਹਨ, ਹੇ ਪਿਆਰੇ ਵਾਹਿਗੁਰੂ! ਜਿਸ ਨੂੰ ਤੂੰ ਆਤਮਿਕ ਅਨੰਦ ਦੀ ਦਾਤ ਦਿੰਦਾ ਹੈਂ, ਉਹ ਹੀ ਪ੍ਰਾਪਤ ਕਰ ਸਕਦਾ ਹੈ।

**ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥**

ਹੇ ਪਿਆਰੇ ਸੰਤ ਜਨੋ! ਤੁਸੀਂ ਆਵੋ, ਆਪਾਂ ਬੈਠ ਕੇ ਉਸ ਅਕੱਥ ਪ੍ਰਭੂ ਦੀ ਸਿਫਤ-ਸਲਾਹ ਕਰੀਏ।

**ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ ॥**

ਆਪਾਂ ਰਲ ਕੇ ਉਸ ਅਕੱਥ ਪ੍ਰਭੂ ਦੀ ਕਥਾ (ਸਿਫਤ-ਸਲਾਹ) ਕਰੀਏ, ਜੇ ਪੁਛੋ ਕਿ ਉਹ ਪਰਮਾਤਮਾ ਕਿਸ ਤਰੀਕੇ ਨਾਲ ਮਿਲਦਾ ਹੈ? ਤਾਂ ਧਿਆਨ ਨਾਲ ਸੁਣੋ!

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ**
**ਹੁਕਮਿ ਮੰਨਿਐ ਪਾਈਐ ॥**

ਉੱਤਰ ਹੈ:- ਜੀਵ ਆਪਣਾ ਤਨ ਮਨ ਧਨ ਸਭ ਕੁਝ ਗੁਰੂ ਨੂੰ ਅਰਪਣ ਕਰ ਦੇਵੇ ਤੇ ਗੁਰੂ ਦੇ ਹੁਕਮ ਅਨੁਸਾਰ ਚੱਲਣਾ ਅਰੰਭ ਕਰ ਦੇਵੇ ਤਾਂ ਪ੍ਰਭੂ ਮਿਲ ਪੈਂਦਾ ਹੈ।

**ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ॥**

ਹੇ ਗੁਰਮੁਖੋ! ਗੁਰੂ ਦੇ ਹੁਕਮ ਨੂੰ ਮੰਨੋ ਤੇ ਸਦਾ ਸੱਚੀ ਬਾਣੀ ਨੂੰ ਗਾਇਆ ਕਰੋ।

**ਕਹੈ ਨਾਨਕੁ ਸੁਣਹੁ ਸੰਤਹੁ**
**ਕਥਿਹੁ ਅਕਥ ਕਹਾਣੀ ॥੯॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ, ਹੇ ਸਤ-ਪੁਰਸ਼ੋ! ਉਸ ਅਕੱਥ ਪ੍ਰਭੂ ਦੀ ਸਿਫਤ-ਸਲਾਹ ਰੂਪ ਕਥਾ ਹਮੇਸ਼ਾ ਕਥਨ ਕਰਿਆ ਕਰੋ।

**ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥**

ਹੇ ਚੰਚਲ ਮਨ! ਅੱਜ ਤੱਕ ਚੁਸਤੀ ਚਲਾਕੀ ਨਾਲ ਕਿਸੇ ਨੇ ਪਰਮਾਤਮਾ ਨੂੰ ਪ੍ਰਾਪਤ ਨਹੀਂ ਕੀਤਾ।

**ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ॥**

ਹੇ ਮੇਰੇ ਮਨ! ਤੂੰ ਧਿਆਨ ਦੇ ਕੇ ਸੁਣ ਲੈ, ਕਿਸੇ ਨੇ ਵੀ ਚੁਸਤੀ ਚਲਾਕੀ ਨਾਲ ਪ੍ਰਭੂ ਮਿਲਾਪ ਦੇ ਅਨੰਦ ਨੂੰ ਨਹੀਂ ਮਾਣਿਆ।

**ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥**

ਇਹ ਮਾਇਆ ਸਭ ਕਿਸੇ ਨੂੰ ਮੋਹ ਲੈਣ ਵਾਲੀ ਹੈ। ਜਿਸ ਮਾਇਆ ਨੇ ਐਡੇ ਵੱਡੇ ਸੰਸਾਰ ਨੂੰ ਭਰਮਾ ਕੇ ਭਰਮ-ਭੁਲੇਖੇ ਵਿੱਚ ਪਾਇਆ ਹੋਇਆ ਹੈ।

**ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ [1]ਠਗਉਲੀ ਪਾਈਆ ॥**

ਪਰ ਜੀਵ ਦੇ ਕੀ ਵਸ, ਇਹ ਮੋਹਣੀ ਮਾਇਆ ਤਾਂ ਉਸ ਪਰਮਾਤਮਾ ਨੇ ਪੈਦਾ ਕੀਤੀ ਹੈ। ਜਿਸ ਨੇ ਸਾਰੇ ਜੀਵਾਂ ਨੂੰ ਠੱਗ-ਬੂਟੀ ਪਿਲਾ ਕੇ ਭੁਲੇਖੇ ਵਿੱਚ ਪਾਇਆ ਹੋਇਆ ਹੈ।

**ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥**

ਮੈਂ ਉਸ ਪਰਮਾਤਮਾ ਤੋਂ ਕੁਰਬਾਨ ਜਾਂਦਾ ਹਾਂ ਜਿਸ ਪ੍ਰਭੂ ਨੇ ਜੀਵਾਂ ਨੂੰ ਜਗਤ ਵਿੱਚ ਖਚਤ ਕਰਨ ਦਾ ਸੁਆਦਲਾ ਮੋਹ ਲਾਇਆ ਹੈ।

**ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥੧੦॥**

ਸਤਿਗੁਰੂ, ਮਨ ਨੂੰ ਸੰਬੋਧਨ ਕਰਕੇ ਸਚਾਈ ਦ੍ਰਿੜ ਕਰਵਾਉਂਦੇ ਹਨ ਕਿ ਹੇ ਚੰਚਲ ਮਨ! ਅੱਜ ਤੱਕ ਕਿਸੇ ਨੇ ਵੀ ਚਤੁਰਾਈ ਸਿਆਣਪ ਨਾਲ ਪਰਮਾਤਮਾ ਨੂੰ ਪ੍ਰਾਪਤ ਨਹੀਂ ਕੀਤਾ।

**ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥**

ਹੇ ਮੇਰੇ ਪਿਆਰੇ ਮਨ! ਤੂੰ ਸਦਾ ਸੱਚੇ ਵਾਹਿਗੁਰੂ ਨੂੰ ਚੇਤੇ ਕਰਿਆ ਕਰ।

**ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥**

ਇਹ ਜੋ ਸੰਸਾਰ ਦੇ ਰਿਸ਼ਤੇਦਾਰ ਤੇ ਪਰਿਵਾਰ ਨੂੰ ਤੂੰ ਵੇਖ ਰਿਹਾ ਹੈਂ, ਇਨ੍ਹਾਂ ਨੇ ਤੇਰੇ ਨਾਲ ਇੱਕ ਕਦਮ ਵੀ ਸਾਥ ਨਹੀਂ ਦੇਣਾ।

**ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥**

ਹੇ ਮਨ! ਜਿਸ ਪ੍ਰਵਾਰ ਨੇ ਤੇਰਾ ਸਾਥ ਨਹੀਂ ਨਿਭਾਉਣਾ, ਫਿਰ ਉਸ ਦੇ ਨਾਲ ਕਿਉਂ ਚਿੱਤ ਜੋੜੀ ਬੈਠਾ ਹੈਂ।

---

੧. ਇੱਕ ਨਸ਼ੇ ਵਾਲੀ ਬੂਟੀ, ਜੋ ਠਗ ਲੋਕ, ਲੋਕਾਂ ਨੂੰ ਪਿਆ ਕੇ ਬੇ-ਸੁਰਤ ਕਰਕੇ ਲੁੱਟ ਲੈਂਦੇ ਹਨ।

**ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥**

ਯਾਦ ਰੱਖ! ਜਿੰਦਗੀ ਵਿੱਚ ਅਜਿਹਾ ਕਰਮ ਬਿਲਕੁਲ ਨਾਂ ਕਰੀਂ, ਜਿਸ ਦੇ ਕਰਨ ਨਾਲ ਤੈਨੂੰ ਅੰਤ ਸਮੇਂ ਪਛਤਾਉਣਾ ਪਵੇ।

**ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥**

ਧਿਆਨ ਦੇ ਕੇ ਸਤਿਗੁਰੂ ਦਾ ਕਲਿਆਣ-ਕਾਰੀ ਉਪਦੇਸ਼ ਸ੍ਰਵਣ ਕਰ, ਇਸ ਗੁਰੂ ਉਪਦੇਸ਼ ਨੇ ਹੀ ਤੇਰੇ ਸੰਗ ਸਾਥ ਨਿਭਣਾ ਹੈ।

**ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥੧੧॥**

ਸਤਿਗੁਰੂ ਮਨ ਨੂੰ ਸੰਬੋਧਨ ਕਰਕੇ ਸਮਝਾਉਂਦੇ ਹਨ। ਹੇ ਪਿਆਰੇ ਮਨ! ਤੂੰ ਸਦਾ ਸੱਚੇ ਵਾਹਿਗੁਰੂ ਦੇ ਨਾਮ ਦਾ ਚਿੰਤਨ ਕਰਿਆ ਕਰ।

**ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ ॥**

ਹੇ ਮਨ, ਇੰਦ੍ਰਿਆਂ ਤੇ ਦਿਮਾਗੀ ਸੂਝ-ਬੂਝ ਤੋਂ ਪਰੇ ਵਾਹਿਗੁਰੂ! ਅੱਜ ਤੱਕ ਤੇਰਾ ਕਿਸੇ ਨੇ ਅੰਤ ਨਹੀਂ ਪਾਇਆ।

**ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ ॥**

ਹੇ ਪ੍ਰਭੂ! ਤੂੰ ਆਪਣੇ ਸਰੂਪ ਨੂੰ ਆਪ ਹੀ ਜਾਣਦਾ ਹੈਂ, ਹੋਰ ਕੋਈ ਵੀ ਤੇਰੇ ਅੰਤ ਨੂੰ ਨਹੀਂ ਜਾਣਦਾ।

**ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ ॥**

ਇਹ ਵਿਚਾਰੇ ਜੀਵ ਤੇਰੇ ਗੁਣਾਂ ਨੂੰ ਕਥਨ ਵੀ ਕਿਸ ਤਰ੍ਹਾਂ ਕਰਨ? ਕਿਉਂਕਿ ਇਹ ਸਾਰੇ ਜੀਵ ਤਾਂ ਆਪ ਜੀ ਦਾ ਰਚਿਆ ਇੱਕ ਖੇਲ ਤਮਾਸ਼ਾ ਹੈ।

**ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ ॥**

ਜੋ ਜੀਵ ਆਪ ਜੀ ਪ੍ਰਤੀ ਕੁਝ ਆਖ-ਵੇਖ ਰਹੇ ਹਨ। ਤੁਸੀਂ ਆਪ ਹੀ ਉਨ੍ਹਾਂ ਜੀਵਾਂ ਰਾਹੀਂ ਵਰਤ ਕੇ ਆਪਣੇ ਆਪ ਪ੍ਰਤੀ, ਆਪ ਹੀ ਆਖ-ਵੇਖ ਰਹੇ ਹੋ।

**ਕਹੈ ਨਾਨਕੁ ਤੂ ਸਦਾ ਅਗੰਮੁ ਹੈ**
**ਤੇਰਾ ਅੰਤੁ ਨ ਪਾਇਆ ॥੧੨॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ, ਹੇ ਪਰਮਾਤਮਾ! ਤੂੰ ਮਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈਂ, ਇਸ ਲਈ ਤੇਰਾ ਕਿਸੇ ਨੇ ਅੰਤ ਨਹੀਂ ਪਾਇਆ।

**ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ**
**ਸੁ ਅੰਮ੍ਰਿਤੁ ਗੁਰ ਤੇ ਪਾਇਆ ॥**

ਜਿਸ ਅੰਮ੍ਰਿਤ ਨੂੰ ਪ੍ਰਾਪਤ ਕਰਨ ਲਈ, ਮਨੁੱਖ, ਦੇਵਤੇ ਅਤੇ ਰਿਸ਼ੀ-ਮੁਨੀ ਟੋਲ-ਭਾਲ ਕਰਦੇ ਰਹੇ, ਉਹ ਅੰਮ੍ਰਿਤ ਗੁਰੂ ਤੋਂ ਪ੍ਰਾਪਤ ਹੁੰਦਾ ਹੈ।

**ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥**

ਜਿਸ ਵੇਲੇ ਜਗਿਆਸੂ ਨੇ ਗੁਰੂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ, ਗੁਰੂ ਨੇ ਜਗਿਆਸੂ ਉੱਪਰ ਮਿਹਰ ਕਰਕੇ ਉਸ ਦੇ ਹਿਰਦੇ ਵਿੱਚ ਸੱਚੇ ਪ੍ਰਭੂ ਦਾ ਨਿਵਾਸ ਕਰ ਦਿੱਤਾ।

**ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ ॥**

ਹੇ ਪ੍ਰਭੂ! ਇਹ ਜੀਵ ਜੰਤ ਸਾਰੇ ਆਪ ਦੇ ਪੈਦਾ ਕੀਤੇ ਹੋਏ ਹਨ। ਤੁਹਾਡੀ ਕ੍ਰਿਪਾ ਨਾਲ ਕੋਈ ਟਾਂਵਾਂ-ਟਾਂਵਾਂ ਗੁਰੂ ਦੇ ਦਰਸ਼ਨ ਕਰਨ ਤੇ ਚਰਨ ਪਰਸਣ ਲਈ ਆਉਂਦਾ ਹੈ।

**ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ ॥**

ਜੋ ਗੁਰੂ ਦੀ ਸ਼ਰਣ ਵਿੱਚ ਆ ਜਾਂਦਾ ਹੈ, ਉਸ ਦਾ [੧]ਲਬ-ਲੋਭ, ਹੰਕਾਰ ਦੂਰ ਹੋ ਜਾਂਦਾ ਹੈ ਤੇ ਸਤਿਗੁਰੂ ਉਸ ਨੂੰ ਪਿਆਰੇ ਲੱਗਦੇ ਹਨ।

**ਕਹੈ ਨਾਨਕੁ ਜਿਸ ਨੋ ਆਪਿ ਤੁਠਾ**
**ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥੧੩॥**

ਸਤਿਗੁਰੂ ਅਮਰਦਾਸ ਜੀ ਫੁਰਮਾਨ ਕਰਦੇ ਹਨ ਕਿ ਜਿਸ ਉੱਪਰ

---
੧. ਖਾਣ ਦੇ ਚਸਕੇ

ਪਰਮਾਤਮਾ ਤ੍ਰੁੱਠਦਾ ਹੈ, ਉਹ ਹੀ ਸਤਿਗੁਰੂ ਪਾਸੋਂ ਨਾਮ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦਾ ਹੈ।

**ਭਗਤਾ ਕੀ ਚਾਲ ਨਿਰਾਲੀ ॥**

ਭਗਤ ਜਨਾਂ ਦੀ ਜੀਵਨ ਮਰਿਯਾਦਾ ਸੰਸਾਰ ਤੋਂ ਵੱਖਰੀ ਹੁੰਦੀ ਹੈ।

**ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥**

ਭਗਤਾਂ ਦੀ ਜੀਵਨ ਜੁਗਤ ਸੰਸਾਰੀਆਂ ਨਾਲੋਂ ਵੱਖਰੀ ਹੁੰਦੀ ਹੈ ਕਿਉਂਕਿ ਉਨ੍ਹਾਂ ਨੇ ਪ੍ਰਭੂ ਭਗਤੀ ਦੇ ਕਠਨ ਮਾਰਗ ਉੱਪਰ ਚੱਲਣਾ ਹੁੰਦਾ ਹੈ।

**ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥**

ਉਹ [1]ਲਬ-ਲੋਭ-ਹੰਕਾਰ ਦੇ ਤਿਆਗੀ ਬਣ ਕੇ ਘੱਟ ਬੋਲਦੇ ਹਨ।

**ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥**

ਪ੍ਰਭੂ ਭਗਤੀ ਦਾ ਮਾਰਗ ਖੰਡੇ ਦੀ ਧਾਰ ਨਾਲੋਂ ਤਿੱਖਾ ਤੇ ਵਾਲ ਨਾਲੋਂ ਵੀ ਬਰੀਕ ਹੈ।

**ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥**

ਗੁਰੂ ਦੀ ਮਿਹਰ ਨਾਲ ਜਿਨ੍ਹਾਂ ਨੇ ਆਪਾ-ਭਾਵ ਤਿਆਗ ਦਿੱਤਾ, ਉਨ੍ਹਾਂ ਦੀਆਂ ਸੰਸਾਰਿਕ ਖਾਹਿਸ਼ਾਂ ਖਤਮ ਹੋ ਗਈਆਂ ਤੇ ਹਰੀ ਦੇ ਨਾਮ ਦੀ ਵਾਸ਼ਨਾ ਉਨ੍ਹਾਂ ਦੇ ਅੰਦਰ ਸਮਾ ਗਈ।

**ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥**

ਸਤਿਗੁਰੂ ਫੁਰਮਾਨ ਕਰਦੇ ਹਨ ਕਿ ਆਤਮਿਕ ਪੈਂਡੇ ਦੇ ਪਾਂਧੀ, ਭਗਤਾਂ ਦੀ ਜੀਵਨ-ਜੁਗਤ ਹਰ ਜੁਗ ਵਿੱਚ ਨਿਵੇਕਲੀ ਰਹੀ ਹੈ।

**ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ**
**ਹੋਰੁ ਕਿਆ ਜਾਣਾ ਗੁਣ ਤੇਰੇ ॥**

ਹੇ ਮਾਲਕ! ਅਸੀਂ ਜੀਵ ਤੇਰੀਆਂ ਕਠਪੁਤਲੀਆਂ ਹਾਂ। ਜਿਵੇਂ ਤੂੰ

---

੧. ਖਾਣ ਦੇ ਚਸਕੇ

ਸਾਨੂੰ ਸੰਸਾਰ ਅੰਦਰ ਚਲਾਉਂਦਾ ਹੈਂ, ਤਿਵੇਂ ਅਸੀਂ ਚਲਦੇ ਹਾਂ। ਅਸੀਂ ਤੇਰੇ ਕੀਤੇ ਹੋਏ ਜੀਵ ਤੇਰੇ ਗੁਣਾਂ ਅਤੇ ਤੇਰੇ ਭੇਦਾਂ ਨੂੰ ਨਹੀਂ ਜਾਣਦੇ।

**ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ ॥**

ਅਸਲੀਅਤ ਇਹ ਹੀ ਹੈ ਕਿ ਜਿਵੇਂ ਪ੍ਰਭੂ ਜੀਵਾਂ ਨੂੰ ਚਲਾਉਂਦਾ ਹੈ, ਤਿਵੇਂ ਜੀਵ ਚਲਦੇ ਹਨ ਪਰ ਇਹ ਸੋਝੀ ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ ਜੋ ਅਧਿਆਤਮਿਕ ਪੈਂਡੇ ਦੇ ਪਾਂਧੀ ਬਣਦੇ ਹਨ।

**ਕਰਿ ਕਿਰਪਾ ਜਿਨ ਨਾਮਿ ਲਾਇਹਿ**
**ਸਿ ਹਰਿ ਹਰਿ ਸਦਾ ਧਿਆਵਹੇ ॥**

ਹੇ ਪ੍ਰਭੂ! ਜਿਨ੍ਹਾਂ ਨੂੰ ਤੂੰ ਮਿਹਰ ਕਰਕੇ ਨਾਮ ਨਾਲ ਜੋੜ ਦਿੰਦਾ ਹੈਂ, ਉਹ ਵਡਭਾਗੇ ਜੀਵ ਸਦਾ ਹੀ ਹਰੀ-ਨਾਮ ਦਾ ਚਿੰਤਨ ਕਰਦੇ ਹਨ।

**ਜਿਸ ਨੋ ਕਥਾ ਸੁਣਾਇਹਿ ਆਪਣੀ**
**ਸਿ ਗੁਰਦੁਆਰੈ ਸੁਖੁ ਪਾਵਹੇ ॥**

ਹੇ ਪ੍ਰਭੂ! ਜਿਸ ਮਨੁੱਖ ਨੂੰ ਤੂੰ ਆਪਣੀ ਸਿਫਤ-ਸਲਾਹ ਦੀ ਬਾਣੀ ਸੁਣਾਉਂਦਾ ਹੈਂ, ਉਹ ਗੁਰੂ ਦੇ ਦਰ ਪ੍ਰਵਾਨ ਹੋ ਕੇ ਸੁੱਖ ਮਾਣਦੇ ਹਨ।

**ਕਹੈ ਨਾਨਕੁ ਸਚੇ ਸਾਹਿਬ ਜਿਉ ਭਾਵੈ ਤਿਵੈ ਚਲਾਵਹੇ ॥੧੫॥**

ਸਤਿਗੁਰੂ ਫੁਰਮਾਨ ਕਰਦੇ ਹਨ, ਹੇ ਸੱਚੇ ਮਾਲਕ! ਜਿਵੇਂ ਤੈਨੂੰ ਚੰਗਾ ਲਗਦਾ ਹੈ, ਉਸੇ ਤਰ੍ਹਾਂ ਤੂੰ ਜੀਵਾਂ ਨੂੰ ਚਲਾਉਂਦਾ ਹੈਂ।

**ਏਹੁ ਸੋਹਿਲਾ ਸਬਦੁ ਸੁਹਾਵਾ ॥**

ਗੁਰੂ ਦਾ ਸੁਹਣਾ ਸ਼ਬਦ ਆਤਮਿਕ ਅਨੰਦ ਪ੍ਰਦਾਨ ਕਰਨ ਵਾਲਾ ਹੈ।

**ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ ॥**

ਯਕੀਨ ਕਰੋ, ਸਤਿਗੁਰੂ ਜੀ ਨੇ ਜੋ ਸ਼ਬਦ-ਸੋਹਿਲਾ ਸੁਣਾਇਆ ਹੈ, ਇਹ ਸਦੀਵੀਂ ਆਤਮਿਕ ਅਨੰਦ ਦਾ ਦਾਤਾ ਹੈ।

**ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ ॥**

ਇਹ ਆਤਮਿਕ ਅਨੰਦ ਦੇਣ ਵਾਲਾ ਗੁਰੂ-ਸ਼ਬਦ ਉਨ੍ਹਾਂ ਦੇ ਹਿਰਦੇ ਅੰਦਰ ਹੀ ਵਸਦਾ ਹੈ, ਜਿਨ੍ਹਾਂ ਦੇ ਮੱਥੇ ਤੇ ਧੁਰ ਦਰਗਾਹੋਂ ਲਿਖਿਆ ਹੁੰਦਾ ਹੈ।

**ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ ॥**

ਸੰਸਾਰ ਅੰਦਰ ਅਜਿਹੇ ਬੰਦੇ ਬਹੁਤ ਹਨ ਜਿਨ੍ਹਾਂ ਦੇ ਹਿਰਦੇ ਵਿੱਚ ਪ੍ਰਭੂ ਨਾਮ ਤਾਂ ਵਸਿਆ ਨਹੀਂ ਹੁੰਦਾ ਪਰ ਉਹ ਗੱਲਾਂ ਬਹੁਤ ਕਰਦੇ ਹਨ। ਯਾਦ ਰੱਖੋ! ਨਿਰੀਆਂ ਫੋਕੀਆਂ ਗੱਲਾਂ ਕਰਨ ਨਾਲ ਕਿਸੇ ਨੂੰ ਪ੍ਰਭੂ ਪ੍ਰਾਪਤੀ ਨਹੀਂ ਹੁੰਦੀ।

**ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ ॥੧੬॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਪ੍ਰਭੂ-ਜਸ ਦੀ ਬਾਣੀ ਸੰਸਾਰ ਅੰਦਰ ਸਤਿਗੁਰੂ ਜੀ ਨੇ ਹੀ ਸੁਣਾਈ ਹੈ।

**ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ ॥**

ਜਿਨ੍ਹਾਂ ਜਿਨ੍ਹਾਂ ਗੁਰੂ ਪਿਆਰਿਆਂ ਨੇ ਪਰਮਾਤਮਾ ਦੇ ਨਾਮ ਨੂੰ ਧਿਆਇਆ, ਉਨ੍ਹਾਂ ਦਾ ਅੰਤਸ਼ਕਰਣ ਪਵਿੱਤ੍ਰ ਹੋ ਗਿਆ।

**ਹਰਿ ਧਿਆਇਆ ਪਵਿਤੁ ਹੋਏ ਗੁਰਮੁਖਿ ਜਿਨੀ ਧਿਆਇਆ ॥**

ਜਿਨ੍ਹਾਂ ਨੇ ਗੁਰੂ ਵਾਲੇ ਬਣ ਕੇ ਹਰੀ ਨਾਮ ਦਾ ਅਰਾਧਨ ਕੀਤਾ, ਯਕੀਨ ਜਾਣੋ, ਉਹ ਅਵੱਸ਼ ਪਵਿੱਤ੍ਰ ਹੋ ਗਏ।

**ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ**
**ਪਵਿਤੁ ਸੰਗਤਿ ਸਬਾਈਆ ॥**

ਨਾਮ ਜਪ ਦੀ ਬਰਕਤ ਨਾਲ ਉਨ੍ਹਾਂ ਦੇ ਮਾਤਾ-ਪਿਤਾ, ਪਰਿਵਾਰ ਤੇ ਸਾਰੇ ਸੰਗੀ-ਸਾਥੀ ਵੀ ਪਵਿੱਤ੍ਰ ਹੋ ਗਏ।

**ਕਹਦੇ ਪਵਿਤੁ ਸੁਣਦੇ ਪਵਿਤੁ**

**ਸੇ ਪਵਿਤੁ ਜਿਨੀ ਮੰਨਿ ਵਸਾਇਆ ॥**

ਹਰੀ ਨਾਮ ਜਪਣ ਵਾਲੇ, ਹਰੀ ਨਾਮ ਸੁਣਨ ਵਾਲੇ ਤੇ ਮਨ ਵਿੱਚ ਵਸਾਉਣ ਵਾਲੇ ਸਭ ਪਵਿੱਤ੍ਰ ਹੋ ਗਏ।

**ਕਹੈ ਨਾਨਕੁ ਸੇ ਪਵਿਤੁ**
**ਜਿਨੀ ਗੁਰਮੁਖਿ ਹਰਿ ਹਰਿ ਧਿਆਇਆ ॥੧੭॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜਿਨ੍ਹਾਂ ਨੇ ਗੁਰੂ-ਸ਼ਰਣ ਪ੍ਰਾਪਤ ਕਰਕੇ ਹਰੀ ਨਾਮ ਦੀ ਘਾਲ ਕੀਤੀ, ਉਹ ਪਵਿੱਤ੍ਰ ਜੀਵਨ ਵਾਲੇ ਬਣ ਗਏ।੧੭।

**ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥**

ਹਉਮੈ ਅਧੀਨ ਕੀਤੇ ਕਰਮ-ਕਾਂਡਾਂ ਨਾਲ ਸਹਿਜ ਪ੍ਰਾਪਤ ਨਹੀਂ ਹੁੰਦਾ। ਆਤਮਿਕ ਗਿਆਨ ਤੋਂ ਬਿਨਾਂ ਜੀਵ ਦਾ ਅਗਿਆਨ ਭਰਮ ਦੂਰ ਨਹੀਂ ਹੁੰਦਾ।

**ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥**

ਇਹ ਅਗਿਆਨ ਭਰਮ ਕਿ ਪ੍ਰਕ੍ਰਿਤੀ ਹੀ ਅਨੰਦ ਦਾ ਸ੍ਰੋਤ ਹੈ, ਕਿਸੇ ਕਰਮ-ਕਾਂਡ ਨਾਲ ਦੂਰ ਨਹੀਂ ਹੁੰਦਾ। ਬਥੇਰੇ ਲੋਕ ਅਜਿਹੇ ਕਰਮ-ਕਾਂਡ ਕਰਕੇ ਹਾਰ-ਹੁੱਟ ਗਏ ਹਨ।

**ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥**

ਅਗਿਆਨ ਭਰਮ ਕਾਰਣ ਹੀ ਅੰਤਸ਼ਕਰਣ ਮੈਲਾ ਹੈ। ਕਿਸ ਢੰਗ ਤਰੀਕੇ ਨਾਲ ਅੰਤਸ਼ਕਰਣ ਨੂੰ ਪਵਿਤ੍ਰ ਕੀਤਾ ਜਾਵੇ?

**ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥**

ਸਤਿਗੁਰੂ ਉੱਤਰ ਦਿੰਦੇ ਹਨ ਕਿ ਜੇ ਮਨ ਨੂੰ ਧੋਣਾ ਹੈ, ਤਦ ਚਿੱਤ ਲਾ ਕੇ ਗੁਰੂ ਦੇ ਸ਼ਬਦ ਦੀ ਕਮਾਈ ਕਰੋ, ਸ਼ਬਦ ਨਾਲ ਜੁੜਨ ਦੀ ਬਰਕਤ ਨਾਲ ਮਨ ਪਵਿੱਤ੍ਰ ਹੋ ਜਾਵੇਗਾ।

**ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ**

## ਇਹੁ ਸਹਸਾ ਇਵ ਜਾਇ ॥੧੮॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ, ਗੁਰੂ ਦੀ ਕ੍ਰਿਪਾ ਨਾਲ ਸ਼ਬਦ ਦੀ ਕਮਾਈ ਕੀਤਿਆਂ ਆਤਮਿਕ ਸਹਿਜ ਪ੍ਰਾਪਤ ਹੋ ਜਾਂਦਾ ਹੈ ਤੇ ਅਗਿਆਨ ਭਰਮ ਖਤਮ ਹੋ ਜਾਂਦਾ ਹੈ।੧੮।

## ਜੀਅਹੁ ਮੈਲੇ ਬਾਹਰਹੁ ਨਿਰਮਲ ॥

ਕਈ ਮਨੁੱਖ ਮਨ ਕਰਕੇ ਅਤਿ ਮਲੀਨ ਹੁੰਦੇ ਹਨ ਪਰ ਬਾਹਰੋਂ ਵੇਖਣ ਨੂੰ ਅਤਿ ਨਿਰਮਲ ਭਾਸਦੇ ਹਨ।

## ਬਾਹਰਹੁ ਨਿਰਮਲ ਜੀਅਹੁ ਤ ਮੈਲੇ
## ਤਿਨੀ ਜਨਮੁ ਜੂਐ ਹਾਰਿਆ ॥

ਜੋ ਇਸ ਤਰ੍ਹਾਂ ਬਾਹਰੋਂ ਨਿਰਮਲ ਲੱਗਦੇ ਹਨ ਤੇ ਅੰਦਰੋਂ ਉਨ੍ਹਾਂ ਦੀ ਆਤਮਾ ਅਤਿ ਮਲੀਨ ਹੁੰਦੀ ਹੈ, ਅਜਿਹੇ ਬੰਦੇ ਆਪਣੇ ਅਮੋਲਕ ਮਨੁੱਖਾ ਜਨਮ ਦੀ ਬਾਜ਼ੀ ਨੂੰ ਜੁਆਰੀਏ ਵਾਂਗ ਹਾਰ ਕੇ ਜਾਂਦੇ ਹਨ।

## ਏਹ ਤਿਸਨਾ ਵਡਾ ਰੋਗੁ ਲਗਾ
## ਮਰਣੁ ਮਨਹੁ ਵਿਸਾਰਿਆ ॥

ਅਜਿਹੇ ਬੰਦਿਆਂ ਨੂੰ ਤ੍ਰਿਸਨਾਂ ਦਾ ਖਈ-ਰੋਗ ਲੱਗਿਆ ਹੁੰਦਾ ਹੈ, ਉਨ੍ਹਾਂ ਨੇ ਮੌਤ ਨੂੰ ਮੂਲੋਂ ਹੀ ਭੁਲਾ ਛੱਡਿਆ ਹੈ।

## ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ
## ਫਿਰਹਿ ਜਿਉ ਬੇਤਾਲਿਆ ॥

ਸਾਰੇ ਬੇਦ-ਸ਼ਾਸ਼ਤ੍ਰਾਂ ਰਾਹੀਂ ਨਾਮ ਨੂੰ ਹੀ ਮਹਾਨ ਦਰਸਾਇਆ ਹੈ ਪਰ ਉਹ ਇਸ ਤੱਤ ਦੀ ਗੱਲ ਨੂੰ ਸੁਣਦੇ ਹੀ ਨਹੀਂ ਤੇ ਭੂਤਨਿਆਂ ਵਾਂਗ ਸੰਸਾਰ ਅੰਦਰ ਵਿਚਰਦੇ ਹਨ।

## ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ

## ਤਿਨੀ ਜਨਮੁ ਜੂਐ ਹਾਰਿਆ ॥੧੯॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜਿਨ੍ਹਾਂ ਨੇ ਪਰਮਾਤਮਾ ਦੇ ਸੱਚੇ ਨਾਮ ਨੂੰ ਤਿਆਗ ਦਿੱਤਾ ਹੈ ਤੇ ਸੰਸਾਰ ਦੇ ਝੂਠੇ ਮੋਹ-ਮਾਇਆ ਦੇ ਜਾਲ ਵਿੱਚ ਫਸ ਗਏ ਹਨ, ਉਨ੍ਹਾਂ ਨੇ ਅਮੋਲਕ ਮਨੁੱਖਾ ਜਨਮ ਨੂੰ ਜੂਆਰੀਏ ਵਾਂਗ ਹਾਰ ਦਿੱਤਾ ਹੈ।੧੯।

## ਜੀਅਹੁ ਨਿਰਮਲ ਬਾਹਰਹੁ ਨਿਰਮਲ ॥

ਵਿਰਲੇ ਮਨੁੱਖ ਬਾਹਰੋਂ ਵੀ ਪਵਿੱਤ੍ਰ ਤੇ ਅੰਦਰੋਂ ਵੀ ਪਵਿੱਤ੍ਰ ਹੁੰਦੇ ਹਨ।

## ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥

ਅਜਿਹੇ ਅੰਦਰੋਂ ਬਾਹਰੋਂ ਪਵਿੱਤ੍ਰ ਮਨੁੱਖ ਸਤਿਗੁਰੂ ਦੀ ਦਰਸਾਈ ਕਾਰ ਹੀ ਹਮੇਸ਼ਾ ਕਰਦੇ ਹਨ।

## ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥

ਅਜਿਹੇ ਕਰਨੀ ਪ੍ਰਧਾਨ ਜਗਿਆਸੂਆਂ ਨੂੰ ਕੂੜ, ਸੰਕਲਪ ਮਾਤ੍ਰ ਵੀ ਨਹੀਂ ਛੂੰਹਦਾ। ਗੁਰੂ ਦਰਸਾਈ ਕਾਰ ਕਰਨ ਨਾਲ ਉਨ੍ਹਾਂ ਦੀਆਂ ਆਸਾ-ਮਨਸਾ ਖਤਮ ਹੋ ਜਾਂਦੀਆਂ ਹਨ।

## ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥

ਐਸੇ ਵਡਭਾਗੀ ਜੋ ਆਪਣੇ ਅਮੋਲਕ ਜੀਵਨ ਦਾ ਲਾਹਾ ਖੱਟ ਕੇ ਜਾਂਦੇ ਹਨ, ਪ੍ਰਭੂ ਦਰਗਾਹ ਅੰਦਰ ਉਹ ਸ੍ਰੇਸ਼ਟ ਵਣਜਾਰੇ ਮੰਨੇ ਜਾਂਦੇ ਹਨ।

## ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥੨੦॥

ਨਾਮ ਜੱਪ ਤੇ ਗੁਰੂ ਦਰਸਾਈ ਕਾਰ ਕਰਨ ਨਾਲ ਜਿਨ੍ਹਾਂ ਦਾ ਮਨ ਪਵਿੱਤ੍ਰ ਹੋ ਗਿਆ, ਉਹ ਹਮੇਸ਼ਾ ਗੁਰੂ ਚਰਨਾਂ ਨਾਲ ਜੁੜੇ ਰਹਿੰਦੇ ਹਨ।੨੦।

**ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥**

ਜੇ ਕੋਈ ਸਿਖ ਗੁਰੂ ਦਾ ਆਗਿਆਕਾਰੀ ਸੇਵਕ ਬਣਨਾ ਚਾਹਵੇ।

**ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥**

ਜੇ ਕੋਈ ਗੁਰੂ ਦਾ ਆਗਿਆਕਾਰੀ ਸਨਮੁਖ ਸੇਵਕ ਬਣਨਾ ਚਾਹਵੇ, ਉਹ ਬਨਾਵਟ ਛੱਡ ਕੇ ਹਮੇਸ਼ਾ ਹਿਰਦਿਉਂ ਗੁਰੂ ਨਾਲ ਜੁੜਿਆ ਰਹੇ।

**ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥**

ਗੁਰੂ ਦੇ ਸ਼ਬਦ ਨੂੰ ਹਿਰਦੇ ਵਿੱਚੋਂ ਪਿਆਰ ਨਾਲ ਧਿਆਵੇ ਤੇ ਉਸ ਨਾਮ ਨੂੰ ਆਪਣੇ ਅੰਦਰ ਸੰਭਾਲ ਕੇ ਰੱਖੇ (ਉਸ ਦੀ ਡੌਂਡੀ ਨਾ ਪਿੱਟੇ)

**ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥**

ਆਪਾ ਭਾਵ (ਹਉਮੈਂ) ਦਾ ਤਿਆਗ ਕਰਕੇ ਸਦਾ ਗੁਰੂ ਆਸ਼ਰਤ ਰਹੇ ਤੇ ਗੁਰੂ ਤੋਂ ਬਿਨਾਂ ਹੋਰ ਕਿਸੇ ਨੂੰ ਆਪਣਾ ਆਸਰਾ ਨਾ ਬਣਾਵੇ।

**ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥**

ਸਤਿਗੁਰੂ ਫੁਰਮਾਨ ਕਰਦੇ ਹਨ ਕਿ ਅਜਿਹੀ ਜੀਵਨ-ਜੁਗਤ ਦਾ ਧਾਰਨੀ ਹੀ ਸਨਮੁਖ ਸਿੱਖ ਕਹਿਲਾ ਸਕਦਾ ਹੈ।੨੧।

**ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥**

ਜੇ ਕੋਈ ਸਿੱਖ ਆਪਣੇ ਗੁਰੂ ਤੋਂ ਬੇਮੁੱਖ ਹੋ ਜਾਵੇ, ਯਾਦ ਰੱਖੋ ! ਅਜਿਹੇ ਬੇਮੁੱਖ ਦੀ ਮੁੜ ਸਤਿਗੁਰੂ ਸ਼ਰਣ ਤੋਂ ਬਿਨਾਂ ਬੰਦ-ਖਲਾਸੀ ਨਹੀਂ ਹੋ ਸਕਦੀ।

**ਪਾਵੈ ਮੁਕਤਿ ਨ ਹੋਰਥੈ ਕੋਈ ਪੁਛਹੁ ਬਿਬੇਕੀਆ ਜਾਏ ॥**

ਬੇਸ਼ਕ ਵਿਚਾਰਵਾਨ ਬਿਬੇਕ ਬੁੱਧੀ ਵਾਲਿਆਂ ਪਾਸੋਂ ਪੁੱਛ ਕੇ ਤਸੱਲੀ ਕਰ ਲਵੋ, ਉਸ ਬੇਮੁੱਖ ਦੀ ਬੰਦ-ਖਲਾਸੀ ਗੁਰੂ ਤੋਂ ਬਿਨਾਂ ਨਹੀਂ ਹੋ ਸਕਦੀ।

**ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥**

ਬੇਮੁੱਖ ਮਨੁੱਖ ਅਗਿਆਨਤਾ ਕਾਰਨ ਅਨੇਕਾਂ ਜੂਨਾਂ ਵਿੱਚ ਭਟਕਦਾ

ਰਹਿੰਦਾ ਹੈ ਪਰ ਸਤਿਗੁਰੂ ਦੀ ਸ਼ਰਣ ਪ੍ਰਾਪਤ ਕੀਤੇ ਬਗੈਰ ਮਾਇਕੀ ਬੰਧਨਾਂ ਤੋਂ ਉਸ ਦੀ ਖਲਾਸੀ ਨਹੀਂ ਹੋ ਸਕਦੀ।

**ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥**

ਜਿਸ ਵੇਲੇ ਉਹ ਗੁਰੂ ਚਰਨਾਂ ਨਾਲ ਜੁੜ ਜਾਂਦਾ ਹੈ, ਸਤਿਗੁਰੂ ਨਾਮ ਦੀ ਦਾਤ ਬਖਸ਼ਿਸ਼ ਕਰਕੇ ਉਸ ਦੀ ਬੰਦ-ਖਲਾਸੀ ਕਰ ਦਿੰਦੇ ਹਨ।

**ਕਹੈ ਨਾਨਕੁ ਵੀਚਾਰਿ ਦੇਖਹੁ**
**ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥**

ਸਤਿਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਦੁਨੀਆਂ ਦੇ ਲੋਕੋ! ਚੰਗੀ ਤਰ੍ਹਾਂ ਵੀਚਾਰ ਕਰਕੇ ਵੇਖ ਲਵੋ। ਸਤਿਗੁਰੂ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੋਣੀ।੨੨।

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥**

ਸਤਿਗੁਰੂ ਦੇ ਪਿਆਰੇ ਸਿੱਖੋ! ਸਤਿਸੰਗਤ ਵਿੱਚ ਆਵੋ ਤੇ ਧੁਰ ਦਰਗਾਹੀ ਸੱਚੀ ਬਾਣੀ ਨੂੰ ਰਲ ਮਿਲ ਕੇ ਗਾਵੋ।

**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥**

ਆਪਣੇ ਗੁਰੂ ਦੀ ਬਾਣੀ ਨੂੰ ਪਿਆਰ ਸਹਿਤ ਗਾਵੋ ਕਿਉਂਕਿ ਇਹ ਬਾਣੀ ਸਾਰੀਆਂ ਬਾਣੀਆਂ ਵਿੱਚੋਂ ਸਿਰਮੌਰ ਬਾਣੀ ਹੈ।

**ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥**

ਜਿਨ੍ਹਾਂ ਜੀਵਾਂ ਉੱਪਰ ਪਰਮਾਤਮਾ ਦੀ ਮਿਹਰ ਹੋ ਜਾਂਦੀ ਹੈ। ਇਹ ਬਾਣੀ ਉਨ੍ਹਾਂ ਦੇ ਧੁਰ ਹਿਰਦੇ ਵਿੱਚ ਘਰ ਕਰ ਜਾਂਦੀ ਹੈ।

**ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ**
**ਜਪਿਹੁ ਸਾਰਿਗਪਾਣੀ ॥**

ਗੁਰਬਾਣੀ ਅੰਦਰ ਜੋ ਪ੍ਰਭੂ ਦੀ ਸਿਫਤ-ਸਲਾਹ ਦਾ ਅੰਮ੍ਰਿਤ ਹੈ, ਉਸ

ਨੂੰ ਪੀਵੋ ਤੇ ਸਦਾ ਆਪਣੀ ਆਤਮਾ ਨੂੰ ਹਰੀ ਨਾਮ ਦੀ ਰੰਗਣ ਵਿੱਚ ਰੰਗੀ ਰੱਖੋ ਤੇ ਪਰਮਾਤਮਾ ਨੂੰ ਨਿਰੰਤਰ ਜਪਦੇ ਰਹੋ।

**ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥੨੩॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਇਹ ਸੱਚੀ ਬਾਣੀ ਸੱਚ ਵਿੱਚ ਸਮਾਉਣ ਦੀ ਸਮਰੱਥਾ ਰੱਖਦੀ ਹੈ, ਇਸ ਨੂੰ ਜੀਵਨ ਪ੍ਰਯੰਤ ਗਾਉਂਦੇ ਰਹੋ।੨੩।

**ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥**

ਸਤਿਗੁਰੂ ਜੀ ਦੀ ਉਚਾਰਨ ਤੇ ਪ੍ਰਵਾਣਤ ਕੀਤੀ ਬਾਣੀ ਤੋਂ ਬਿਨਾਂ ਹੋਰ ਬਾਣੀ ਕੱਚੀ (ਕੱਚ ਦੇ ਸਮਾਨ) ਹੈ।

**ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥**

ਨਿਸ਼ਚਾ ਕਰਕੇ ਜਾਣੋ, ਸਤਿਗੁਰੂ ਜੀ ਦੀ ਉਚਾਰਨ ਤੇ ਪ੍ਰਵਾਣਤ ਕੀਤੀ ਬਾਣੀ ਤੋਂ ਬਿਨਾਂ ਹੋਰ ਸਾਰੀ ਬਾਣੀ ਮਨ ਨੂੰ ਥਿੜਕਾ ਦੇਣ ਵਾਲੀ ਕੱਚੀ ਬਾਣੀ ਹੈ।

**ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥**

ਕੱਚੀ ਬਾਣੀ ਨੂੰ ਕਥਨ ਕਰਨ ਵਾਲੇ ਵੀ ਕੱਚੇ, ਸੁਣਨ ਵਾਲੇ ਵੀ ਕੱਚ ਦੇ ਵਪਾਰੀ ਹਨ ਕਿਉਂਕਿ ਇਹ ਕੱਚਿਆਂ ਦੇ ਮੂੰਹ ਚੋਂ ਉਚਾਰਨ ਹੋਈ ਹੈ।

**ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥**

ਅਜਿਹੇ ਕੱਚ ਦੇ ਵਪਾਰੀ ਕਈ ਵਾਰ ਨਿੱਤ ਹੀ ਰਸਨਾ ਨਾਲ ਹਰੀ ਨਾਮ ਬੋਲਦੇ ਹਨ ਪਰ ਉਨ੍ਹਾਂ ਦਾ ਬੋਲਣਾ ਕੇਵਲ ਰਸਨਾ ਤੱਕ ਹੀ ਹੁੰਦਾ ਹੈ।ਉਹ ਪ੍ਰਭੂ ਨਾਮ ਨੂੰ ਅੰਦਰ ਨਹੀਂ ਧਾਰਨ ਕਰਦੇ।

**ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥**

ਜਿਨ੍ਹਾਂ ਮਨੁੱਖਾਂ ਦਾ ਚਿੱਤ ਮਾਇਆ ਨੇ ਚੁਰਾ ਲਿਆ ਹੈ, ਉਹ ਵਿਅਰਥ ਹੀ ਰਵਾ-ਰਵੀਂ ਬੋਲੀ ਜਾਂਦੇ ਹਨ।

**ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਸਤਿਗੁਰੂ ਜੀ ਦੀ ਉਚਾਰਨ ਤੇ ਪ੍ਰਵਾਣਤ ਕੀਤੀ ਬਾਣੀ ਤੋਂ ਬਿਨਾਂ ਹੋਰ ਬਾਣੀ ਕੱਚੀ ਹੈ।੨੪।

**ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥**

ਗੁਰੂ ਦਾ ਸ਼ਬਦ-ਉਪਦੇਸ਼ ਰਤਨ ਸਮਾਨ ਅਮੋਲਕ ਹੈ ਜੋ ਪਰਮਾਤਮਾ ਦੇ ਨਾਮ ਅਤੇ ਪ੍ਰਭੂ ਸਿਫਤ-ਸਲਾਹ ਹੀਰਿਆਂ ਨਾਲ ਜੜਿਆ ਪਇਆ ਹੈ।

**ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥**

ਜੋ, ਸ਼ਬਦ-ਉਪਦੇਸ਼ ਰਤਨ ਨਾਲ ਜੁੜਦਾ ਹੈ। ਉਸਦਾ ਮਨ ਪਰਮਾਤਮਾ ਦੀ ਯਾਦ ਵਿੱਚ [1]ਤਦਾਕਾਰ ਹੋ ਜਾਂਦਾ ਹੈ। ਇਹ ਤਦਾਕਾਰਤਾ ਹੀ ਪ੍ਰਭੂ ਵਿੱਚ ਸਮਾਈ ਪ੍ਰਦਾਨ ਕਰ ਦਿੰਦੀ ਹੈ।

**ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥**

ਜਿਸ ਦਾ ਮਨ ਸ਼ਬਦ-ਉਪਦੇਸ਼ ਨਾਲ ਤਦਾਕਾਰ ਹੋ ਗਿਆ, ਉਸ ਦੇ ਹਿਰਦੇ ਵਿੱਚ ਸੱਚੇ ਪਰਮਾਤਮਾ ਦਾ ਪਿਆਰ ਉਤਪੰਨ ਹੋ ਜਾਂਦਾ ਹੈ।

**ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥**

ਪ੍ਰਭੂ ਆਪ ਹੀ ਸ਼ਬਦ ਉਪਦੇਸ਼ ਹੀਰਾ ਹੈ ਤੇ ਆਪ ਹੀ ਨਾਮ ਰੂਪੀ ਰਤਨ ਹੈ ਪਰ ਇਹ ਸੋਝੀ ਉਸ ਨੂੰ ਪ੍ਰਾਪਤ ਹੁੰਦੀ ਹੈ,ਜਿਸ ਨੂੰ ਪ੍ਰਭੂ ਇਹ ਸੂਝ ਬਖਸ਼ਿਸ਼ ਕਰ ਦੇਵੇ।

**ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਗੁਰੂ ਦਾ ਸ਼ਬਦ ਮਾਨੋ ਇੱਕ ਰਤਨ ਹੈ। ਇਸ ਸ਼ਬਦ ਵਿੱਚ ਨਾਮ ਰੂਪੀ ਹੀਰਾ ਜੜਿਆ ਹੋਇਆ ਹੈ।੨੫।

**ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥**

ਪਰਮਾਤਮਾ ਨੇ ਆਪ ਹੀ ਜੀਵ ਆਤਮਾ ਤੇ ਮਾਇਆ ਨੂੰ ਪੈਦਾ ਕੀਤਾ

੧. ਉਸੇ ਦਾ ਰੂਪ

ਹੈ ਤੇ ਆਪ ਹੀ ਇਨ੍ਹਾਂ ਉੱਪਰ ਹੁਕਮ ਚਲਾ ਰਿਹਾ ਹੈ।

**ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥**

ਆਪਣੇ ਵਰਤਦੇ ਹੁਕਮ ਦੀ ਖੇਡ ਨੂੰ ਪ੍ਰਭੂ ਆਪ ਹੀ ਵੇਖਦਾ ਹੈ ਪਰ ਇਸ ਖੇਡ ਦੀ ਸੋਝੀ ਕਿਸੇ ਵਿਰਲੇ ਗੁਰਮੁੱਖ ਨੂੰ ਹੀ ਪੈਂਦੀ ਹੈ।

**ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥**

ਜਿਸ ਨੂੰ ਆਪੇ-ਆਪ ਦੇ ਖੇਡ ਦੀ ਸੋਝੀ ਹੋ ਜਾਂਦੀ ਹੈ, ਉਸ ਦੇ ਹਿਰਦੇ ਵਿੱਚ ਗੁਰੂ ਦਾ ਸ਼ਬਦ ਵੱਸ ਜਾਂਦਾ ਹੈ ਤੇ ਉਹ ਮਾਇਕੀ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ।

**ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥**

ਜਿਸ ਉੱਪਰ ਪਰਮਾਤਮਾ ਮਿਹਰ ਕਰਦਾ ਹੈ, ਉਹ ਗੁਰਮੁੱਖ ਬਣ ਕੇ ਪਰਮਾਤਮਾ ਦੇ ਨਾਮ ਵਿੱਚ ਆਪਣੀ ਲਿਵ ਲਾ ਲੈਂਦਾ ਹੈ।

**ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੯॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਪਰਮਾਤਮਾ ਹੀ ਸਭ ਕਾਸੇ ਦਾ ਕਰਤਾ ਹੈ। ਇਸ ਵਰਤ ਰਹੇ ਹੁਕਮ ਦੀ ਕਿਸੇ ਕਿਸੇ ਨੂੰ ਸੂਝ ਬਖਸ਼ਦਾ ਹੈ।੨੯।

**ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥**

ਸਿਮ੍ਰਤੀਆਂ ਤੇ ਸ਼ਾਸ਼ਤਰ, ਕੇਵਲ ਪੁੰਨ ਕੀ ਹੈ ਤੇ ਪਾਪ ਕੀ ਹੈ, ਐਸੇ ਕਰਮਾਂ ਦੀ ਵੀਚਾਰ ਤੇ ਵਖਿਆਣ ਹੀ ਕਰਦੇ ਹਨ। ਉਨ੍ਹਾਂ ਨੂੰ ਤੱਤ ਸਾਰ ਆਤਮਿਕ ਅਨੰਦ ਦੀ ਸਾਰ ਨਹੀਂ।

**ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥**

ਤੱਤ ਵਸਤੂ ਨਾਮ ਤੇ ਆਤਮਿਕ ਅਨੰਦ ਦੀ ਸੂਝ ਗੁਰੂ ਤੋਂ ਬਿਨਾਂ ਨਹੀਂ ਜਾਣੀ ਜਾ ਸਕਦੀ।

**ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥**

ਸਾਰਾ ਸੰਸਾਰ ਰਜੋ-ਤਮੋ-ਸਤੋ ਗੁਣਾਂ ਦੀ ਗੂੜ੍ਹੀ ਨੀਂਦ ਵਿੱਚ ਸੁੱਤਾ ਪਿਆ ਹੈ। ਇਸੇ ਗ਼ਫ਼ਲਤ ਵਿੱਚ ਹੀ ਮਨੁੱਖ ਦੀ ਉਮਰ ਬਤੀਤ ਹੋ ਜਾਂਦੀ ਹੈ।

**ਗੁਰ ਕਿਰਪਾ ਤੇ ਸੇ ਜਨ ਜਾਗੇ**
**ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥**

ਗੁਰੂ ਕਿਰਪਾ ਨਾਲ ਜਿਨ੍ਹਾਂ ਦੇ ਹਿਰਦੇ ਵਿੱਚ ਪ੍ਰਭੂ ਦਾ ਨਾਮ ਵੱਸ ਜਾਂਦਾ ਹੈ, ਉਹ ਤ੍ਰਿਗੁਣੀ ਮਾਇਆ ਦੇ ਪ੍ਰਭਾਵ ਤੋਂ ਸੁਚੇਤ ਹੋ ਜਾਂਦੇ ਹਨ ਤੇ ਹਮੇਸ਼ਾ ਅੰਮ੍ਰਿਤ ਰੂਪੀ ਰੱਬੀ ਬਾਣੀ ਦਾ ਉਚਾਰਨ ਕਰਦੇ ਰਹਿੰਦੇ ਹਨ।

**ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ**
**ਜਾਗਤ ਰੈਣਿ ਵਿਹਾਣੀ ॥੨੭॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜਿਨ੍ਹਾਂ ਵਡਭਾਗੀਆਂ ਨੇ ਤੱਤ ਵਸਤੂ ਨਾਮ ਦੀ ਕਮਾਈ ਕੀਤੀ, ਜਿੱਥੇ ਉਹ ਤ੍ਰਿਗੁਣੀ ਮਾਇਆ ਦੇ ਪ੍ਰਭਾਵ ਤੋਂ ਜਾਗ ਪੈਂਦੇ ਹਨ, ਉਥੇ ਉਹ ਦਿਨ-ਰਾਤ ਪ੍ਰਭੂ ਨਾਲ ਆਪਣੀ ਲਿਵ ਜੋੜ ਕੇ ਆਪਣੀ ਆਰਜਾ ਸਫਲਾ ਕਰਦੇ ਹਨ।੨੭।

**ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ**
**ਸੋ ਕਿਉ ਮਨਹੁ ਵਿਸਾਰੀਐ ॥**

ਹੇ ਜੀਵ! ਜੋ ਪਰਮਾਤਮਾ ਮਾਤਾ ਦੇ ਗਰਭ ਵਿੱਚ ਪਾਲਣਾ ਕਰਦਾ ਹੈ, ਐਸੇ ਪਰਮਾਤਮਾ ਨੂੰ ਮਨ ਵਿੱਚੋਂ ਕਿਉਂ ਭੁਲਾਉਂਦਾ ਹੈਂ?

**ਮਨਹੁ ਕਿਉ ਵਿਸਾਰੀਐ ਏਵਡੁ ਦਾਤਾ**
**ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥**

ਐਸੇ ਵੱਡੇ ਦਾਤੇ ਨੂੰ ਮਨ ਵਿੱਚੋਂ ਨਹੀਂ ਵਿਸਾਰਨਾ ਚਾਹੀਦਾ, ਜਿਹੜਾ ਮਾਤਾ

ਦੇ ਪੇਟ ਦੀ ਜਠਰ-ਅਗਨੀ ਵਿੱਚ ਵੀ ਜੀਵ ਨੂੰ ਰਿਜ਼ਕ ਪਹੁੰਚਾਉਂਦਾ ਹੈ।

**ਓਸ ਨੋ ਕਿਹੁ ਪੋਹਿ ਨ ਸਕੀ**
**ਜਿਸ ਨਉ ਆਪਣੀ ਲਿਵ ਲਾਵਏ ॥**

ਜਿਸ ਗੁਰਮੁੱਖ ਨੂੰ ਪਰਮਾਤਮਾ ਆਪਣੀ ਲਿਵ ਬਖਸ਼ਿਸ਼ ਕਰ ਦਿੰਦਾ ਹੈ ਉਸ ਨੂੰ ਨਾ ਮਾਇਆ ਤੇ ਨਾ ਹੀ ਕੋਈ ਦੁੱਖ-ਕਲੇਸ਼ ਪੋਹ ਸਕਦਾ ਹੈ।

**ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ ॥**

ਲਿਵ ਦੀ ਦਾਤ ਪਰਮਾਤਮਾ ਆਪ ਹੀ ਬਖਸ਼ਿਸ਼ ਕਰਦਾ ਹੈ। ਜੀਵ ਨੂੰ ਗੁਰੂ ਸ਼ਰਣ ਗ੍ਰਹਿਣ ਕਰਕੇ ਸਦਾ ਉਸ ਨੂੰ ਸਿਮਰਦੇ ਰਹਿਣਾ ਚਾਹੀਦਾ ਹੈ।

**ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ ॥੨੮॥**

ਸਤਿਗੁਰੂ ਸਾਨੂੰ ਜੀਵਾਂ ਨੂੰ, ਫਿਰ ਦੁਬਾਰਾ ਸੁਚੇਤ ਕਰਦੇ ਹਨ ਕਿ ਅਜਿਹੇ ਮਹਾਨ ਦਾਤੇ ਨੂੰ ਕਦੇ ਵੀ ਮਨ ਚੋਂ ਨਹੀਂ ਭੁਲਾਉਣਾ ਚਾਹੀਦਾ।੨੮।

**ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥**

ਜਿਹੋ ਜਿਹੀ ਮਾਤਾ ਦੇ ਪੇਟ ਵਿੱਚ ਜਠਰ-ਅਗਨੀ ਹੈ, ਤਿਵੇਂ ਹੀ ਸੰਸਾਰ ਅੰਦਰ ਮਾਇਆ ਅਗਨੀ ਹੈ।

**ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥**

ਮਾਇਆ ਤੇ ਮਾਤਾ ਦੇ ਉਦਰ ਦੀ ਅਗਨੀ ਪਰਮਾਤਮਾ ਨੇ ਇੱਕੋ ਜਿਹੇ ਬਣਾਏ ਹਨ। ਇਹ ਕਰਤਾ ਪੁਰਖ ਦਾ ਆਪਣਾ ਖੇਡ (ਤਮਾਸ਼ਾ) ਹੈ।

**ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥**

ਜਦੋਂ ਪਰਮਾਤਮਾ ਦੀ ਰਜ਼ਾ ਹੁੰਦੀ ਹੈ, ਤਦੋਂ ਜੀਵ ਸੰਸਾਰ ਵਿੱਚ ਜਨਮ ਲੈਂਦਾ ਹੈ। ਨਵਾਂ ਜਨਮਿਆ ਜੀਵ ਪਰਵਾਰ ਨੂੰ ਬੜਾ ਚੰਗਾ ਲੱਗਦਾ ਹੈ।

**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥**

ਜੀਵ ਦੇ ਸੰਸਾਰ ਅੰਦਰ ਜਨਮ ਲੈਂਦੇ ਸਾਰ ਪਰਮਾਤਮਾ ਨਾਲ ਜੁੜੀ ਲਿਵ ਟੁੱਟ ਜਾਂਦੀ ਹੈ। ਜਿਸ ਕਰਕੇ ਜੀਵ ਤੇ ਮਾਇਆ ਦਾ ਪ੍ਰਭਾਵ ਹਾਵੀ ਹੋ ਜਾਂਦਾ ਹੈ।

**ਏਹ ਮਾਇਆ ਜਿਤੁ ਹਰਿ ਵਿਸਰੈ**
**ਮੋਹੁ ਉਪਜੈ ਭਾਉ ਦੂਜਾ ਲਾਇਆ ॥**

ਉਹ ਸਭ ਕੁਝ ਮਾਇਆ ਹੀ ਹੈ ਜਿਸ ਦੇ ਕਾਰਨ ਜੀਵ ਨੂੰ ਪਰਮਾਤਮਾ ਦੀ ਹੋਂਦ ਭੁੱਲ ਜਾਵੇ, ਪਦਾਰਥਾਂ ਨਾਲ ਮੋਹ ਪੈ ਜਾਵੇ ਤੇ ਹਿਰਦੇ ਵਿੱਚ ਦਵੈਤ ਪੈਦਾ ਹੋ ਜਾਵੇ।

**ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ**
**ਤਿਨੀ ਵਿਚੇ ਮਾਇਆ ਪਾਇਆ ॥੨੯॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਗੁਰੂ ਦੀ ਕਿਰਪਾ ਨਾਲ ਜਿਸ ਦੀ ਲਿਵ ਮੁੜ ਪਰਮਾਤਮਾ ਨਾਲ ਜੁੜ ਜਾਂਦੀ ਹੈ, ਉਹ ਸੰਸਾਰ ਦੀ ਮਾਇਆ ਵਿੱਚ ਵਿਚਰਦਾ ਆਪਣੇ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ।੨੯।

**ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ ॥**

ਪਰਮਾਤਮਾ ਆਪ ਅਮੁੱਲ ਹੈ। ਉਸ ਨੂੰ ਕਿਸੇ ਮੁੱਲ (ਕੀਮਤ) ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

**ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ਰਹੇ ਲੋਕ ਵਿਲਲਾਇ ॥**

ਪਰਮਾਤਮਾ ਕਿਸੇ ਧਨ-ਸੰਪਦਾ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਮੁੱਲ ਨਾਲ ਪਰਮਾਤਮਾ ਖਰੀਦਣ ਵਾਲੇ ਮਨੁੱਖ, ਵਿਲਕਦੇ ਇਸ ਸੰਸਾਰ ਤੋਂ ਖਪ-ਟੁੱਟ ਕੇ ਚਲੇ ਗਏ।

**ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ**
**ਵਿਚਹੁ ਆਪੁ ਜਾਇ ॥**

ਜੇ ਭਾਗਾਂ ਨਾਲ ਅਜਿਹਾ ਸਤਿਗੁਰੂ ਮਿਲ ਜਾਵੇ, ਜਿਸ ਨੂੰ ਮਿਲਣ ਨਾਲ

ਹਿਰਦੇ ਅੰਦਰੋਂ ਆਪਾ ਭਾਵ ਖਤਮ ਹੋ ਜਾਵੇ, ਅਜਿਹੇ ਸਤਿਗੁਰੂ ਨੂੰ ਆਪਣਾ ਸਿਰ ਭੇਟ ਕਰ ਦੇਣਾ ਚਾਹੀਦਾ ਹੈ।

**ਜਿਸ ਦਾ ਜੀਉ ਤਿਸੁ ਮਿਲਿ ਰਹੈ ਹਰਿ ਵਸੈ ਮਨਿ ਆਇ ॥**

ਫਿਰ ਇਹ ਜੀਵ ਆਤਮਾ ਜੋ ਪਰਮ ਆਤਮਾ ਦੀ ਅੰਸ਼ ਹੈ, ਪ੍ਰਭੂ ਨਾਲ ਜੁੜ ਜਾਂਦੀ ਹੈ ਤੇ ਪਰਮਾਤਮਾ ਉਸ ਜੀਵ ਦੇ ਹਿਰਦੇ ਵਿੱਚ ਵਸ ਜਾਂਦਾ ਹੈ।

**ਹਰਿ ਆਪਿ ਅਮੁਲਕੁ ਹੈ**

**ਭਾਗ ਤਿਨਾ ਕੇ ਨਾਨਕਾ ਜਿਨ ਹਰਿ ਪਲੈ ਪਾਇ ॥੩੦॥**

ਪਰਮਾਤਮਾ ਆਪ ਅਮੁੱਲ ਹੈ, ਉਹ ਵਡਭਾਗੀ ਹਨ ਜਿਨ੍ਹਾਂ ਦੇ ਹਿਰਦੇ ਵਿੱਚ ਗੁਰੂ ਦੀ ਕਿਰਪਾ ਨਾਲ ਪਰਮਾਤਮਾ ਸਾਮਰਤੱਖ ਹੋ ਜਾਂਦਾ ਹੈ।੩੦।

**ਹਰਿ ਰਾਸਿ ਮੇਰੀ ਮਨੁ ਵਣਜਾਰਾ ॥**

ਹਰੀ ਨਾਮ ਮੇਰੀ ਰਾਸ-ਪੂੰਜੀ ਹੈ, ਇਸ ਪੂੰਜੀ ਨੂੰ ਖ਼੍ਰੀਦਣ ਲਈ ਮੇਰਾ ਮਨ ਹੁਣ ਵਪਾਰੀ ਬਣ ਗਿਆ ਹੈ।

**ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ ॥**

ਹਰੀ ਦਾ ਨਾਮ ਮੇਰੀ ਰਾਸ ਪੂੰਜੀ ਹੈ ਤੇ ਮੇਰਾ ਮਨ ਇਸ ਰਾਸ ਨੂੰ ਖ਼੍ਰੀਦਣ ਲਈ ਵਪਾਰੀ ਬਣ ਗਿਆ ਹੈ। ਇਸ ਨਾਮ ਰਾਸ ਦੀ ਕੀਮਤ ਦਾ ਮੈਨੂੰ ਗੁਰੂ ਤੋਂ ਪਤਾ ਚੱਲਿਆ।

**ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ ॥**

ਹੇ ਜੀਵੋ! ਤੁਸੀਂ ਭੀ ਨਿੱਤ ਹੀ ਪਰਮਾਤਮਾ ਦਾ ਨਾਮ ਜੱਪੋ। ਇਸ ਤਰ੍ਹਾਂ ਤੁਸੀਂ ਆਪਣੇ ਜੀਵਨ ਦੀਆਂ ਦਿਹਾੜੀਆਂ ਦਾ ਅਸਲੀ ਲਾਹਾ ਖੱਟ ਜਾਵੋਗੇ।

**ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ ॥**

ਜੋ ਪ੍ਰਭੂ ਨੂੰ ਭਾਅ ਗਏ, ਉਨ੍ਹਾਂ ਨੂੰ ਹੀ ਹਰੀ ਦੇ ਨਾਮ ਦਾ ਧਨ ਪ੍ਰਾਪਤ ਹੋਇਆ।

**ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ ॥੩੧॥**

ਸਤਿਗੁਰੂ ਫੁਰਮਾਨ ਕਰਦੇ ਹਨ, ਹਰੀ ਦਾ ਨਾਮ ਹੀ ਮੇਰੀ ਰਾਸ-ਪੂੰਜੀ ਹੈ। ਇਸ ਪੂੰਜੀ ਨੂੰ ਖ਼੍ਰੀਦਣ ਲਈ ਮੇਰਾ ਮਨ ਵਪਾਰੀ ਬਣ ਗਿਆ ਹੈ।੩੧।

**ਏ ਰਸਨਾ ਤੂ ਅਨ ਰਸਿ ਰਾਚਿ ਰਹੀ**
**ਤੇਰੀ ਪਿਆਸ ਨ ਜਾਇ ॥**

ਹੇ ਮੇਰੀ ਜਿਹਵਾ! ਤੂੰ ਹੋਰ ਹੋਰ ਮਾਇਕੀ ਰਸਾਂ ਵਿੱਚ ਪ੍ਰਵਿਰਤ ਹੈਂ। ਇਨ੍ਹਾਂ ਰਸਾਂ ਨਾਲ ਤੇਰੀ ਪਿਆਸ ਦੂਰ ਨਹੀਂ ਹੋਣੀ।

**ਪਿਆਸ ਨ ਜਾਇ ਹੋਰਤੁ ਕਿਤੈ**
**ਜਿਚਰੁ ਹਰਿ ਰਸੁ ਪਲੈ ਨ ਪਾਇ ॥**

ਹੇ ਜੀਭ! ਤੂੰ ਨਿਸ਼ਚੇ ਕਰ ਜਾਣ, ਹੋਰ ਹੋਰ ਰਸਾਂ ਨਾਲ ਤੇਰੀ ਪਿਆਸ-ਭਟਕਣਾਂ ਦੂਰ ਨਹੀਂ ਹੋਣੀ। ਜਿੰਨਾਂ ਚਿਰ ਪਰਮਾਤਮਾ ਦੇ ਨਾਮ ਦਾ ਰਸ ਤੈਨੂੰ ਪ੍ਰਾਪਤ ਨਹੀਂ ਹੁੰਦਾ।

**ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ**
**ਬਹੁੜਿ ਨ ਤ੍ਰਿਸਨਾ ਲਾਗੈ ਆਇ ॥**

ਜਿਸ ਮਨੁੱਖ ਨੂੰ ਨਾਮ ਦਾ ਰਸ ਪ੍ਰਾਪਤ ਹੋ ਜਾਂਦਾ ਹੈ, ਉਹ ਹਰ ਪ੍ਰਕਾਰ ਨਾਲ ਅਨੰਦਤ ਹੋ ਜਾਂਦਾ ਹੈ। ਉਸ ਨੂੰ ਮੁੜ ਮਾਇਆ ਦੀ ਹੜਬੱਸ ਤੰਗ ਨਹੀਂ ਕਰਦੀ।

**ਏਹੁ ਹਰਿ ਰਸੁ ਕਰਮੀ ਪਾਈਐ**
**ਸਤਿਗੁਰੁ ਮਿਲੈ ਜਿਸੁ ਆਇ ॥**

ਹਰੀ ਦੇ ਨਾਮ ਦਾ ਰਸ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ, ਇਹ ਨਾਮ ਰਸ

ਉਸ ਨੂੰ ਮਿਲਦਾ ਹੈ,ਜਿਸ ਨੂੰ ਪੂਰੇ ਗੁਰੂ ਦਾ ਮਿਲਾਪ ਪ੍ਰਾਪਤ ਹੋ ਜਾਂਦਾ ਹੈ।

**ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ**
**ਜਾ ਹਰਿ ਵਸੈ ਮਨਿ ਆਇ ॥੩੨॥**

ਸਤਿਗੁਰੂ ਗੁੜ੍ਹਤੀ ਦਿੰਦੇ ਹਨ ਜਦੋਂ ਜਗਿਆਸੂ ਨੂੰ ਨਾਮ ਦਾ ਰਸ ਪ੍ਰਾਪਤ ਹੋ ਜਾਂਦਾ ਹੈ, ਤਦੋਂ ਮਾਇਆ ਦੇ ਅਨਿਕ ਪ੍ਰਕਾਰੀ ਰਸ ਸਭ ਵਿਸਰ ਜਾਂਦੇ ਹਨ।੩੨।

**ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ**
**ਤਾ ਤੂ ਜਗ ਮਹਿ ਆਇਆ ॥**

ਹੇ ਮੇਰੇ ਸਰੀਰ! ਜਦੋਂ ਪਰਮਾਤਮਾ ਨੇ ਤੇਰੇ ਅੰਦਰ ਆਪਣੀ ਜੋਤ ਰੱਖੀ ਤਾਂ ਤੂੰ ਇਸ ਸੰਸਾਰ ਵਿੱਚ ਆਇਆਂ।

**ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥**

ਯਕੀਨ ਜਾਣ, ਜਦੋਂ ਜੋਤ ਸਰੂਪ ਪਰਮਾਤਮਾ ਨੇ ਤੇਰੇ ਅੰਦਰ ਆਪਣੀ ਚੇਤਨ ਸਤਾ ਰੱਖੀ ਤਾਂ ਤੂੰ ਸੰਸਾਰ ਵਿੱਚ ਜਨਮਿਆਂ।

**ਹਰਿ ਆਪੇ ਮਾਤਾ ਆਪੇ ਪਿਤਾ**
**ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥**

ਅਸਲੀਅਤ ਵਿੱਚ ਪਰਮਾਤਮਾ ਜੀਵ ਦਾ ਆਪ ਹੀ ਮਾਤਾ ਹੈ, ਆਪ ਹੀ ਪਿਤਾ, ਉਸ ਨੇ ਸਰੀਰ ਸਾਜ ਕੇ ਉਸ ਵਿੱਚ ਜੀਵ ਆਤਮਾ ਪਾ ਕੇ ਤੈਨੂੰ ਇਹ ਜਗਤ-ਤਮਾਸ਼ਾ ਦਿਖਾਇਆ ਹੈ।

**ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ**
**ਚਲਤੁ ਨਦਰੀ ਆਇਆ ॥**

ਗੁਰੂ ਦੀ ਮਿਹਰ ਨਾਲ ਜਦੋਂ ਜੀਵ ਨੂੰ ਗਿਆਨ ਹੁੰਦਾ ਹੈ ਕਿ ਜਗਤ

ਇੱਕ ਖੇਡ ਪਰਮਾਤਮਾ ਨੇ ਬਣਾਈ ਹੈ, ਤਦੋਂ ਜੀਵ ਬੜਾ ਅਸਚਰਜ਼ ਹੁੰਦਾ ਹੈ ਤੇ ਫਿਰ ਇਸ ਨੂੰ ਸੰਸਾਰ ਇੱਕ ਜਗਤ-ਤਮਾਸ਼ਾ ਪ੍ਰਤੀਤ ਹੋਣ ਲੱਗ ਜਾਂਦਾ ਹੈ।

## ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥੩੩॥

ਸਤਿਗੁਰੂ ਫੁਰਮਾਨ ਕਰਦੇ ਹਨ, ਹੇ ਜੀਵ! ਜਦੋਂ ਪਰਮਾਤਮਾ ਨੇ ਜਗਤ ਰਚਨਾ ਦਾ ਮੁੱਢ ਬੰਨਿਆ, ਤਦੋਂ ਤੇਰੇ ਵਿੱਚ ਵੀ ਉਸ ਨੇ ਆਪਣੀ ਜੋਤ ਟਿਕਾਈ ਤਾਂ ਤੂੰ ਇਸ ਜਗਤ ਵਿੱਚ ਜਨਮ ਲੈਣਾ ਕੀਤਾ।੩੩।

## ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥

ਹਿਰਦੇ ਰੂਪੀ ਸੇਜਾ ਉੱਪਰ ਪ੍ਰਭੂ ਦਾ ਆਗਮਨ ਸੁਣਕੇ ਮਨ ਚਾਉ ਨਾਲ ਭਰਪੂਰ ਹੋ ਗਿਆ।

## ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥

ਹੇ ਮੇਰੀ ਜਿੰਦ ਤੇ ਇੰਦ੍ਰੀਓ! ਤੁਸੀਂ ਖੁਸ਼ੀ ਦੇ ਗੀਤ ਗਾਵੋ ਕਿਉਂਕਿ ਹੁਣ ਮੇਰਾ ਹਿਰਦਾ ਰੂਪੀ ਘਰ ਪ੍ਰਭੂ ਘਰ ਬਣ ਗਿਆ ਹੈ।

## ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥

ਹੇ ਜਿੰਦ ਤੇ ਇੰਦ੍ਰੀਓ! ਹੁਣ ਤੁਸੀਂ ਨਿਤ ਹੀ ਪ੍ਰਭੂ ਦੇ ਮੰਗਲ ਗਾਵੋ। ਇਸ ਤਰ੍ਹਾਂ ਤੁਹਾਨੂੰ ਕੋਈ ਸੋਗ, ਦੁੱਖ, ਝੋਰਾ ਨਹੀਂ ਬਿਆਪੇਗਾ।

## ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥

ਗੁਰੂ ਦੇ ਚਰਨਾਂ ਨਾਲ ਜੁੜਿਆਂ ਆਪਣੇ ਮਾਲਕ ਨੂੰ ਜਾਣ ਲਈਦਾ ਹੈ, ਫਿਰ ਸਾਰੇ ਦਿਨ ਹੀ ਵਡਭਾਗੇ ਬਣ ਜਾਂਦੇ ਹਨ।

**ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥**

ਗੁਰੂ ਦੇ ਨਾਮ ਦੀ ਅਤੁੱਟ ਕਮਾਈ ਕਰਨ ਨਾਲ ਅਨਹਦ ਸ਼ਬਦ ਸੁਣਨ ਲੱਗ ਜਾਂਦੇ ਹਨ ਤੇ ਹਰੀ ਦਾ ਨਾਮ ਰਸ ਹੀ ਭੋਜਨ ਬਣ ਜਾਂਦਾ ਹੈ।

**ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥੩੪॥**

ਸਤਿਗੁਰੂ ਫੁਰਮਾਨ ਕਰਦੇ ਹਨ ਹੇ ਜਿੰਦ! ਪ੍ਰਭੂ ਸਿਫਤ-ਸਲਾਹ ਦੇ ਗੀਤ ਗਾ ਕਿਉਂਕਿ ਕਰਣ-ਕਾਰਨ ਸਮਰੱਥ, ਪਰਮਾਤਮਾ ਆਪ ਹੀ ਮਿਹਰ ਕਰਕੇ ਮਿਲ ਪਿਆ ਹੈ।੩੪।

**ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ**
**ਕਿਆ ਤੁਧੁ ਕਰਮ ਕਮਾਇਆ ॥**

ਹੇ ਮੇਰੇ ਸਰੀਰਾ! ਤੂੰ ਇਸ ਸੰਸਾਰ ਵਿੱਚ ਜਨਮ ਲੈ ਕੇ ਕਿਹੜਾ ਕਿਹੜਾ ਚੰਗਾ ਕਰਮ ਕੀਤਾ?

**ਕਿ ਕਰਮ ਕਮਾਇਆ ਤੁਧੁ ਸਰੀਰਾ**
**ਜਾ ਤੂ ਜਗ ਮਹਿ ਆਇਆ ॥**

ਹੇ ਸਰੀਰਾ!ਜਦੋਂ ਦਾ ਤੂੰ ਇਸ ਸੰਸਾਰ ਵਿੱਚ ਆਇਆਂ ਹੈਂ ਹੋਰ-ਹੋਰ ਕੰਮਾਂ ਵਿੱਚ ਹੀ ਤੂੰ ਪ੍ਰਵਿਰਤ ਹੋਇਆ ਪਿਆ ਹੈਂ।

**ਜਿਨਿ ਹਰਿ ਤੇਰਾ ਰਚਨੁ ਰਚਿਆ**
**ਸੋ ਹਰਿ ਮਨਿ ਨ ਵਸਾਇਆ ॥**

ਜਿਸ ਪਰਮਾਤਮਾ ਨੇ ਤੇਰੇ ਸੁੰਦਰ ਸਰੀਰ ਦੀ ਰਚਨਾ ਕੀਤੀ ਹੈ ਤੂੰ ਉਸ ਦੀ ਯਾਦ ਵਿੱਚ ਕਦੇ ਵੀ ਜੁੜ ਕੇ ਨਹੀਂ ਬੈਠਦਾ।

**ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥**

ਧੁਰ ਦਰਗਾਹ ਤੋਂ ਜਿਸ ਦੇ ਪੂਰਬਲੇ ਕਰਮ ਉਦੇ ਹੁੰਦੇ ਹਨ, ਗੁਰੂ ਦੀ ਮਿਹਰ ਨਾਲ ਪਰਮਾਤਮਾ ਉਸ ਦੇ ਹਿਰਦੇ ਅੰਦਰ ਵਸ ਜਾਂਦਾ ਹੈ।

**ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ**
**ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥**

ਸਤਿਗੁਰੂ ਅਮਰਦਾਸ ਜੀ ਫੁਰਮਾਨ ਕਰਦੇ ਹਨ ਕਿ ਜਿਸ ਮਨੁੱਖ ਨੇ ਸਤਿਗੁਰੂ ਨਾਲ ਆਪਣਾ ਚਿੱਤ ਜੋੜ ਲਿਆ, ਉਸ ਸਰੀਰ ਦਾ ਇਸ ਸੰਸਾਰ ਵਿੱਚ ਆਉਣਾ ਪ੍ਰਭੂ ਦਰ ਵਿੱਚ ਪਰਵਾਨ ਹੋ ਗਿਆ।੩੫।

**ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ**
**ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥**

ਹੇ ਮੇਰੇ ਨੇਤਰੋ! ਹਰੀ ਨੇ ਤੁਹਾਡੇ ਅੰਦਰ ਵੇਖਣ ਵਾਲੀ ਜੋਤ ਪਾਈ ਹੈ। ਤੁਸੀਂ ਹਰ ਸਮੇਂ ਹਰ ਪਾਸੇ ਹਰੀ ਪਰਮਾਤਮਾ ਨੂੰ ਹੀ ਵੇਖੋ।

**ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥**

ਸੰਸਾਰ ਅੰਦਰ ਸਰਬ ਵਿਆਪਕ ਪਰਮਾਤਮਾ ਨੂੰ ਹੀ ਵੇਖੋ, ਇਨ੍ਹਾਂ ਨੇਤਰਾਂ ਨਾਲ ਕੇਵਲ ਤੇ ਕੇਵਲ ਪਰਮਾਤਮਾ ਨੂੰ ਹੀ ਵੇਖਣਾ ਚਾਹੀਦਾ ਹੈ।

**ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ**
**ਹਰਿ ਰੂਪੁ ਨਦਰੀ ਆਇਆ ॥**

ਇਹ ਸਾਰਾ ਸੰਸਾਰ ਜੋ ਤੁਸੀਂ ਭਿੰਨ ਭਿੰਨ ਵੇਖ ਰਹੇ ਹੋ। ਇਹ ਪਰਮਾਤਮਾ ਦਾ ਹੀ ਰੂਪ ਹੈ। ਇਹ ਸੰਸਾਰ ਹਰੀ ਦਾ ਰੂਪ ਹੀ ਦਿਖਣਾ ਚਾਹੀਦਾ ਹੈ।

**ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ**
**ਹਰਿ ਬਿਨੁ ਅਵਰੁ ਨ ਕੋਈ ॥**

ਗੁਰੂ ਦੀ ਮਿਹਰ ਨਾਲ ਸੂਝ ਪੈ ਗਈ ਕਿ [੧]"**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥** ਹੁਣ ਪਰਮਾਤਮਾ ਤੋਂ ਬਿਨਾਂ ਹੋਰ

---
੧. ਨਾਮਦੇਵ ਜੀ ਅੰਗ ੪੮੫

ਕੋਈ ਦਿਸਦਾ ਹੀ ਨਹੀਂ।

**ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬਦ੍ਰਿਸਟਿ ਹੋਈ ॥੩੬॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਗੁਰੂ ਮਿਲਾਪ ਤੋਂ ਪਹਿਲਾਂ ਗਿਆਨ ਦੀ ਦ੍ਰਿਸ਼ਟੀ ਨਾ ਹੋਣ ਕਾਰਨ ਇਹ ਅੱਖਾਂ ਅੰਧੀਆਂ ਸਨ। ਸਤਿਗੁਰੂ ਜੀ ਨੇ ਮਿਹਰ ਕਰਕੇ ਹੁਣ ਇਨ੍ਹਾਂ ਅੱਖੀਆਂ ਨੂੰ ਗਿਆਨ ਦ੍ਰਿਸ਼ਟੀ ਪ੍ਰਦਾਨ ਕਰ ਦਿੱਤੀ ਹੈ।੩੬।

**ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥**

ਹੇ ਮੇਰੇ ਕੰਨੋਂ! ਪਰਮਾਤਮਾ ਨੇ ਤੁਹਾਨੂੰ ਇਸ ਸੰਸਾਰ ਵਿੱਚ ਸੱਚੇ ਨਾਮ ਤੇ ਸੱਚੇ ਪ੍ਰਭੂ ਦੀ ਸਿਫਤ-ਸਲਾਹ ਸੁਣਨ ਵਾਸਤੇ ਹੀ ਭੇਜਿਆ ਹੈ।

**ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥**

ਪਰਮਾਤਮਾ ਨੇ ਤੁਹਾਨੂੰ ਸਰੀਰ ਨਾਲ ਇਸਥਿਰ[1] ਕਰਕੇ ਸੱਚ ਵਿੱਚ ਨਿਵਾਸ ਕਰਵਾਉਣ ਵਾਲੀ ਗੁਰਬਾਣੀ ਨੂੰ ਸੁਣਨ ਵਾਸਤੇ ਭੇਜਿਆ ਹੈ।

**ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥**

ਜਿਸ ਸੱਚੀ ਬਾਣੀ ਨੂੰ ਸੁਣਨ ਨਾਲ ਮਨ ਤੇ ਤਨ ਵੀ ਪੂਰਨ ਖਿੜਾਉ ਵਿੱਚ ਆ ਜਾਂਦਾ ਹੈ ਤੇ ਰਸਨਾ ਵੀ ਨਾਮ ਰਸ ਵਿੱਚ ਲੀਨ ਹੋ ਜਾਂਦੀ ਹੈ।

**ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ ॥**

ਸੱਚ ਸਰੂਪ ਪਰਮਾਤਮਾ ਅਲੱਖ ਹੈ, ਉਹ ਬਹੁਤ ਵੱਡਾ ਹੈ। ਉਸ ਸੱਚ ਸਰੂਪ ਦੀ ਲੀਲ੍ਹਾ ਵੀ ਕਥਨ ਨਹੀਂ ਕੀਤੀ ਜਾਂਦੀ।

**ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ ॥੩੭॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਹੇ ਸ੍ਰਵਣੋ! ਤੁਸੀਂ ਅੰਮ੍ਰਿਤ ਰੂਪੀ

---
੧. ਲਾ ਕੇ

ਨਾਮ ਨੂੰ ਸ੍ਰਵਣ ਕਰਿਆ ਕਰੋ। ਤੁਸੀਂ ਪਵਿੱਤ੍ਰ ਹੋ ਜਾਵੋਗੇ, ਤੁਹਾਨੂੰ ਪਰਮਾਤਮਾ ਨੇ ਸਰੀਰ ਨਾਲ ਇਸਥਿਰ ਕਰਕੇ ਸੱਚੇ ਨਾਮ ਨੂੰ ਸੁਣਨ ਵਾਸਤੇ ਭੇਜਿਆ ਹੈ।੩੭।

**ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥**

ਪਰਮਾਤਮਾ ਨੇ ਸਰੀਰ ਰੂਪੀ ਗੁਫਾ ਅੰਦਰ ਜੀਵ-ਆਤਮਾ ਨੂੰ ਟਿਕਾ ਕੇ ਹਵਾ ਦੁਆਰਾ ਬੋਲਣ ਦੀ ਸ਼ਕਤੀ ਪ੍ਰਦਾਨ ਕੀਤੀ ਹੈ।

**ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ**
**ਦਸਵਾ ਗੁਪਤੁ ਰਖਾਇਆ ॥**

ਪਰਮਾਤਮਾ ਨੇ ਸਰੀਰ ਨੂੰ ਬੋਲਣ ਦੀ ਸ਼ਕਤੀ ਦਿੱਤੀ, ਸਰੀਰ ਦੀਆਂ ਨੌ [1]ਇੰਦ੍ਰੀਆਂ ਪ੍ਰਗਟ ਦਿਸਦੀਆਂ ਹਨ, ਦਸਵਾਂ ਦਰ ਗੁਪਤ ਰੱਖਿਆ ਹੈ।

**ਗੁਰਦੁਆਰੈ ਲਾਇ ਭਾਵਨੀ**
**ਇਕਨਾ ਦਸਵਾ ਦੁਆਰੁ ਦਿਖਾਇਆ ॥**

ਜਿਨ੍ਹਾਂ ਵਡਭਾਗੀਆਂ ਨੂੰ ਗੁਰੂ ਉੱਪਰ ਪੂਰਨ ਭਰੋਸਾ ਤੇ ਭਾਵਨੀ ਬਣ ਗਈ, ਸਤਿਗੁਰੂ ਨੇ ਕਿਰਪਾ ਕਰਕੇ ਉਨ੍ਹਾਂ ਨੂੰ ਦਸਵਾਂ ਦੁਆਰ ਵੀ ਵਿਖਾ ਦਿੱਤਾ।

**ਤਹ ਅਨੇਕ ਰੂਪ ਨਾਉ ਨਵ ਨਿਧਿ**
**ਤਿਸ ਦਾ ਅੰਤੁ ਨ ਜਾਈ ਪਾਇਆ ॥**

ਉਸ ਦਸਮ ਦੁਆਰ ਵਿੱਚ ਅਨੇਕ ਪ੍ਰਕਾਰੀ ਰੂਪ-ਰੰਗ ਤੇ ਨੌ-ਨਿੱਧੀਆਂ ਦੇ ਖਜ਼ਾਨੇ ਭਰੇ ਪਏ ਹਨ, ਜਿਨ੍ਹਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ।

**ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ**
**ਵਾਜਾ ਪਵਣੁ ਵਜਾਇਆ ॥੩੮॥**

ਸਤਿਗੁਰੂ ਅਮਰਦਾਸ ਜੀ ਫੁਰਮਾਨ ਕਰਦੇ ਹਨ ਕਿ ਪਿਆਰੇ ਪਰਮਾਤਮਾ

---

੧. ਦੋ ਅੱਖਾਂ, ਦੋ ਨਾਸਕਾਂ, ਦੋ ਕੰਨ, ਮੂੰਹ, ਲਿੰਗ ਤੇ ਗੁਦਾ

ਨੇ ਸਰੀਰ ਰੂਪੀ ਗੁਫਾ ਵਿੱਚ ਜੀਵ-ਆਤਮਾ ਦਾ ਟਿਕਾਣਾ ਕਰਕੇ ਜੀਵ-ਆਤਮਾ ਨੂੰ ਬੋਲਣ-ਸ਼ਕਤੀ ਪ੍ਰਦਾਨ ਕੀਤੀ ਹੈ।੩੮।

**ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥**

ਹੇ ਗੁਰਮੁਖੋ! ਸੱਚੇ ਵਾਹਿਗੁਰੂ ਦਾ ਜਸ ਰੂਪੀ ਸਿਫਤ-ਸਲਾਹ ਦਾ ਗੀਤ ਸਤ ਸੰਗਤ ਵਿੱਚ ਬੈਠ ਕੇ ਗਾਇਆ ਕਰੋ।

**ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥**

ਇਹ ਅਨੰਦ-ਮਈ ਪ੍ਰਭੂ-ਕੀਰਤੀ ਸਤ-ਸੰਗਤ ਵਿੱਚ ਬੈਠ ਕੇ ਕਰੋ, ਜਿੱਥੇ ਪ੍ਰਭੂ ਪਿਆਰੇ ਸਦਾ ਹੀ ਸੱਚੇ ਪਰਮਾਤਮਾ ਦੀ ਅਰਾਧਨਾ ਕਰਦੇ ਹਨ।

**ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥**

ਹੇ ਪ੍ਰਭੂ! ਜਿਨ੍ਹਾਂ ਗੁਰਮੁਖਾਂ ਨੂੰ ਤੁਸੀਂ ਆਤਮਿਕ ਸੂਝ ਬਖਸ਼ਿਸ਼ ਕਰ ਦਿੰਦੇ ਹੋ, ਉਹ ਸਦਾ ਥਿਰ ਪਰਮਾਤਮਾ ਦੀ ਅਰਾਧਨਾ ਕਰਕੇ ਤੈਨੂੰ ਪਿਆਰੇ ਲੱਗਣ ਲੱਗ ਜਾਂਦੇ ਹਨ।

**ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥**

ਸੱਚਾ ਥਿਰ ਪ੍ਰਭੂ ਸਭਨਾਂ ਦਾ ਮਾਲਕ ਹੈ, ਜਿਨ੍ਹਾਂ ਉੱਪਰ ਪ੍ਰਭੂ ਦੀ ਬਖਸ਼ਿਸ਼ ਹੋ ਜਾਂਦੀ ਹੈ, ਉਹ ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦੇ ਹਨ।

**ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥**

ਸਤਿਗੁਰੂ ਅਮਰਦਾਸ ਜੀ ਫੁਰਮਾਨ ਕਰਦੇ ਹਨ ਕਿ ਗੁਰੂ ਦਰੋਂ ਵਰੋਸਾਇਆ ਮਨੁੱਖ ਹੀ ਸਤ ਸੰਗਤ ਵਿੱਚ ਬੈਠ ਕੇ ਪ੍ਰਭੂ ਜਸ ਗਾਇਨ ਕਰਦਾ ਹੈ।੩੯।

**ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥**

ਹੇ ਵਡਿਆਂ ਭਾਗਾਂ ਵਾਲਿਓ! ਆਤਮਿਕ ਅਨੰਦ ਬਖਸ਼ਿਸ਼ ਕਰਨ ਵਾਲੀ, ਅਨੰਦ ਸਾਹਿਬ ਜੀ ਦੀ ਬਾਣੀ ਨੂੰ ਧਿਆਨ ਨਾਲ ਸੁਣੋ। ਤੁਹਾਡੇ ਜੀਵਨ ਦੇ ਸਾਰੇ ਮਨੋਰਥ ਪੂਰੇ ਹੋ ਜਾਣਗੇ।

**ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥**

ਗੁਰਬਾਣੀ ਸੁਣਨ ਨਾਲ ਪਾਰਬ੍ਰਹਮ ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਸਾਰੇ ਚਿੰਤਾ ਝੋਰੇ ਸਦਾ ਲਈ ਦੂਰ ਹੋ ਜਾਂਦੇ ਹਨ।

**ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥**

ਜਿਸ ਜਿਸ ਨੇ ਇੱਕ ਮਨ ਇੱਕ ਚਿੱਤ ਹੋ ਕੇ ਸੱਚੀ ਬਾਣੀ ਨੂੰ ਸ੍ਰਵਣ ਕੀਤਾ ਉਸ ਦੇ ਸਰੀਰਕ ਦੁੱਖ, ਆਤਮਿਕ ਰੋਗ ਤੇ ਸੰਤਾਪ ਖਤਮ ਹੋ ਗਏ ਹਨ।

**ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥**

ਜਿਨ੍ਹਾਂ ਗੁਰੂ ਪਿਆਰਿਆਂ ਨੂੰ ਸਤਿਗੁਰੂ ਪਾਸੋਂ ਗੁਰਬਾਣੀ ਦੀ ਮਹਾਨਤਾ ਦਾ ਪਤਾ ਚੱਲ ਜਾਂਦਾ ਹੈ। ਉਹ ਗੁਰਬਾਣੀ ਨਾਲ ਜੁੜ ਕੇ ਆਤਮਿਕ ਖਿੜਾਉ ਪ੍ਰਾਪਤ ਕਰ ਲੈਂਦੇ ਹਨ।

**ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥**

ਅਨੰਦ ਦਾਤੀ ਗੁਰਬਾਣੀ ਨੂੰ ਸੁਣਨ ਵਾਲੇ ਵੀ ਤੇ ਪੜ੍ਹਣ ਵਾਲੇ ਵੀ ਪਵਿੱਤਰ ਹੋ ਜਾਂਦੇ ਹਨ ਕਿਉਂਕਿ ਗੁਰਬਾਣੀ ਵਿੱਚ ਸਤਿਗੁਰੂ ਜੀ ਦੀ ਆਪਣੀ ਹੋਂਦ ਸਮਾਈ ਹੋਈ ਹੈ।

**ਬਿਨਵੰਤਿ ਨਾਨਕੁ ਗੁਰ ਚਰਣ ਲਾਗੇ**
**ਵਾਜੇ ਅਨਹਦ ਤੂਰੇ ॥੪੦॥੧॥**

ਸਤਿਗੁਰੂ ਅਮਰਦਾਸ ਜੀ "ਨਾਨਕ" ਛਾਪ ਲਾ ਕੇ ਬੜੀ ਨਿਮ੍ਰਤਾ ਸਹਿਤ ਕਥਨ ਕਰਦੇ ਹਨ ਕਿ ਜਿਹੜੇ ਜਿਹੜੇ ਗੁਰੂ ਦੇ ਚਰਨਾਂ (ਨਾਮ) ਨਾਲ ਜੁੜ ਗਏ, ਉਨ੍ਹਾਂ ਦੇ ਅੰਦਰ ਲਗਾਤਾਰ ਅਨਹਦ ਸ਼ਬਦ ਦੇ ਵਾਜੇ ਵੱਜਣ ਲੱਗ ਪਏ॥੪੦॥੧॥

# ਰਹਰਾਸਿ ਸਾਹਿਬ

## ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥

ਪਰਮਾਤਮਾ ਹਰੇਕ ਜੁਗ ਵਿੱਚ ਭਗਤ ਪੈਦਾ ਕਰਦਾ ਆਇਆ ਹੈ ਅਤੇ ਭੀੜ ਪੈਣ ਸਮੇਂ ਉਨ੍ਹਾਂ ਦੀ ਇੱਜ਼ਤ ਪੱਤ ਵੀ ਰੱਖਦਾ ਆ ਰਿਹਾ ਹੈ।

## ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥

ਜਿਵੇਂ ਦੁਸਟ ਹਰਨਾਖਸ਼ ਨੇ ਆਪਣੇ ਭਗਤ ਪੁੱਤਰ ਪ੍ਰਹਿਲਾਦ ਨੂੰ ਕਸ਼ਟ ਦਿੱਤੇ ਤੇ ਮਾਰਨਾ ਚਾਹਿਆ ਪਰ ਪਰਮਾਤਮਾ ਨੇ ਉਸ ਨੂੰ ਹਰ ਥਾਂ ਤੋਂ ਬਚਾਇਆ।

## ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥

ਇਸੇ ਪ੍ਰਕਾਰ ਜਦੋਂ ਨਾਮਦੇਵ ਜੀ ਮੰਦਰ ਵਿੱਚ ਭਗਤੀ ਕਰਨ ਗਏ, ਨਿੰਦਕਾਂ ਤੇ ਜਾਤ ਅਭਿਮਾਨੀ ਪੰਡਤਾਂ ਨੇ ਉਸ ਨੂੰ ਮੰਦਰ ਵਿੱਚੋਂ ਧੱਕੇ ਮਾਰਕੇ ਬਾਹਰ ਕੱਢ ਦਿੱਤਾ। ਪਰਮਾਤਮਾ ਨੇ ਦੇਹੁਰੇ ਦੀ ਪਿੱਠ ਪੰਡਤਾਂ ਵੱਲ ਕਰ ਦਿੱਤੀ ਤੇ ਨਾਮਦੇਵ ਨੂੰ ਦਰਸ਼ਨ ਦੀਦਾਰ ਪ੍ਰਦਾਨ ਕੀਤੇ।

## ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥੪॥

ਸਤਿਗੁਰੂ ਫੁਰਮਾਨ ਕਰਦੇ ਹਨ ਕਿ ਜਿਹੜਾ ਜਗਿਆਸੂ ਵੀ ਸ਼ਰਧਾ ਭਾਵਨੀ ਨਾਲ ਅਜਿਹੇ ਸਮਰਥ ਪਰਮਾਤਮਾ ਨੂੰ ਯਾਦ ਕਰੇਗਾ, ਅਖੀਰ ਨੂੰ ਪਰਮਾਤਮਾ ਉਸ ਦੇ ਸਾਰੇ ਕਸ਼ਟ ਦੂਰ ਕਰਕੇ ਉਸ ਦੀ ਰੱਖਿਆ ਕਰੇਗਾ।

## *੧ੴ ਸਤਿਗੁਰ ਪ੍ਰਸਾਦਿ ॥*

ਅਕਾਲ ਪੁਰਖ ਇੱਕ ਹੈ ਤੇ ਉਸ ਵਰਗਾ ਹੋਰ ਕੋਈ ਨਹੀਂ ਹੈ। ਸਾਰਾ

ਦ੍ਰਿਸ਼ਟ-ਅਦ੍ਰਿਸ਼ਟ ਪਸਾਰਾ ਉਸ ਦਾ ਹੀ ਹੈ। ਉਹ ਗੁਰੂ ਦੀ ਰਹਿਮਤ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ।

### *ਸਲੋਕੁ ਮਃ ੧ ॥*

ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਉਚਾਰਨ ਕੀਤਾ ਸਲੋਕ।

### ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥

ਹੇ ਭਾਈ ! ਸੰਸਾਰਕ ਰਸਾਂ-ਕਸਾਂ, ਭੋਗਾਂ ਤੋਂ ਉਪਜਿਆ ਸੁੱਖ, ਰੋਗ ਪੈਦਾ ਕਰਦਾ ਹੈ। ਦੁੱਖ ਸਮੇਂ ਪਰਮਾਤਮਾ ਯਾਦ ਆਉਂਦਾ ਹੈ। ਉਹ ਦੁੱਖ, ਦਾਰੂ ਸਮਾਨ ਬਣ ਜਾਂਦਾ ਹੈ। ਜਦੋਂ ਮਨੁੱਖ ਨੂੰ ਸੱਚਾ ਆਤਮਿਕ ਸੁੱਖ ਪ੍ਰਾਪਤ ਹੋ ਜਾਵੇ, ਤਦੋਂ ਕੋਈ ਵੀ ਖਾਹਸ਼ ਜਾਂ ਦੁੱਖ ਨਹੀਂ ਪੁੰਹਦਾ।

### ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥

ਹੇ ਵਾਹਿਗੁਰੂ! ਤੂੰ ਸਭ ਕੁਝ ਕਰਨਹਾਰ ਕਰਤਾਰ ਹੈਂ, ਮੈਂ ਕੁਝ ਵੀ ਨਹੀਂ। ਜੇ ਮੈਂ ਕੁਝ ਕਰਨ ਦਾ ਯਤਨ ਵੀ ਕਰਾਂ, ਤਦ ਮੈਂ ਕੁਝ ਵੀ ਨਹੀਂ ਕਰ ਸਕਦਾ।

### ਬਲਿਹਾਰੀ ਕੁਦਰਤਿ ਵਸਿਆ ॥
### ਤੇਰਾ ਅੰਤੁ ਨ ਜਾਈ ਲਖਿਆ ॥੧॥ਰਹਾਉ॥

ਹੇ ਕੁਦਰਤ ਅੰਦਰ ਵਸ ਰਹੇ ਕਰਤਾਰ! ਮੈਂ ਤੈਥੋਂ ਬਲਿਹਾਰ ਜਾਂਦਾ ਹਾਂ। ਤੇਰਾ ਅੰਤ ਨਹੀਂ ਪਾਇਆ ਜਾ ਸਕਦਾ।

### ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ
### ਅਕਲ ਕਲਾ ਭਰਪੂਰਿ ਰਹਿਆ ॥

ਹੇ ਪ੍ਰਭੂ! ਸਾਰੀ ਸ੍ਰਿਸ਼ਟੀ ਵਿੱਚ ਤੇਰੀ ਹੀ ਜੋਤ ਵਰਤ ਰਹੀ ਹੈ ਅਤੇ ਤੇਰੇ ਨੂਰ ਅੰਦਰ ਹੀ ਸਾਰੀ ਪ੍ਰਕ੍ਰਿਤੀ ਹੈ, ਤੂੰ ਸਾਰਿਆਂ ਅੰਦਰ ਇੱਕ ਰਸ ਪਰੀਪੂਰਨ ਹੋ ਕੇ ਵਿੱਚਰ ਰਿਹਾ ਹੈਂ।

## ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ
## ਜਿਨਿ ਕੀਤੀ ਸੋ ਪਾਰਿ ਪਇਆ ॥

ਹੇ ਪ੍ਰਭੂ! ਤੂੰ ਸਦਾ ਥਿਰ ਰਹਿਣ ਵਾਲਾ ਮਾਲਕ ਹੈਂ, ਤੇਰੀ ਸਿਫਤ-ਸਲਾਹ ਬਹੁਤ ਉੱਤਮ ਹੈ। ਜਿਸ ਜਿਸ ਨੇ ਵੀ ਤੇਰੀ ਸਿਫਤ-ਸਲਾਹ ਕੀਤੀ, ਉਸ ਦਾ ਪਾਰ ਉਤਾਰਾ ਹੋ ਗਿਆ।

## ਕਹੁ ਨਾਨਕ ਕਰਤੇ ਕੀਆ ਬਾਤਾ
## ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥

ਸਤਿਗੁਰੂ ਨਾਨਕ ਪਾਤਸ਼ਾਹ ਫੁਰਮਾਉਂਦੇ ਹਨ, ਹੇ ਮਨੁੱਖ! ਤੂੰ ਪਰਮਾਤਮਾ ਦੇ ਅੰਤ ਦੀ ਗਿਣਤੀ ਮਿਣਤੀ ਛੱਡ ਕੇ ਕਰਤੇ-ਪੁਰਖ ਦੀ ਸਿਫਤ-ਸਲਾਹ ਕਰ। ਉਹ ਆਪਣੀ ਰਜ਼ਾ ਵਿੱਚ ਜੋ ਕਰ ਰਿਹਾ ਹੈ, ਉਹ ਹੀ ਹੋ ਰਿਹਾ ਹੈ।

## ਸੋ ਦਰੁ ਰਾਗੁ ਆਸਾ ਮਹਲਾ ੧ ॥

ਬਾਣੀ ਦੇ ਸਿਰਲੇਖ ਵਜੋਂ ਵੀ ਵਰਤਿਆ ਜਾਂਦਾ ਹੈ। ਆਸਾ ਰਾਗ ਅੰਦਰ ਪਹਿਲੇ ਪਾਤਸ਼ਾਹ ਜੀ ਦਾ ਉਚਾਰਣ ਕੀਤਾ ਸ਼ਬਦ।

## *੧ੴ ਸਤਿਗੁਰ ਪ੍ਰਸਾਦਿ ॥*

ਅਕਾਲ ਪੁਰਖ ਇੱਕ ਹੈ ਤੇ ਉਸ ਵਰਗਾ ਹੋਰ ਕੋਈ ਨਹੀਂ ਹੈ। ਸਾਰਾ ਦ੍ਰਿਸ਼ਟ-ਅਦ੍ਰਿਸ਼ਟ ਪਸਾਰਾ ਉਸ ਦਾ ਹੀ ਹੈ। ਉਹ ਗੁਰੂ ਦੀ ਰਹਿਮਤ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ।

## ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ
## ਜਿਤੁ ਬਹਿ ਸਰਬ ਸਮਾਲੇ ॥

ਹੇ ਅਕਾਲ ਪੁਰਖ! ਤੇਰਾ ਅਦਭੁਤ ਦਰ ਤੇ ਘਰ ਕਿਹੜਾ ਹੈ? ਜਿੱਥੇ ਬੈਠ ਕੇ ਤੂੰ ਸਾਰੀ ਕਾਇਨਾਤ ਦੀ ਸਾਰ ਸੰਭਾਲ ਕਰ ਰਿਹਾ ਹੈਂ।

**ਵਾਜੇ ਤੇਰੇ ਨਾਦ ਅਨੇਕ ਅਸੰਖਾ**
**ਕੇਤੇ ਤੇਰੇ ਵਾਵਣਹਾਰੇ ॥**

ਤੇਰੇ ਉਸ ਘਰ ਵਿੱਚ ਅਨੇਕਾਂ ਪ੍ਰਕਾਰ ਦੇ ਧੁਨੀ-ਨਾਦ ਵੱਜ ਰਹੇ ਹਨ ਤੇ ਅਨੇਕਾਂ ਹੀ ਉਨ੍ਹਾਂ ਨੂੰ ਵਜਾਉਣ ਵਾਲੇ ਹਨ।

**ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ**
**ਕੇਤੇ ਤੇਰੇ ਗਾਵਣਹਾਰੇ ॥**

ਤੇਰੇ ਘਰ ਵਿੱਚ ਅਣਗਿਣਤ ਰਾਗ,ਰਾਗਣੀਆਂ ਸਹਿਤ ਤੇਰਾ ਜਸ ਕਰ ਰਹੇ ਹਨ।

**ਗਾਵਹਿ ਤੁਹਨੋ ਪਵਣੁ ਪਾਣੀ ਬੈਸੰਤਰੁ**
**ਗਾਵੈ ਰਾਜਾ ਧਰਮੁ ਦੁਆਰੇ ॥**

ਹੇ ਵਾਹਿਗੁਰੂ ! ਤੈਨੂੰ ਪਉਣ, ਪਾਣੀ, ਅਗਨੀ ਸਭ ਤੱਤ ਗਾ ਰਹੇ ਹਨ। ਧਰਮਰਾਜ ਵੀ ਤੇਰੇ ਦਰ ਉੱਪਰ ਬੈਠਾ ਤੇਰਾ ਜਸ ਕਰ ਰਹਿਆ ਹੈ।

**ਗਾਵਹਿ ਤੁਹਨੋ ਚਿਤੁ ਗੁਪਤੁ ਲਿਖਿ ਜਾਣਹਿ**
**ਲਿਖਿ ਲਿਖਿ ਧਰਮੁ ਬੀਚਾਰੇ ॥**

ਮਨੁੱਖ ਦੇ ਚੰਗੇ ਮਾੜੇ ਕਰਮਾਂ ਨੂੰ ਲਿਖਣ ਵਾਲੇ ਚਿਤ੍ਰ-ਗੁਪਤ, ਜਿਨ੍ਹਾਂ ਦੀ ਲਿਖਤ ਉੱਪਰ ਧਰਮਰਾਜਾ ਵੀਚਾਰ ਕਰਦਾ ਹੈ, ਉਹ ਵੀ ਤੈਨੂੰ ਗਾਉਂਦੇ ਹਨ।

**ਗਾਵਹਿ ਤੁਹਨੋ ਈਸਰੁ ਬ੍ਰਹਮਾ ਦੇਵੀ**
**ਸੋਹਨਿ ਤੇਰੇ ਸਦਾ ਸਵਾਰੇ ॥**

ਤੇਰੇ ਸਾਜੇ ਸਵਾਰੇ ਸ਼ਿਵ ਜੀ, ਬ੍ਰਹਮਾ ਤੇ ਸਾਰੇ ਦੇਵੀ ਦੇਵਤੇ ਤੈਨੂੰ ਗਾ ਰਹੇ ਹਨ।

**ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ**
**ਦੇਵਤਿਆ ਦਰਿ ਨਾਲੇ ॥**

ਇੰਦ੍ਰ-ਪਦਵੀਆਂ ਉੱਪਰ ਬਿਰਾਜਮਾਨ ਹੋ ਕੇ ਇੰਦ੍ਰ, ਦੇਵਤਿਆਂ ਸਹਿਤ ਤੇਰਾ ਜਸ ਕਰਦੇ ਹਨ।

**ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ**
**ਗਾਵਨਿ ਤੁਧਨੋ ਸਾਧ ਬੀਚਾਰੇ ॥**

ਸਿਧ ਲੋਕ ਧਿਆਨ ਮਗਨ ਹੋ ਕੇ ਤੇ ਸਾਧਨਾ ਕਰਨ ਵਾਲੇ ਵੀ ਤੇਰੀ ਬਿਅੰਤਤਾ ਦਾ ਵੀਚਾਰ ਕਰਕੇ ਤੈਨੂੰ ਗਾਉਂਦੇ ਹਨ।

**ਗਾਵਨਿ ਤੁਧਨੋ ਜਤੀ ਸਤੀ ਸੰਤੋਖੀ**
**ਗਾਵਨਿ ਤੁਧਨੋ ਵੀਰ ਕਰਾਰੇ ॥**

ਅਣਗਿਣਤ ਬ੍ਰਹਮਚਾਰੀ, ਸੱਤਵਾਦੀ, ਸੰਤੋਖੀ ਸੁਭਾਅ ਵਾਲੇ ਤੇ ਸੂਰਮੇ ਯੋਧੇ ਵੀ ਤੈਨੂੰ ਗਾ ਰਹੇ ਹਨ।

**ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ**
**ਜੁਗੁ ਜੁਗੁ ਵੇਦਾ ਨਾਲੇ ॥**

ਹੇ ਅਕਾਲ ਪੁਰਖ! ਅਣਗਿਣਤ, ਪੰਡਿਤ ਤੇ ਮਹਾਂਰਿਖੀ ਵੇਦਾਂ ਸਹਿਤ ਜੁਗਾਂ ਜੁਗਾਂਤਰਾਂ ਤੋਂ ਤੇਰਾ ਜਸ ਕਰ ਰਹੇ ਹਨ।

**ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ**
**ਸੁਰਗੁ ਮਛੁ ਪਇਆਲੇ ॥**

ਸਵਰਗ, ਮਾਤ-ਲੋਕ ਤੇ ਪਤਾਲ ਦੀਆਂ ਮਨ ਨੂੰ ਮੋਹਣ ਵਾਲੀਆਂ ਸੁੰਦਰੀਆਂ ਵੀ ਤੈਨੂੰ ਗਾ ਰਹੀਆਂ ਹਨ।

**ਗਾਵਨਿ ਤੁਧਨੋ ਰਤਨ ਉਪਾਏ ਤੇਰੇ**
**ਅਠਸਠਿ ਤੀਰਥ ਨਾਲੇ ॥**

ਹੇ ਪਰਮਾਤਮਾ! ਤੇਰੇ ਪੈਦਾ ਕੀਤੇ ਹੋਏ ਰਤਨ, ਸਮੇਤ ਅਠਾਹਠ ਤੀਰਥਾਂ ਦੇ, ਤੈਨੂੰ ਹੀ ਗਾ ਰਹੇ ਹਨ।

**ਗਾਵਨਿ ਤੁਧਨੋ ਜੋਧ ਮਹਾ ਬਲ ਸੂਰਾ**
**ਗਾਵਨਿ ਤੁਧਨੋ ਖਾਣੀ[1] ਚਾਰੇ ॥**

ਜੋਧੇ, ਮਹਾਂਬਲੀ-ਸੂਰਮੇ ਅਤੇ ਸੰਸਾਰ ਦੀ ਉਤਪਤੀ ਦੀਆਂ ਚਾਰੇ ਖਾਣੀਆਂ ਵੀ ਤੈਨੂੰ ਹੀ ਗਾ ਰਹੀਆਂ ਹਨ।

**ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ**
**ਕਰਿ ਕਰਿ ਰਖੇ ਤੇਰੇ ਧਾਰੇ ॥**

ਤੇਰੇ ਆਸਰੇ ਟਿਕੇ ਹੋਏ, ਅਨੇਕਾਂ ਬ੍ਰਹਿਮੰਡ ਤੇ ਉਨ੍ਹਾਂ ਦੇ ਵੱਖ-ਵੱਖ ਹਿੱਸੇ ਤੈਨੂੰ ਹੀ ਗਾ ਰਹੇ ਹਨ।

**ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ**
**ਰਤੇ ਤੇਰੇ ਭਗਤ ਰਸਾਲੇ ॥**

ਹੇ ਪ੍ਰਭੂ! ਤੇਰੇ ਪਿਆਰ ਅਤੇ ਰਸ ਵਿੱਚ ਭਿੱਜ ਕੇ ਜੋ ਤੈਨੂੰ ਗਾਉਂਦੇ ਹਨ ਉਹ ਤੈਨੂੰ ਚੰਗੇ ਲਗਦੇ ਹਨ।

**ਹੋਰਿ ਕੇਤੇ ਤੁਧਨੋ ਗਾਵਨਿ**
**ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥**

ਹੋਰ ਕਿੰਨੇ ਕੁ ਦ੍ਰਿਸ਼ਟ-ਅਦ੍ਰਿਸ਼ਟ ਤੈਨੂੰ ਗਾ ਰਹੇ ਹਨ, ਉਹ ਮੇਰੀ ਸਿਮ੍ਰਤੀ ਵਿੱਚ ਨਹੀਂ ਆਏ। ਮੈਂ ਉਨ੍ਹਾਂ ਪ੍ਰਥਾਇ ਕੀ ਵੀਚਾਰ ਕਰਾਂ?

---

੧.ਅੰਡਜ, ਜੇਰਜ, ਸੇਤਜ, ਉਤਭੁਜ

**ਸੋਈ ਸੋਈ ਸਦਾ ਸਚੁ ਸਾਹਿਬੁ**
**ਸਾਚਾ ਸਾਚੀ ਨਾਈ ॥**

ਉਹ ਅਕਾਲ ਪੁਰਖ ਸਦਾ ਥਿਰ ਹੈ, ਸੱਚਾ ਹੈ, ਉਸ ਦੀ ਸ਼ੋਭਾ ਵੀ ਸਦਾ ਥਿਰ ਰਹਿਣ ਵਾਲੀ ਹੈ।

**ਹੈ ਭੀ ਹੋਸੀ ਜਾਇ ਨ ਜਾਸੀ**
**ਰਚਨਾ ਜਿਨਿ ਰਚਾਈ ॥**

ਜਿਸ ਨੇ ਸੰਸਾਰ ਰਚਨਾ ਰਚੀ ਹੈ, ਉਹ ਹੁਣ ਭੀ ਹੈ, ਪਹਿਲਾਂ ਭੀ ਸੀ, ਅੱਗੇ ਨੂੰ ਵੀ ਹਮੇਸ਼ਾ ਕਾਇਮ ਰਹੇਗਾ। ਉਹ ਕਦੇ ਜੰਮਦਾ ਮਰਦਾ ਨਹੀਂ ਹੈ।

**ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ**
**ਮਾਇਆ ਜਿਨਿ ਉਪਾਈ ॥**

ਜਿਸ ਅਕਾਲ ਪੁਰਖ ਨੇ ਅਨੇਕਾਂ ਰੰਗਾਂ, ਕਿਸਮਾਂ ਤੇ ਜਿਨਸਾਂ ਦੀ ਸ੍ਰਿਸਟੀ ਪੈਦਾ ਕੀਤੀ ਹੈ।

**ਕਰਿ ਕਰਿ ਦੇਖੈ ਕੀਤਾ ਆਪਣਾ**
**ਜਿਉ ਤਿਸ ਦੀ ਵਡਿਆਈ ॥**

ਉਹ ਸਾਰੀ ਕ੍ਰਿਤ ਦੀ ਆਪਣੀ ਰਜ਼ਾ ਅੰਦਰ ਪੂਰੀ-ਪੂਰੀ ਨਿਗਾਹਬਾਨੀ ਤੇ ਸੰਭਾਲ ਕਰ ਰਿਹਾ ਹੈ।

**ਜੋ ਤਿਸੁ ਭਾਵੈ ਸੋਈ ਕਰਸੀ**
**ਫਿਰਿ ਹੁਕਮੁ ਨ ਕਰਣਾ ਜਾਈ ॥**

ਜੋ ਅਕਾਲ ਪੁਰਖ ਨੂੰ ਚੰਗਾ ਲੱਗਦਾ ਹੈ, ਉਹ ਕੁਝ ਹੀ ਉਹ ਕਰਦਾ ਹੈ ਉਸ ਦੇ ਹੁਕਮ ਅੱਗੇ ਕੋਈ ਹੀਲ-ਹੁੱਜ਼ਤ ਨਹੀਂ ਕਰ ਸਕਦਾ।

## ਸੋ ਪਾਤਿਸਾਹੁ ਸਾਹਾ ਪਤਿ ਸਾਹਿਬੁ ਨਾਨਕ ਰਹਣੁ ਰਜਾਈ ॥੧॥

ਸਤਿਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਨ ਕਰਦੇ ਹਨ ਕਿ ਅਕਾਲ ਪੁਰਖ ਸ਼ਾਹਾਂ, ਪਾਤਸ਼ਾਹਾਂ ਦਾ ਭੀ ਸ਼ਹਿਨਸ਼ਾਹ ਹੈ। ਉਸ ਦੀ ਰਜ਼ਾ (ਹੁਕਮ) ਵਿੱਚ ਹੀ ਰਹਿਣਾ ਬਣਦਾ ਹੈ।

## *ਆਸਾ ਮਹਲਾ ੧ ॥*

ਰਾਗ ਆਸਾ ਅੰਦਰ ਸਤਿਗੁਰੂ ਨਾਨਕ ਦੇਵ ਜੀ ਦਾ ਉਚਾਰਣ ਕੀਤਾ ਸ਼ਬਦ।

## ਸੁਣਿ ਵਡਾ ਆਖੈ ਸਭੁ ਕੋਇ ॥

ਹੇ ਪਰਮਾਤਮਾ! ਹਰੇਕ ਜੀਵ ਦੂਜਿਆਂ ਪਾਸੋਂ ਸੁਣ ਕੇ ਹੀ ਤੈਨੂੰ ਵੱਡਾ ਆਖਦਾ ਹੈ।

## ਕੇਵਡੁ ਵਡਾ ਡੀਠਾ ਹੋਇ ॥

ਤੂੰ ਕਿੰਨਾ ਕੁ ਵੱਡਾ ਹੈਂ? ਉਹ ਹੀ ਦੱਸ ਸਕਦਾ ਹੈ ਜਿਸ ਨੇ ਤੇਰੇ ਦਰਸ਼ਨ ਕੀਤੇ ਹੋਣ।

## ਕੀਮਤਿ ਪਾਇ ਨ ਕਹਿਆ ਜਾਇ ॥

ਹੇ ਵਾਹਿਗੁਰੂ! ਨਾ ਤੇਰੀ ਕੀਮਤ ਪਾਈ ਜਾ ਸਕਦੀ ਹੈ ਅਤੇ ਨਾ ਹੀ ਤੇਰੀ ਵਡਿਆਈ ਵਰਨਣ ਕੀਤੀ ਜਾ ਸਕਦੀ ਹੈ।

## ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥

ਤੇਰੀ ਵਡਿਆਈ ਆਖਣ ਵਾਲੇ ਆਪਾ-ਭਾਵ ਮਿਟਾ ਕੇ ਤੇਰੇ ਵਿੱਚ ਹੀ ਸਮਾ ਜਾਂਦੇ ਹਨ।

## ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥

ਹੇ ਮੇਰੇ ਵੱਡੇ ਸਾਹਿਬ! ਤੂੰ ਮਾਨੋ ਇੱਕ ਡੂੰਘਾ ਸਮੁੰਦਰ, ਵੱਡੇ ਜਿਗਰੇ ਵਾਲਾ ਤੇ ਗੁਣਾਂ ਦਾ ਖਜ਼ਾਨਾ ਹੈਂ।

**ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥੧॥ਰਹਾਉ॥**

ਹੇ ਵਾਹਿਗੁਰੂ! ਤੇਰੇ ਕੁਦਰਤ ਪਸਾਰੇ ਦੇ ਅੰਤ ਨੂੰ ਕੋਈ ਨਹੀਂ ਜਾਣ ਸਕਦਾ। ਰਹਾਉ।

**ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥**

ਸੁਰਤੀ ਜੋੜਨ ਵਾਲਿਆਂ ਨੇ ਤੇਰੀ ਕੀਮਤ ਪਾਉਣ ਲਈ ਮੁੜ ਮੁੜ ਕੇ ਸੁਰਤੀ ਜੋੜਨ ਦੇ ਯਤਨ ਕੀਤੇ।

**ਸਭ ਕੀਮਤਿ ਮਿਲਿ ਕੀਮਤਿ ਪਾਈ ॥**

ਸਾਰੇ ਕੀਮਤ ਪਾਉਣ ਵਾਲਿਆਂ ਨੇ ਵੀ ਆਪਣੀ ਪੂਰੀ ਵਾਹ ਲਾਈ।

**ਗਿਆਨੀ ਧਿਆਨੀ ਗੁਰ ਗੁਰ ਹਾਈ ॥**

ਬੜੇ-ਬੜੇ ਪ੍ਰਸਿੱਧ ਸ਼ਾਸ਼ਤਰਕਾਰਾਂ, ਧਿਆਨ ਸਮਾਧੀ ਲਾਉਣ ਵਾਲਿਆਂ ਤੇ ਇਨ੍ਹਾਂ ਤੋਂ ਹੋਰ ਵੱਡਿਆਂ ਨੇ ਵੀ ਤੇਰੀ ਕੀਮਤ ਪਾਉਣ ਦਾ ਯਤਨ ਕੀਤਾ।

**ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥**

ਪਰ ਇਹ ਸਾਰੇ ਆਪ ਜੀ ਦੀ ਇੱਕ ਤਿੱਲ ਜਿੰਨੀ ਵੀ ਕੀਮਤ ਨਹੀਂ ਪਾ ਸਕੇ।

**ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥**
**ਸਿਧਾ ਪੁਰਖਾ ਕੀਆ ਵਡਿਆਈਆ ॥**

ਹੇ ਪ੍ਰਭੂ! ਸਾਰੇ ਪੁੰਨ ਦਾਨ ਸਾਰੇ ਜਪ ਤਪ ਤੇ ਸਾਰੇ ਚੰਗੇ ਗੁਣ ਅਤੇ ਸਿੱਧਾਂ ਪੁਰਖਾਂ ਨੂੰ ਜੋ ਵੀ ਵਡਿਆਈਆਂ ਮਿਲੀਆਂ ਹਨ।

**ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥**

ਪਰ ਇਹ ਸਾਰੀਆਂ ਸਿੱਧੀਆਂ ਤੇ ਵਡਿਆਈਆਂ ਤੁਹਾਡੀ ਬਖਸ਼ਿਸ਼ ਤੋਂ ਬਿਨਾਂ ਕਿਸੇ ਨੂੰ ਪ੍ਰਾਪਤ ਨਹੀਂ ਹੋ ਸਕੀਆਂ।

## ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥

ਤੁਹਾਡੀ ਬਖਸ਼ਿਸ਼ ਨਾਲ ਜਿਸ ਨੂੰ ਇਹ ਦਾਤਾਂ ਮਿਲ ਜਾਣ ਉਸ ਵਿੱਚ ਹੋਰ ਕੋਈ ਰੋਕ ਨਹੀਂ ਪਾ ਸਕਦਾ।

## ਆਖਣ ਵਾਲਾ ਕਿਆ ਵੇਚਾਰਾ ॥

ਹੇ ਪ੍ਰਭੂ! ਜੀਵ ਵਿਚਾਰੇ ਦੀ ਕੀ ਹਸਤੀ ਹੈ ਕਿ ਤੇਰੇ ਪ੍ਰਤੀ ਕੁਝ ਆਖ ਸਕੇ।

## ਸਿਫਤੀ ਭਰੇ ਤੇਰੇ ਭੰਡਾਰਾ ॥

ਹੇ ਪ੍ਰਭੂ! ਤੇਰੀਆਂ ਵਡਿਆਈਆਂ ਤੇ ਸਿਫਤਾਂ ਦੇ ਭੰਡਾਰੇ ਭਰੇ ਪਏ ਹਨ।

## ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥

ਜਿਸ ਕਿਸੇ ਨੂੰ ਤੁਸੀਂ ਆਪਣੀ ਸਿਫਤ-ਸਲਾਹ ਦੀ ਦਾਤ ਬਖਸ਼ਿਸ਼ ਕਰ ਦਿੰਦੇ ਹੋ, ਉਹ ਤੁਹਾਡੀ ਨਿਰੋਲ ਮਿਹਰ ਹੈ। ਮਨੁੱਖ ਦਾ ਉਸ ਵਿੱਚ ਕੋਈ ਜੋਰ ਨਹੀਂ।

## ਨਾਨਕ ਸਚੁ ਸਵਾਰਣਹਾਰਾ ॥੪॥੨॥

ਸਤਿਗੁਰੂ ਨਾਨਕ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਸੱਚਾ ਪ੍ਰਭੂ ਹੀ ਸਾਰਿਆਂ ਨੂੰ ਆਪਣੀ ਸਿਫਤ-ਸਲਾਹ ਦੀ ਦਾਤ ਪ੍ਰਦਾਨ ਕਰਕੇ ਉਨ੍ਹਾਂ ਦੀ ਆਤਮਾ ਨੂੰ ਸੰਵਾਰ ਦਿੰਦਾ ਹੈ।

## *ਆਸਾ ਮਹਲਾ ੧ ॥*

ਰਾਗ ਆਸਾ ਅੰਦਰ ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ।

## ਆਖਾ ਜੀਵਾ ਵਿਸਰੈ ਮਰਿ ਜਾਉ ॥

ਜਦੋਂ ਮੈਂ ਪਰਮਾਤਮਾ ਦਾ ਨਾਮ ਜਪਦਾ ਹਾਂ ਤਾਂ ਮੈਨੂੰ ਆਤਮਿਕ ਜੀਵਨ ਮਿਲਦਾ ਹੈ। ਜਦੋਂ ਮੈਨੂੰ ਪਰਮਾਤਮਾ ਦਾ ਨਾਮ ਭੁੱਲ ਜਾਂਦਾ ਹੈ ਤਦੋਂ ਮੇਰੀ ਆਤਮਿਕ ਮੌਤ ਹੋ ਜਾਂਦੀ ਹੈ।

## ਆਖਣਿ ਅਉਖਾ ਸਾਚਾ ਨਾਉ ॥

ਪਰ ਪਰਮਾਤਮਾ ਦਾ ਨਾਮ ਜਪਣਾ ਬਹੁਤ ਔਖਾ ਕਰਮ ਹੈ।

## ਸਾਚੇ ਨਾਮ ਕੀ ਲਾਗੈ ਭੂਖ ॥

ਜਿਸ ਵਡਭਾਗੇ ਜੀਵ ਦੇ ਹਿਰਦੇ ਅੰਦਰ ਪ੍ਰਭੂ ਨਾਮ ਜਪਣ ਦੀ ਭੁੱਖ ਲੱਗ ਜਾਂਦੀ ਹੈ।

## ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥

ਉਸ ਭੁੱਖ ਅਧੀਨ ਜਪੇ ਨਾਮ ਨਾਲ ਸਾਰੇ ਦੁੱਖ ਦੂਰ ਹੋ ਜਾਂਦੇ ਹਨ।

## ਸੋ ਕਿਉ ਵਿਸਰੈ ਮੇਰੀ ਮਾਇ ॥

ਹੇ ਮੇਰੀ ਮਾਤਾ! ਅਰਦਾਸ ਕਰ, ਸੱਚਾ ਵਾਹਿਗੁਰੂ ਮੈਨੂੰ ਕਦੇ ਵੀ ਨਾ ਭੁੱਲੇ।

## ਸਾਚਾ ਸਾਹਿਬੁ ਸਾਚੈ ਨਾਇ ॥੧॥ਰਹਾਉ॥

ਪਰਮਾਤਮਾ ਸਦਾ ਸੱਚਾ ਹੈ। ਉਸ ਦਾ ਨਾਮ ਵੀ ਸਦਾ ਸੱਚ ਹੈ।

## ਸਾਚੇ ਨਾਮ ਕੀ ਤਿਲੁ ਵਡਿਆਈ ॥
## ਆਖਿ ਥਕੇ ਕੀਮਤਿ ਨਹੀ ਪਾਈ ॥

ਗੁਣੀ ਜਨ, ਸੱਚੇ ਨਾਮ ਦੀ ਵਡਿਆਈ ਆਖ ਆਖ ਕੇ ਥੱਕ ਗਏ ਹਨ, ਪਰ ਸੱਚੇ ਨਾਮ ਦੀ ਇੱਕ ਤਿਲ ਜਿੰਨੀ ਵੀ ਕਿਸੇ ਪਾਸੋਂ ਕੀਮਤ ਨਹੀਂ ਪਾਈ ਗਈ।

## ਜੇ ਸਭਿ ਮਿਲਿ ਕੈ ਆਖਣ ਪਾਹਿ ॥

ਜੇ ਸਾਰੇ ਸੰਸਾਰ ਦੇ ਜੀਵ ਮਿਲ ਕੇ ਵਾਹਿਗੁਰੂ ਪ੍ਰਤੀ ਆਖਣ ਲੱਗ ਜਾਣ।

## ਵਡਾ ਨ ਹੋਵੈ ਘਾਟਿ ਨ ਜਾਇ ॥੨॥

ਸਾਰਿਆਂ ਦੇ ਵੱਡਾ ਕਹਿਣ ਨਾਲ ਉਹ ਵੱਡਾ ਨਹੀਂ ਹੋ ਜਾਂਦਾ, ਜੇ ਉਸ ਪ੍ਰਭੂ ਦੀ ਕੋਈ ਵੀ ਵਡਿਆਈ ਨਾਂਹ ਕਰੇ ਤਦ ਉਸ ਵਿੱਚ ਕੋਈ ਘਾਟਾ ਨਹੀਂ ਆਉਂਦਾ।

## ਨਾ ਓਹੁ ਮਰੈ ਨ ਹੋਵੈ ਸੋਗੁ ॥

ਪਰਮਾਤਮਾ ਨਾ ਕਦੇ ਨਾਸ਼ ਹੁੰਦਾ ਹੈ, ਨਾ ਹੀ ਉਸ ਦੇ ਪਿਆਰਿਆਂ ਨੂੰ ਉਸ ਦੇ ਵਿਛੋੜੇ ਦਾ ਸੋਗ ਹੁੰਦਾ ਹੈ।

## ਦੇਦਾ ਰਹੈ ਨ ਚੂਕੈ ਭੋਗੁ ॥

ਪ੍ਰਭੂ ਸਦੀਵ ਕਾਲ ਦਾਤਾਂ ਦਿੰਦਾ ਹੈ ਪਰ ਉਸ ਦੇ ਭੰਡਾਰਿਆਂ ਵਿੱਚ ਕਦੇ ਕਮੀਂ ਨਹੀਂ ਆਉਂਦੀ।

## ਗੁਣੁ ਏਹੋ ਹੋਰੁ ਨਾਹੀ ਕੋਇ ॥
## ਨਾ ਕੋ ਹੋਆ ਨਾ ਕੋ ਹੋਇ ॥੩॥

ਪਰਮਾਤਮਾ ਦਾ ਸਭ ਤੋਂ ਵੱਡਾ ਗੁਣ ਇਹ ਹੀ ਹੈ ਕਿ ਉਸ ਵਰਗਾ ਨਾ ਕੋਈ ਪਹਿਲਾਂ ਸੀ ਨਾ ਹੁਣ ਹੈ ਤੇ ਨਾ ਹੀ ਅੱਗੇ ਨੂੰ ਕੋਈ ਹੋਵੇਗਾ।

## ਜੇਵਡੁ ਆਪਿ ਤੇਵਡ ਤੇਰੀ ਦਾਤਿ ॥

ਜਿੰਨਾਂ ਵੱਡਾ ਪਰਮੇਸ਼ਰ ਆਪ ਹੈ, ਉਨੀਆਂ ਵੱਡੀਆਂ ਹੀ ਦਾਤਾਂ ਉਸ ਨੇ ਸੰਸਾਰ ਨੂੰ ਦਿੱਤੀਆਂ ਹਨ।

## ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥

ਸਾਰੇ ਸੰਸਾਰ ਦੀ ਕਾਰ ਚਲਾਉਣ ਵਾਸਤੇ ਉਸ ਨੇ ਦਿਨ ਬਣਾ ਕੇ ਨਾਲ ਹੀ ਰਾਤ ਬਣਾ ਦਿੱਤੀ ਹੈ।

## ਖਸਮੁ ਵਿਸਾਰਹਿ ਤੇ ਕਮਜਾਤਿ ॥
## ਨਾਨਕ ਨਾਵੈ ਬਾਝੁ ਸਨਾਤਿ ॥੪॥੩॥

ਜਿਹੜੇ ਮਨੁੱਖ ਪਰਮਾਤਮਾ ਦੇ ਪਰਉਪਕਾਰਾਂ ਨੂੰ ਭੁਲਾ ਦਿੰਦੇ ਹਨ ਉਹ ਮਨੁੱਖ ਨੀਚ ਤੇ ਕਮੀਨੇ ਹਨ। ਸਤਿਗੁਰੂ ਨਾਨਕ ਪਾਤਸ਼ਾਹ ਫੁਰਮਾਨ ਕਰਦੇ ਹਨ ਜੋ ਮਨੁੱਖ ਪ੍ਰਭੂ ਦਾ ਨਾਮ ਨਹੀਂ ਜਪਦੇ, ਉਹ ਮਨੁੱਖ ਨੀਚਾਂ ਤੋਂ ਵੀ ਅੱਤ ਨੀਚੇ ਹਨ।

## *ਰਾਗੁ ਗੂਜਰੀ ਮਹਲਾ ੪ ॥*

ਗੁਰੂ ਰਾਮਦਾਸ ਜੀ ਦਾ ਗੂਜਰੀ ਰਾਗ ਵਿੱਚ ਉਚਾਰਨ ਕੀਤਾ ਸ਼ਬਦ

**ਹਰਿ ਕੇ ਜਨ ਸਤਿਗੁਰ ਸਤਪੁਰਖਾ**
**ਬਿਨਉ ਕਰਉ ਗੁਰ ਪਾਸਿ ॥**

ਹੇ ਹਰੀ ਦੇ ਪਿਆਰੇ ਸਤਿਗੁਰੂ ਸਤਪੁਰਖ ਜੀ! ਮੈਂ ਆਪ ਜੀ ਦੇ ਚਰਨਾਂ ਵਿੱਚ ਇੱਕ ਬੇਨਤੀ ਕਰਦਾ ਹਾਂ।

**ਹਮ ਕੀਰੇ ਕਿਰਮ ਸਤਿਗੁਰ ਸਰਣਾਈ**
**ਕਰਿ ਦਇਆ ਨਾਮੁ ਪਰਗਾਸਿ ॥੧॥**

ਹੇ ਸਤਿਗੁਰੂ! ਅਸੀਂ ਤੁਛ ਜੀਵ ਆਪ ਜੀ ਦੀ ਸ਼ਰਣ ਵਿੱਚ ਆਏ ਹਾਂ। ਕ੍ਰਿਪਾ ਕਰਕੇ ਸਾਡੇ ਹਿਰਦੇ ਅੰਦਰ ਨਾਮ ਦਾ ਪ੍ਰਕਾਸ਼ ਕਰ ਦੇਵੋ ਜੀ।

**ਮੇਰੇ ਮੀਤ ਗੁਰਦੇਵ**
**ਮੋ ਕਉ ਰਾਮ ਨਾਮੁ ਪਰਗਾਸਿ ॥**

ਹੇ ਮੇਰੇ ਮਿੱਤ੍ਰ ਗੁਰਦੇਵ ਜੀ! ਕ੍ਰਿਪਾ ਕਰੋ ਮੇਰੇ ਹਿਰਦੇ ਵਿੱਚ ਨਾਮ ਦਾ ਪ੍ਰਕਾਸ਼ ਕਰ ਦੇਵੋ ਜੀ।

**ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ**
**ਹਰਿ ਕੀਰਤਿ ਹਮਰੀ ਰਹਰਾਸਿ ॥੧॥ਰਹਾਉ॥**

ਗੁਰੂ ਦਾ ਬਖਸ਼ਿਸ਼ ਕੀਤਾ ਨਾਮ ਮੇਰੇ ਪ੍ਰਾਣਾਂ ਦਾ ਅਧਾਰ ਬਣ ਜਾਵੇ ਤੇ ਪ੍ਰਮਾਤਮਾ ਦੀ ਸਿਫਤ-ਸਲਾਹ ਮੇਰੇ ਜੀਵਨ ਦੀ ਮਰਿਯਾਦਾ ਬਣ ਜਾਵੇ।

**ਹਰਿ ਜਨ ਕੇ ਵਡ ਭਾਗ ਵਡੇਰੇ**
**ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥**

ਉਨ੍ਹਾਂ ਹਰੀ ਦੇ ਸੇਵਕਾਂ ਦੇ ਬਹੁਤ ਉੱਚੇ ਭਾਗ ਹਨ, ਜਿਨ੍ਹਾਂ ਦੇ ਹਿਰਦੇ

ਅੰਦਰ ਨਾਮ ਜਪਣ ਲਈ ਸ਼ਰਧਾ ਤੇ ਪਿਆਸ ਬਣ ਗਈ ਹੈ।

**ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ**
**ਮਿਲਿ ਸੰਗਤਿ ਗੁਣ ਪਰਗਾਸਿ ॥੨॥**

ਪਰਮਾਤਮਾ ਦਾ ਨਾਮ ਜਪਣ ਨਾਲ ਨਾਮੀਆਂ ਨੂੰ ਤ੍ਰਿਪਤੀ ਮਿਲਦੀ ਹੈ। ਸਤਸੰਗਤ ਕਰਨ ਨਾਲ ਉਨ੍ਹਾਂ ਅੰਦਰ ਦੈਵੀ ਗੁਣ ਪ੍ਰਗਟ ਹੋ ਜਾਂਦੇ ਹਨ।

**ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ**
**ਤੇ ਭਾਗਹੀਣ ਜਮ ਪਾਸਿ ॥**

ਜਿਨ੍ਹਾਂ ਨੇ ਮਨੁੱਖਾ ਜਨਮ ਪ੍ਰਾਪਤ ਕਰ ਕੇ, ਪਰਮਾਤਮਾ ਦੇ ਨਾਮ ਰਸ ਨੂੰ ਨਹੀਂ ਮਾਣਿਆਂ ਅਜਿਹੇ ਭਾਗਹੀਣ ਮਨੁੱਖ ਸਜਾਵਾਂ ਭੁਗਤਾਣ ਲਈ ਜਮਾਂ ਦੇ ਵਸ ਪਾਏ ਜਾਣਗੇ।

**ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ**
**ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥**

ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਸ਼ਰਣ ਪ੍ਰਾਪਤ ਨਹੀਂ ਕੀਤੀ ਅਤੇ ਨਾ ਹੀ ਸਤਸੰਗਤ ਕਰਦੇ ਹਨ, ਅਜਿਹੇ ਮਨੁੱਖਾਂ ਦੇ ਜੀਵਨ ਨੂੰ ਲਾਹਣਤ ਹੈ। ਉਹ ਫਿਟਕਾਰਯੋਗ ਹਨ।

**ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ**
**ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥**

ਜਿਨ੍ਹਾਂ ਗੁਰਮੁਖਾਂ ਨੇ ਹਰੀ ਜਨਾਂ ਦੀ ਸੰਗਤ ਕੀਤੀ ਤੇ ਗੁਰੂ ਸ਼ਰਣ ਵਿੱਚ ਆ ਗਏ, ਸਮਝੋ ਧੁਰੋਂ ਉਨ੍ਹਾਂ ਦੇ ਮੱਥੇ ਦਾ ਚੰਗਾ ਲੇਖ ਪ੍ਰਗਟ ਹੋਇਆ।

**ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ**
**ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥**

ਧੰਨ ਹੈ ਸਤਸੰਗਤ ਧੰਨ ਹੈ ਸਤਸੰਗਤ, ਜਿਸ ਵਿੱਚ ਬੈਠਿਆਂ

ਪਰਮਾਤਮਾ ਦੇ ਨਾਮ ਦਾ ਰਸ ਪ੍ਰਾਪਤ ਹੁੰਦਾ ਹੈ ਤੇ ਹਿਰਦੇ ਵਿੱਚ ਨਾਮ ਦਾ ਪ੍ਰਕਾਸ਼ ਤੇ ਨਿਵਾਸ ਹੋ ਜਾਂਦਾ ਹੈ।

## ਰਾਗੁ ਗੂਜਰੀ ਮਹਲਾ ੫ ॥

ਗੂਜਰੀ ਰਾਗ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਸ਼ਬਦ

**ਕਾਹੇ ਰੇ ਮਨ ਚਿਤਵਹਿ ਉਦਮੁ**
**ਜਾ ਆਹਰਿ ਹਰਿ ਜੀਉ ਪਰਿਆ ॥**

ਹੇ ਮਨ! ਤੂੰ ਦਿਨ ਰਾਤ ਰੋਜ਼ੀ ਰੋਟੀ ਲਈ ਕਿਉਂ ਚਿਤਵਨੀਆਂ ਕਰਦਾ ਹੈਂ, ਜਦੋਂ ਕਿ ਕਰਤਾ-ਪੁਰਖ ਤੈਨੂੰ ਰਿਜ਼ਕ ਪਹੁੰਚਾਉਣ ਦੇ ਆਹਰ ਵਿੱਚ ਖੁੱਦ ਲੱਗਾ ਹੋਇਆ ਹੈ।

**ਸੈਲ ਪਥਰ ਮਹਿ ਜੰਤ ਉਪਾਏ**
**ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥**

ਪਰਮਾਤਮਾ ਨੇ ਪਹਾੜਾਂ ਤੇ ਪੱਥਰਾਂ ਵਿੱਚ ਵੀ ਜੀਵ ਪੈਦਾ ਕੀਤੇ ਹਨ ਉਨ੍ਹਾਂ ਦੀ ਰੋਜ਼ੀ, ਉਨ੍ਹਾਂ ਦੇ ਪੈਦਾ ਹੋਣ ਤੋਂ ਪਹਿਲਾਂ ਹੀ ਉੱਥੇ ਰੱਖੀ ਹੋਈ ਹੈ।

**ਮੇਰੇ ਮਾਧਉ ਜੀ**
**ਸਤਸੰਗਤਿ ਮਿਲੇ ਸੁ ਤਰਿਆ ॥**

ਹੇ ਮੇਰੇ ਪਰਮਾਤਮਾ! ਜਿਹੜੇ ਮਨੁੱਖ ਸਤਸੰਗਤ ਕਰਦੇ ਹਨ ਉਨ੍ਹਾਂ ਦਾ ਨਿਸਤਾਰਾ ਹੋ ਜਾਂਦਾ ਹੈ।

**ਗੁਰ ਪਰਸਾਦਿ ਪਰਮ ਪਦੁ ਪਾਇਆ**
**ਸੂਕੇ ਕਾਸਟ ਹਰਿਆ ॥੧॥ਰਹਾਉ॥**

ਗੁਰੂ ਦੀ ਮਿਹਰ ਨਾਲ ਜਿਸ ਨੂੰ ਪਰਮ-ਪਦ ਦੀ ਪ੍ਰਾਪਤੀ ਹੋ ਜਾਂਦੀ ਹੈ, ਉਸ ਦਾ ਸੁੱਕੇ ਕਾਠ ਵਰਗਾ ਹਿਰਦਾ ਭੀ ਹਰਾ-ਭਰਾ ਹੋ ਜਾਂਦਾ ਹੈ।

**ਜਨਨਿ ਪਿਤਾ ਲੋਕ ਸੁਤ ਬਨਿਤਾ**
**ਕੋਇ ਨ ਕਿਸ ਕੀ ਧਰਿਆ ॥**

ਮਾਤਾ-ਪਿਤਾ, ਪੁੱਤਰ, ਇਸਤ੍ਰੀ ਤੇ ਹੋਰ ਸਾਕ ਸਨਬੰਧੀ ਲੋਕ ਕਿਸੇ ਦਾ ਆਸਰਾ ਨਹੀਂ ਬਣਦੇ।

**ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ**
**ਕਾਹੇ ਮਨ ਭਉ ਕਰਿਆ ॥੨॥**

ਹੇ ਮਨ! ਤੂੰ ਕਿਉਂ ਡਰੀ ਜਾ ਰਿਹਾ ਹੈਂ ਜਦੋ ਕਿ ਪਾਲਣਹਾਰ ਪ੍ਰਭੂ, ਹਰ ਇੱਕ ਨੂੰ ਆਪ ਹੀ ਰਿਜ਼ਕ ਪਹੁੰਚਾ ਰਿਹਾ ਹੈ।

**ਊਡੇ ਊਡਿ ਆਵੈ ਸੈ ਕੋਸਾ**
**ਤਿਸੁ ਪਾਛੈ ਬਚਰੇ ਛਰਿਆ ॥**

ਹੇ ਮਨ! ਵੇਖ ਕੂੰਜਾਂ ਸੈਂਕੜੇ ਕੋਹਾਂ ਤੋਂ ਉੱਡ ਕੇ ਆ ਜਾਂਦੀਆਂ ਹਨ। ਪਿੱਛੇ ਆਪਣੇ ਬੱਚੇ ਇਕੱਲੇ ਛੱਡ ਆਉਂਦੀਆਂ ਹਨ।

**ਤਿਨ ਕਵਣੁ ਖਲਾਵੈ ਕਵਣੁ ਚੁਗਾਵੈ**
**ਮਨ ਮਹਿ ਸਿਮਰਨੁ ਕਰਿਆ ॥੩॥**

ਹੇ ਮਨ! ਤੂੰ ਹੀ ਦੱਸ ਉਨ੍ਹਾਂ ਨੂੰ ਕੌਣ ਖਵਾਲਦਾ ਹੈ? ਕੌਣ ਚੋਗਾ ਪਾਉਂਦਾ ਹੈ? ਕੂੰਜਾਂ ਆਪ ਚੋਗਾ ਚੁਗ ਕੇ ਆਪਣੇ ਬੱਚਿਆਂ ਦਾ ਧਿਆਨ ਧਰਦੀਆਂ ਹਨ। ਇਸੇ ਵਸੀਲੇ ਨਾਲ ਪਰਮਾਤਮਾ ਉਨ੍ਹਾਂ ਦੀ ਪਾਲਣਾ ਕਰਦਾ ਹੈ।

**ਸਭਿ ਨਿਧਾਨ ਦਸ ਅਸਟ ਸਿਧਾਨ**
**ਠਾਕੁਰ ਕਰ ਤਲ ਧਰਿਆ ॥**

ਪਰਮਾਤਮਾ ਨੇ ਨੌ-ਨਿਧੀਆਂ, ਅਠਾਰਾਂ-ਸਿੱਧੀਆਂ ਦੇ ਖਜ਼ਾਨੇ ਜੀਵਾਂ ਨੂੰ ਦੇਣ ਲਈ ਆਪਣੇ ਹੱਥ ਦੀ ਤਲੀ ਉੱਪਰ ਰੱਖੇ ਹਨ।

## ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ॥੪॥੫॥

ਸਤਿਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ ਕਿ ਹੇ ਦਾਤਾਰ! ਤੈਥੋਂ ਸਦਾ ਸਦਾ ਵਾਰੇ-ਫੇਰੇ ਜਾਣਾ ਚਾਹੀਦਾ ਹੈ, ਤੇਰੇ ਆਰਲੇ-ਪਾਰਲੇ ਕੰਢੇ ਦਾ ਕੋਈ ਅੰਤ ਨਹੀਂ। ਤੂੰ ਬਿਅੰਤ ਹੈਂ। ਤੂੰ ਬਿਅੰਤ ਹੈਂ।

## ਰਾਗੁ ਆਸਾ ਮਹਲਾ ੪ ਸੋ ਪੁਰਖੁ

ਆਸਾ ਰਾਗ ਅੰਦਰ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ। ਉਹ ਪੁਰਖ ਪਰਮਾਤਮਾ

## ੴ ਸਤਿਗੁਰ ਪ੍ਰਸਾਦਿ ॥

ਪਰਮਾਤਮਾ ਇੱਕ ਤੇ ਅਦੁੱਤੀ ਹੈ ਸਾਰਾ ਦ੍ਰਿਸ਼ਟ-ਅਦ੍ਰਿਸ਼ਟ ਪਸਾਰਾ ਉਸ ਦਾ ਹੈ। ਉਹ ਗੁਰੂ ਦੀ ਮਿਹਰ ਨਾਲ ਮਿਲਦਾ ਹੈ।

## ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ॥

ਉਹ ਪਰਮਾਤਮਾ ਸਾਰਿਆਂ ਵਿੱਚ ਵਿਆਪਕ ਹੈ ਪਰ ਮਾਇਆ ਦੇ ਪ੍ਰਭਾਵ ਤੋਂ ਅਲੇਪ ਹੈ। ਉਹ ਮਨ ਤੇ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ ਅਤੇ ਬਿਅੰਤ ਹੈ।

## ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ ॥

ਹੇ ਸੱਚੇ ਸਿਰਜਣਹਾਰ ਪ੍ਰਭੂ! ਸਾਰੇ ਜੀਵ ਆਪ ਨੂੰ ਹੀ ਧਿਆਉਂਦੇ ਹਨ।

## ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥

ਹੇ ਪ੍ਰਭੂ! ਸਾਰੇ ਜੀਵ-ਜੰਤ ਤੇਰੇ ਹੀ ਪੈਦਾ ਕੀਤੇ ਹੋਏ ਹਨ, ਤੂੰ ਹੀ ਸਾਰਿਆਂ ਦਾ ਰਿਜ਼ਕ ਦਾਤਾ ਹੈਂ।

**ਹਰਿ ਧਿਆਵਹੁ ਸੰਤਹੁ ਜੀ**
**ਸਭਿ ਦੂਖ ਵਿਸਾਰਣਹਾਰਾ ॥**

ਹੇ ਸਤਿਕਾਰਯੋਗ ਸੰਤ ਜਨੋਂ! ਤੁਸੀਂ ਪਰਮਾਤਮਾ ਨੂੰ ਹੀ ਧਿਆਵੋ। ਕਿਉਂਕਿ ਪਰਮਾਤਮਾ ਹੀ ਸਾਰੇ ਦੁੱਖਾਂ ਦਾ ਨਾਸ਼ਕ ਹੈ।

**ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ**
**ਕਿਆ ਨਾਨਕ ਜੰਤ ਵਿਚਾਰਾ ॥੧॥**

ਸਤਿਗੁਰੂ ਰਾਮਦਾਸ ਜੀ, ਨਾਨਕ ਛਾਪ ਲਾ ਕੇ ਫੁਰਮਾਉਂਦੇ ਹਨ ਕਿ ਪਰਮਾਤਮਾ ਆਪ ਹੀ ਕਿਤੇ ਮਾਲਕ ਬਣ ਕੇ ਬੈਠਾ ਹੈ, ਕਿਤੇ ਆਪ ਹੀ ਸੇਵਕ ਬਣ ਕੇ ਸੇਵਾ ਕਰਦਾ ਹੈ। ਜੀਵਾਂ ਦੀ ਆਪਣੀ ਕੋਈ [1]ਪਾਇਆਂ ਨਹੀਂ।

**ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ**
**ਹਰਿ ਏਕੋ ਪੁਰਖੁ ਸਮਾਣਾ ॥**

ਹੇ ਪ੍ਰਭੂ! ਤੂੰ ਹਰੇਕ ਸਰੀਰ ਵਿੱਚ ਵਿਆਪਕ ਤੇ ਸਾਰੇ ਜੀਵਾਂ ਵਿੱਚ ਇੱਕ ਰਸ ਰਮਿਆਂ ਹੋਇਆ ਹੈਂ। ਤੈਥੋਂ ਬਿਨਾਂ ਹੋਰ ਕੋਈ ਨਹੀਂ।

**ਇਕਿ ਦਾਤੇ ਇਕਿ ਭੇਖਾਰੀ ਜੀ**
**ਸਭਿ ਤੇਰੇ ਚੋਜ ਵਿਡਾਣਾ ॥**

ਹੇ ਪ੍ਰਭੂ! ਤੇਰੀ ਸੰਸਾਰ ਰਚਨਾ ਵਿੱਚ ਕੋਈ ਦਾਤਾ ਹੈ, ਕੋਈ ਭਿਖਾਰੀ ਬਣ ਕੇ ਮੰਗ ਰਿਹਾ ਹੈ। ਇਹ ਸਾਰਾ ਤੇਰਾ ਹੀ ਖੇਡ ਤਮਾਸ਼ਾ ਹੈ। ਦਾਤੇ ਤੇ ਮੰਗਤੇ ਵਿੱਚ ਤੂੰ ਆਪ ਹੀ ਵਰਤ ਰਿਹਾ ਹੈਂ।

**ਤੂੰ ਆਪੇ ਦਾਤਾ ਆਪੇ ਭੁਗਤਾ ਜੀ**
**ਹਉ ਤੁਧੁ ਬਿਨੁ ਅਵਰੁ ਨ ਜਾਣਾ ॥**

ਹੇ ਪ੍ਰਭੂ! ਤੂੰ ਆਪ ਹੀ ਦਾਤਾਂ ਦੇਣ ਵਾਲਾ ਹੈਂ ਤੇ ਆਪ ਹੀ ਉਨ੍ਹਾਂ

੧. ਹਸਤੀ

ਦਾਤਾਂ ਨੂੰ ਵਰਤਣ ਵਾਲਾ ਹੈਂ। ਇਨ੍ਹਾਂ ਵੱਖ-ਵੱਖ ਰੂਪਾਂ ਵਿੱਚ ਮੈਂ ਤੈਥੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਜਾਣਦਾ।

**ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ**
**ਤੇਰੇ ਕਿਆ ਗੁਣ ਆਖਿ ਵਖਾਣਾ ॥**

ਹੇ ਪਰਮ-ਪੁਰਖ ਪਰਮਾਤਮਾ ਜੀ! ਤੁਸੀਂ ਮਨੁੱਖੀ ਸੂਝ-ਬੂਝ ਤੋਂ ਪਰੇ ਬੇਅੰਤ ਹੋ ਬੇਅੰਤ ਹੋ। ਮੈਂ ਤੇਰੇ ਕਿਹੜੇ ਕਿਹੜੇ ਗੁਣਾਂ ਦਾ ਵਰਣਨ ਕਰਾਂ।

**ਜੋ ਸੇਵਹਿ ਜੋ ਸੇਵਹਿ ਤੁਧੁ ਜੀ**
**ਜਨੁ ਨਾਨਕੁ ਤਿਨ ਕੁਰਬਾਣਾ ॥੨॥**

ਹੇ ਪ੍ਰਭੂ! ਜੋ ਤੇਰਾ ਚਿੰਤਨ ਕਰਦੇ ਹਨ, ਜੋ ਤੇਰਾ ਸਿਮਰਨ ਕਰਦੇ ਹਨ। ਮੈਂ ਉਨ੍ਹਾਂ ਤੋਂ ਕੁਰਬਾਨ ਜਾਂਦਾ ਹਾਂ।

**ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ**
**ਸੇ ਜਨ ਜੁਗ ਮਹਿ ਸੁਖਵਾਸੀ ॥**

ਹੇ ਪ੍ਰਭੂ ਜੀ! ਜਿਹੜੇ ਮਨੁੱਖ ਤੁਹਾਡਾ ਸਿਮਰਨ ਕਰਦੇ ਹਨ ਜੋ ਆਪ ਨੂੰ ਹਰ ਸਮੇਂ ਧਿਆਉਂਦੇ ਹਨ, ਉਹ ਜੀਵ ਆਪਣੀ ਜਿੰਦਗੀ ਅੰਦਰ ਸੁੱਖ ਮਾਣਦੇ ਹਨ।

**ਸੇ ਮੁਕਤੁ ਸੇ ਮੁਕਤੁ ਭਏ**
**ਜਿਨ ਹਰਿ ਧਿਆਇਆ ਜੀ**
**ਤਿਨ ਤੂਟੀ ਜਮ ਕੀ ਫਾਸੀ ॥**

ਹੇ ਪ੍ਰਭੂ! ਜਿਨ੍ਹਾਂ ਜੀਵਾਂ ਨੇ ਤੁਹਾਡੇ ਨਾਮ ਦਾ ਅਰਾਧਨ ਕੀਤਾ, ਉਹ ਮਾਇਆ ਮੋਹ ਦੇ ਬੰਧਨਾਂ ਤੋਂ ਮੁਕਤ ਹੋ ਗਏ। ਉਨ੍ਹਾਂ ਦੀ ਜਮਾਂ ਦੀ ਫਾਹੀ ਵੀ ਕੱਟੀ ਗਈ।

**ਜਿਨ ਨਿਰਭਉ**

**ਜਿਨ ਹਰਿ ਨਿਰਭਉ ਧਿਆਇਆ ਜੀ**

**ਤਿਨ ਕਾ ਭਉ ਸਭੁ ਗਵਾਸੀ ॥**

ਜਿਨ੍ਹਾਂ ਜਿਨ੍ਹਾਂ ਨੇ ਨਿਰਭਉ ਪਰਮਾਤਮਾ ਦੇ ਨਾਮ ਦਾ ਜਪ ਕੀਤਾ, ਪਰਮਾਤਮਾ ਨੇ ਉਨ੍ਹਾਂ ਦੇ ਸਾਰੇ ਡਰ ਦੂਰ ਕਰ ਦਿੱਤੇ।

**ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ**

**ਤੇ ਹਰਿ ਹਰਿ ਰੂਪਿ ਸਮਾਸੀ ॥**

ਜਿਨ੍ਹਾਂ ਜਿਨ੍ਹਾਂ ਜਗਿਆਸੂਆਂ ਨੇ ਇੱਕ-ਮਨ ਇੱਕ-ਚਿੱਤ ਹੋ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕੀਤਾ, ਨਾਮ ਸਿਮਰਨ ਦੀ ਬਰਕਤ ਨਾਲ ਉਹ ਹਰੀ ਪ੍ਰਭੂ ਦੇ ਸਰੂਪ ਵਿੱਚ ਹੀ ਸਮਾ ਗਏ।

**ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ**

**ਜਨੁ ਨਾਨਕੁ ਤਿਨ ਬਲਿ ਜਾਸੀ ॥੩॥**

ਉਹ ਜੀਵ ਧੰਨਤਾ ਦੇ ਯੋਗ ਹਨ, ਉਹ ਨਿਸ਼ਚੇ ਹੀ ਧੰਨ ਹਨ, ਜਿਨ੍ਹਾਂ ਨੇ ਪਰਮਾਤਮਾ ਦੇ ਨਾਮ ਦਾ ਅਰਾਧਨ ਕੀਤਾ। ਮੈਂ ਉਨ੍ਹਾਂ ਤੋ ਸਦਕੇ ਜਾਂਦਾ ਹਾਂ।

**ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ**

**ਭਰੇ ਬਿਅੰਤ ਬੇਅੰਤਾ ॥**

ਹੇ ਪ੍ਰਭੂ! ਤੇਰੀ ਭਗਤੀ ਦੇ ਬਿਅੰਤ ਭੰਡਾਰ ਭਰੇ ਪਏ ਹਨ।

**ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ**

**ਹਰਿ ਅਨਿਕ ਅਨੇਕ ਅਨੰਤਾ ॥**

ਹੇ ਪ੍ਰਭੂ! ਤੇਰੇ ਅਨੇਕਾਂ ਹੀ ਭਗਤ ਜੋ ਅਨੇਕ ਪ੍ਰਕਾਰ ਨਾਲ, ਤੇਰੀ ਸਿਫਤ-ਸਲਾਹ, ਅਨੰਤ ਕਾਲ ਤੋਂ ਕਰਦੇ ਆ ਰਹੇ ਹਨ।

**ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ**
**ਤਪੁ ਤਾਪਹਿ ਜਪਹਿ ਬੇਅੰਤਾ ॥**

ਹੇ ਪਰਮਾਤਮਾ! ਤੈਨੂੰ ਮਿਲਣ ਲਈ ਬੇਅੰਤ ਲੋਕ ਅਨੇਕ ਪ੍ਰਕਾਰ ਨਾਲ ਤੁਹਾਡੀ ਪੂਜਾ ਕਰਦੇ ਹਨ। ਅਨੇਕ ਪ੍ਰਕਾਰੀ ਜਪ ਤੇ ਤਪ ਸਾਧਨਾ ਕਰਦੇ ਹਨ।

**ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ**
**ਕਰਿ ਕਿਰਿਆ ਖਟੁ ਕਰਮ ਕਰੰਤਾ ॥**

ਹੇ ਪ੍ਰਭੂ! ਤੇਰੇ ਅਨੇਕਾਂ ਸੇਵਕ ਛੇ-ਸ਼ਾਸ਼ਤ੍ਰ, ਸਤਾਈ ਸਿਮ੍ਰਤੀਆਂ ਪੜ੍ਹਦੇ ਹਨ ਤੇ ਪੰਡਿਤ ਲੋਕ [1]ਛੇ-ਪ੍ਰਕਾਰੀ ਕਰਮ ਕਰਦੇ ਹਨ।

**ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ**
**ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥**

ਸਤਿਗੁਰੂ ਰਾਮਦਾਸ ਜੀ ਫੁਰਮਾਨ ਕਰਦੇ ਹਨ ਕਿ ਉਹ ਭਗਤ ਹੀ ਭਲੇ ਹਨ ਤੇ ਪ੍ਰਵਾਨ ਹਨ, ਜੋ ਮੇਰੇ ਵਾਹਿਗੁਰੂ ਨੂੰ ਪਿਆਰੇ ਲਗਦੇ ਹਨ।

**ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ**
**ਤੁਧੁ ਜੇਵਡੁ ਅਵਰੁ ਨ ਕੋਈ ॥**

ਹੇ ਪ੍ਰਭੂ! ਤੁਸੀਂ ਸਭ ਕਾਸੇ ਦਾ ਮੂਲ, ਪਰੇ ਤੋਂ ਪਰੇ ਬਿਅੰਤ ਤਾਕਤ ਵਾਲੇ ਹੋ ਤੇ ਸਭ ਦੇ ਕਰਣਹਾਰ ਹੋ। ਤੁਹਾਡੇ ਵਰਗਾ ਹੋਰ ਕੋਈ ਨਹੀਂ ਹੈ।

**ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ**
**ਤੂੰ ਨਿਹਚਲੁ ਕਰਤਾ ਸੋਈ ॥**

ਹੇ ਪਰਮਾਤਮਾ! ਤੁਸੀਂ ਜੁਗਾਂ-ਜੁਗੰਤਰਾਂ ਤੋਂ ਇੱਕੋ ਹੋ, ਸਦੀਵ-ਕਾਲ ਤੁਸੀਂ ਇੱਕੋ ਹੀ ਵਰਤ ਰਹੇ ਹੋ, ਤੁਸੀਂ ਸਦਾ ਰਹਿਣ ਵਾਲੇ ਕਰਤਾਰ ਹੋ।

੧. ਵਿੱਦਿਆ ਪੜ੍ਹਨੀ ਤੇ ਪੜ੍ਹਾਉਣੀ, ਜਗ ਕਰਨਾ ਤੇ ਕਰਾਉਣਾ, ਦਾਨ ਦੇਣਾ ਤੇ ਦਾਨ ਲੈਣਾ।

**ਤੁਧੁ ਆਪੇ ਭਾਵੈ ਸੋਈ ਵਰਤੈ ਜੀ**
**ਤੂੰ ਆਪੇ ਕਰਹਿ ਸੁ ਹੋਈ ॥**

ਹੇ ਪ੍ਰਭੂ! ਜਗਤ ਵਿੱਚ ਉਹੀ ਕੁਝ ਹੁੰਦਾ ਹੈ, ਜੋ ਤੁਹਾਨੂੰ ਚੰਗਾ ਲਗਦਾ ਹੈ। ਜੋ ਕੁਝ ਤੁਸੀਂ ਕਰਦੇ ਹੋ ਉਹੋ ਕੁਝ ਹੀ ਸੰਸਾਰ ਵਿੱਚ ਹੁੰਦਾ ਹੈ।

**ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ**
**ਤੁਧੁ ਆਪੇ ਸਿਰਜਿ ਸਭ ਗੋਈ ॥**

ਹੇ ਪ੍ਰਭੂ! ਤੁਸੀਂ ਆਪ ਹੀ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ। ਕਈ ਵਾਰ ਤੁਸੀਂ ਸ੍ਰਿਸ਼ਟੀ ਸਾਜ ਕੇ ਉਸ ਦਾ ਵਿਨਾਸ਼ ਕੀਤਾ ਹੈ।

**ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ**
**ਜੋ ਸਭਸੈ ਕਾ ਜਾਣੋਈ ॥੫॥੧॥**

ਸਤਿਗੁਰੂ ਰਾਮਦਾਸ ਜੀ "ਨਾਨਕ" ਛਾਪ ਲਾ ਕੇ ਫੁਰਮਾਨ ਕਰਦੇ ਹਨ ਕਿ ਮੈਂ ਤਾਂ ਉਸ ਕਰਤੇ ਪ੍ਰਭੂ ਦੇ ਹੀ ਗੁਣ ਗਾਉਂਦਾ ਹਾਂ, ਜੋ ਸਾਰਿਆਂ ਦੇ ਦਿਲਾਂ ਦੀ ਜਾਨਣ ਵਾਲਾ ਹੈ।

***ਆਸਾ ਮਹਲਾ ੪ ॥***

ਆਸਾ ਰਾਗ ਅੰਦਰ ਗੁਰੂ ਰਾਮਦਾਸ ਜੀ ਦੀ ਬਾਣੀ

**ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥**

ਹੇ ਪ੍ਰਭੂ! ਤੂੰ ਸਭ ਕਾਸੇ ਦਾ ਕਰਣਹਾਰ ਹੈਂ। ਸੱਚ ਦਾ ਪੁੰਜ ਤੇ ਮੇਰਾ ਮਾਲਕ ਹੈਂ।

**ਜੋ ਤਉ ਭਾਵੈ ਸੋਈ ਥੀਸੀ**
**ਜੋ ਤੂੰ ਦੇਹਿ ਸੋਈ ਹਉ ਪਾਈ ॥੧॥ਰਹਾਉ॥**

ਸੰਸਾਰ ਅੰਦਰ ਉਹ ਵਰਤਾਰਾ ਹੀ ਵਰਤਦਾ ਜੋ ਤੈਨੂੰ ਚੰਗਾ ਲਗਦਾ ਹੈ। ਜੋ ਤੂੰ ਆਪਣੀ ਰਜ਼ਾ ਵਿੱਚ ਦਿੰਦਾ ਹੈਂ, ਉਹ ਕੁਝ ਹੀ ਮੈਂ ਪ੍ਰਾਪਤ ਕਰ ਸਕਦਾ ਹਾਂ।

## ਸਭ ਤੇਰੀ ਤੂੰ ਸਭਨੀ ਧਿਆਇਆ ॥

ਹੇ ਪਰਮਾਤਮਾ! ਸਾਰੀ ਸ੍ਰਿਸ਼ਟੀ ਆਪ ਦੀ ਹੈ ਤੇ ਸਾਰੇ ਜੀਵ ਆਪ ਨੂੰ ਹੀ ਧਿਆਉਂਦੇ ਹਨ।

## ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥

ਜਿਸ ਜੀਵ ਉੱਪਰ ਤੇਰੀ ਨਦਰ ਹੁੰਦੀ ਹੈ ਉਹ ਤੇਰਾ ਨਾਮ ਰੂਪੀ ਰਤਨ ਪ੍ਰਾਪਤ ਕਰ ਲੈਂਦਾ ਹੈ।

## ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥

ਗੁਰਮੁਖਾਂ ਨੇ ਦੁਰਲੱਭ ਮਨੁੱਖਾ ਜਨਮ ਰਾਹੀਂ ਲਾਹਾ ਖੱਟ ਲਿਆ। ਮਨਮੁੱਖਾਂ ਨੇ ਅਮੋਲਕ ਮਨੁੱਖਾ ਜਨਮ ਨੂੰ ਵਿਅਰਥ ਗਵਾ ਲਿਆ।

## ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥

ਹੇ ਪ੍ਰਭੂ! ਜੀਵਾਂ ਦੇ ਕੀਹ ਵੱਸ ਹੈ? ਤੂੰ ਕਈਆਂ ਨੂੰ ਆਪ ਹੀ ਆਪਣੇ ਨਾਲੋਂ ਵਿਛੋੜ ਦਿੰਦਾ ਹੈਂ। ਕਈਆਂ ਨੂੰ ਆਪਣੇ ਭਾਣੇ ਵਿੱਚ ਆਪਣੇ ਨਾਲ ਮਿਲਾ ਲੈਂਦਾ ਹੈਂ।

## ਤੂੰ ਦਰੀਆਉ ਸਭ ਤੁਝ ਹੀ ਮਾਹਿ ॥

ਹੇ ਵਾਹਿਗੁਰੂ! ਤੂੰ ਚੇਤਨਾ-ਜ਼ਿੰਦਗੀ ਦਾ ਇੱਕ ਵਿਸ਼ਾਲ ਪ੍ਰਵਾਹ ਹੈਂ। ਸਾਰੀ ਪ੍ਰਕਿਰਤੀ ਤੇਰੇ ਚੇਤਨਾ ਪ੍ਰਵਾਹ ਵਿੱਚ ਹੀ ਵਰਤ ਰਹੀ ਹੈ।

## ਤੁਝ ਬਿਨੁ ਦੂਜਾ ਕੋਈ ਨਾਹਿ ॥

ਹੇ ਪ੍ਰਭੂ! ਤੈਥੋਂ ਬਗੈਰ ਕੋਈ ਹੋਰ ਦੂਸਰਾ ਨਹੀਂ ਹੈ।

## ਜੀਅ ਜੰਤ ਸਭਿ ਤੇਰਾ ਖੇਲੁ ॥

ਹੇ ਪ੍ਰਭੂ! ਸੰਸਾਰ ਦੇ ਸਾਰੇ ਜੀਵ-ਜੰਤ ਤੇਰਾ ਹੀ ਖੇਡ ਤਮਾਸ਼ਾ ਹੈ।

## ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥

ਕੋਈ [੧]ਵਿਜੋਗ ਵਾਲੇ ਕਰਮ ਕਰਕੇ ਤੁਹਾਥੋਂ ਵਿੱਛੜ ਜਾਂਦਾ ਹੈ।

੧. ਮਾੜੇ

ਕੋਈ ਸੰਜੋਗ[2] ਵਾਲੇ ਕਰਮ ਕਰਕੇ ਤੁਹਾਡੇ ਨਾਲ ਅਭੇਦ ਹੋ ਜਾਂਦਾ ਹੈ।

**ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥**

ਹੇ ਪ੍ਰਭੂ! ਜਿਸ ਨੂੰ ਤੂੰ ਆਪ ਸੋਝੀ ਬਖਸ਼ਦਾ ਹੈਂ, ਉਹ ਹੀ ਤੈਨੂੰ ਜਾਣ ਸਕਦਾ ਹੈ।

**ਹਰਿ ਗੁਣ ਸਦ ਹੀ ਆਖਿ ਵਖਾਣੈ ॥**

ਉਹ ਹਰੀ-ਜਨ ਹਮੇਸ਼ਾ ਤੁਹਾਡੇ ਗੁਣਾਂ ਦਾ ਕਥਨ ਕਰਦਾ ਰਹਿੰਦਾ ਹੈ।

**ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥**

ਜਿਨ੍ਹਾਂ ਨੇ ਪਰਮਾਤਮਾ ਦਾ ਸਿਮਰਨ ਕੀਤਾ, ਉਨ੍ਹਾਂ ਨੂੰ ਸਦੀਵੀਂ ਸੁੱਖ ਪ੍ਰਾਪਤ ਹੋ ਗਿਆ।

**ਸਹਜੇ ਹੀ ਹਰਿ ਨਾਮਿ ਸਮਾਇਆ ॥੩॥**

ਉਹ ਗੁਰਮੁੱਖ ਸੁਖੈਨ ਹੀ ਹਰੀ ਨਾਮ ਜਪ ਦੀ ਬਰਕਤ ਨਾਲ ਹਰੀ ਵਿੱਚ ਸਮਾ ਗਏ।

**ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥**

ਹੇ ਪ੍ਰਭੂ! ਤੂੰ ਸਭ ਕਾਸੇ ਦਾ ਕਰਤਾ ਹੈਂ, ਤੇਰਾ ਕੀਤਾ ਹੋਇਆ ਹੀ ਸਭ ਕੁਝ ਹੁੰਦਾ ਹੈ।

**ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥**

ਹੇ ਪ੍ਰਭੂ! ਤੈਥੋਂ ਬਗੈਰ ਹੋਰ ਕੋਈ ਦੂਸਰਾ ਹੈ ਹੀ ਨਹੀਂ।

**ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥**

ਹੇ ਪ੍ਰਭੂ! ਤੂੰ ਜਗਤ ਰਚਨਾ ਰਚ ਕੇ ਜਗਤ ਰਚਨਾ ਦੀ ਖੇਡ ਨੂੰ ਵੇਖ ਰਿਹਾ ਹੈਂ ਤੇ ਹਰ ਇੱਕ ਦੇ ਦਿਲ ਦੀ ਜਾਣਦਾ ਹੈਂ।

**ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੨॥**

ਜੋ ਗੁਰੂ ਦੀ ਸ਼ਰਣ ਵਿੱਚ ਪੈ ਜਾਂਦਾ ਹੈ, ਉਸ ਦੇ ਹਿਰਦੇ ਵਿੱਚ ਪਰਮਾਤਮਾ ਪ੍ਰਗਟ ਹੋ ਜਾਂਦਾ ਹੈ।

੨. ਚੰਗੇ

**ਆਸਾ ਮਹਲਾ ੧ ॥**

ਆਸਾ ਰਾਗ ਅੰਦਰ ਗੁਰੂ ਨਾਨਕ ਦੇਵ ਜੀ ਦੀ ਬਾਣੀ

**ਤਿਤੁ ਸਰਵਰੜੈ ਭਈਲੇ ਨਿਵਾਸਾ**
**ਪਾਣੀ ਪਾਵਕੁ ਤਿਨਹਿ ਕੀਆ ॥**

ਹੇ ਭਾਈ! ਸਾਡਾ ਜੀਵਾਂ ਦਾ ਭਿਆਨਕ ਸੰਸਾਰ ਰੂਪ ਸਰੋਵਰ ਵਿੱਚ ਪਰਮਾਤਮਾ ਨੇ ਨਿਵਾਸ ਕੀਤਾ ਹੈ, ਜਿੱਥੇ ਤ੍ਰਿਸ਼ਨਾ ਰੂਪੀ ਅੱਗ ਦਾ ਪਾਣੀ ਭਰਿਆ ਹੋਇਆ ਹੈ।

**ਪੰਕਜੁ ਮੋਹ ਪਗੁ ਨਹੀ ਚਾਲੈ**
**ਹਮ ਦੇਖਾ ਤਹ ਡੂਬੀਅਲੇ ॥੧॥**

ਇਸ ਸੰਸਾਰ ਸਰੋਵਰ ਵਿੱਚ ਮੋਹ ਦਾ ਚਿੱਕੜ ਹੈ। ਮੋਹ ਦੇ ਚਿੱਕੜ ਵਿੱਚ ਫਸੇ ਹੋਣ ਕਰਕੇ ਪਰਮਾਤਮਾ ਵਾਲੇ ਪਾਸੇ ਇੱਕ ਪੈਰ ਵੀ ਤੁਰ ਨਹੀਂ ਹੁੰਦਾ। ਸਤਿਗੁਰੂ ਫੁਰਮਾਨ ਕਰਦੇ ਹਨ ਕਿ ਸਾਡੇ ਵੇਖਦਿਆਂ ਇਸ ਅਸਗਾਹ ਸਰੋਵਰ ਵਿੱਚ ਅਨੇਕਾਂ ਡੁੱਬ ਮਰੇ ਹਨ।

**ਮਨ ਏਕੁ ਨ ਚੇਤਸਿ ਮੂੜ ਮਨਾ ॥**
**ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ਰਹਾਉ॥**

ਹੇ ਮੇਰੇ ਮੂਰਖ ਮਨ! ਤੂੰ ਇਕ ਪਰਮਾਤਮਾ ਨੂੰ ਕਿਉਂ ਨਹੀਂ ਯਾਦ ਕਰਦਾ? ਪਰ ਯਾਦ ਰੱਖ! ਪਰਮਾਤਮਾ ਨੂੰ ਵਿਸਾਰਨ ਨਾਲ ਤੇਰੇ ਦੈਵੀ ਗੁਣ ਨਸ਼ਟ ਹੋ ਰਹੇ ਹਨ।

**ਨਾ ਹਉ ਜਤੀ ਸਤੀ ਨਹੀ ਪੜਿਆ**
**ਮੂਰਖ ਮੁਗਧਾ ਜਨਮੁ ਭਇਆ ॥**

ਹੇ ਜੀਵ! ਆਪਣੇ ਪਾਰ-ਉਤਾਰੇ ਵਾਸਤੇ ਹਉ-ਹੰਗਤਾ ਛੱਡ ਕੇ ਪ੍ਰਭੂ ਅੱਗੇ ਅਰਦਾਸ ਕਰਿਆ ਕਰ। ਹੇ ਪ੍ਰਭੂ! ਨਾ ਮੈਂ ਬ੍ਰਹਮਚਾਰੀ ਹਾਂ,

ਨਾ ਮੈਂ ਸੱਤਵਾਦੀ ਤੇ ਦਾਨੀ ਹਾਂ। ਮੈਂ ਪੜ੍ਹਿਆ ਹੋਇਆ ਵੀ ਨਹੀਂ, ਮੇਰਾ ਜਨਮ ਤਾਂ ਮੂਰਖ ਬੇ-ਸਮਝਾਂ ਵਾਲਾ ਬਣਿਆ ਹੋਇਆ ਹੈ।

## ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂੰ ਨਾਹੀ ਵੀਸਰਿਆ ॥੨॥੩॥

ਸਤਿਗੁਰੂ ਨਾਨਕ ਪਾਤਸ਼ਾਹ ਸਾਨੂੰ ਅਰਦਾਸ ਕਰਨ ਦਾ ਢੰਗ ਪ੍ਰਦਾਨ ਕਰਦੇ ਫੁਰਮਾਉਂਦੇ ਹਨ। ਹੇ ਪ੍ਰਭੂ! ਮੇਰੀ ਤੇਰੇ ਚਰਨਾਂ ਵਿੱਚ ਬੇਨਤੀ ਹੈ, ਮੈਨੂੰ ਉਨ੍ਹਾਂ ਗੁਰੂ ਪਿਆਰਿਆਂ ਦੀ ਸ਼ਰਣ ਪ੍ਰਦਾਨ ਕਰ, ਜਿਨ੍ਹਾਂ ਨੂੰ ਤੂੰ ਕਦੇ ਵੀ ਵਿਸਰਦਾ ਨਹੀਂ ਹੈਂ।

## *ਆਸਾ ਮਹਲਾ ੫ ॥*

ਰਾਗ ਆਸਾ ਅੰਦਰ ਪੰਜਵੇਂ ਗੁਰਦੇਵ ਗੁਰੂ ਅਰਜਨ ਦੇਵ ਜੀ ਦੀ ਬਾਣੀ।

## ਭਈ ਪਰਾਪਤਿ ਮਾਨੁਖ ਦੇਹੁਰੀਆ ॥

ਹੇ ਜੀਵ! ਪਰਮਾਤਮਾ ਵੱਲੋਂ ਤੈਨੂੰ ਸ੍ਰੇਸ਼ਟ ਮਨੁੱਖਾ ਸਰੀਰ ਮਿਲਿਆ ਹੈ।

## ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥

ਇਹ ਮਨੁੱਖਾ ਜਨਮ ਤੈਨੂੰ ਪਰਮਾਤਮਾ ਨੇ ਆਪਣੇ ਨਾਲ ਮਿਲਣ ਦਾ ਮੌਕਾ ਦਿੱਤਾ ਹੈ।

## ਅਵਰਿ ਕਾਜ ਤੇਰੈ ਕਿਤੈ ਨ ਕਾਮ ॥

ਸੰਸਾਰ ਦੇ ਕੰਮ-ਧੰਧੇ ਜੀਵਨ ਮਨੋਰਥ ਦੀ ਪ੍ਰਾਪਤੀ ਲਈ ਤੇਰੇ ਕਿਸੇ ਕੰਮ ਨਹੀਂ ਆਉਣੇ।

## ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥੧॥

ਇਸ ਲਈ ਸਤਸੰਗਤ ਵਿੱਚ ਬੈਠ ਕੇ ਕੇਵਲ ਪਰਮਾਤਮਾ ਦੇ ਨਾਮ ਦਾ ਜਪ ਕਰ।

**ਸਰੰਜਾਮਿ ਲਾਗੁ ਭਵਜਲ ਤਰਨ ਕੈ ॥**

ਹੇ ਭਾਈ! ਸੰਸਾਰ ਭਵਜਲ ਵਿੱਚੋਂ ਤਰਨ ਦੇ ਆਹਰ ਵਿੱਚ ਜੁੜ ਜਾਹ।

**ਜਨਮੁ ਬ੍ਰਿਥਾ ਜਾਤ**
**ਰੰਗਿ ਮਾਇਆ ਕੈ ॥੧॥ਰਹਾਉ॥**

ਨਹੀਂ ਤੇ ਮਾਇਆ ਦੇ ਮੋਹ ਪਿਆਰ ਵਿੱਚ ਖਚਤ ਹੋ ਕੇ ਤੇਰਾ ਮਨੁੱਖਾ ਜਨਮ ਵਿਅਰਥ ਬਤੀਤ ਹੋ ਰਿਹਾ ਹੈ ਤੇ ਹੋ ਜਾਵੇਗਾ।

**ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥**

ਹੇ ਜੀਵ! ਪ੍ਰਭੂ ਚਰਨਾਂ ਵਿੱਚ ਆਪਣੇ ਛੁਟਕਾਰੇ ਲਈ ਅਰਦਾਸ ਕਰ, ਹੇ ਪ੍ਰਭੂ! ਨਾ ਮੈਂ ਆਪਣੇ ਛੁਟਕਾਰੇ ਲਈ ਕੋਈ ਜਪ ਤਪ ਕੀਤਾ ਤੇ ਨਾ ਹੀ ਸੰਜਮ ਦਾ ਧਾਰਨੀ ਬਣਿਆਂ, ਨਾ ਹੀ ਕੋਈ ਧਰਮ ਦਾ ਕਰਮ ਕੀਤਾ ਹੈ।

**ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥**

ਹੇ ਪ੍ਰਭੂ! ਨਾ ਹੀ ਗੁਰੂ ਦੀ ਦਰਸਾਈ ਕਾਰ ਕੀਤੀ ਤੇ ਨਾ ਹੀ ਗੁਰੂ ਦਰਸਾਈ ਕਾਰ ਕਰਨ ਵਾਲਿਆਂ ਦੀ ਸੇਵਾ ਹੀ ਕੀਤੀ ਹੈ।

**ਕਹੁ ਨਾਨਕ ਹਮ ਨੀਚ ਕਰੰਮਾ ॥**

ਸਤਿਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ, ਹੇ ਜੀਵ! ਹੰਕਾਰ ਛੱਡ ਕੇ ਗੁਰੂ ਅੱਗੇ ਅੰਦਰੋਂ ਕਹਿ, ਹੇ ਦਾਤਾ! ਮੈਂ ਮੰਦ ਕਰਮੀਂ ਹਾਂ।

**ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥**

ਮੈਂ ਆਪ ਜੀ ਦੀ ਸ਼ਰਣ ਵਿੱਚ ਆਇਆਂ ਹਾਂ। ਮੇਰੀ ਸ਼ਰਣ ਆਏ ਦੀ ਲਾਜ ਰੱਖੋ ਜੀ।

***ੴ ਵਾਹਿਗੁਰੂ ਜੀ ਕੀ ਫਤਹਿ ॥***

ਪਰਮਾਤਮਾ ਇੱਕ ਹੈ, ਸਾਰਾ ਉਸਦਾ ਹੀ ਅਕਾਰ ਹੈ। ਜਿੱਤ ਹਮੇਸ਼ਾ ਅਕਾਲ ਪੁਰਖ ਦੀ ਹੀ ਹੁੰਦੀ ਹੈ।

## ਪਾ: ੧੦ ॥ ਕਬਿਯੋ ਬਾਚ ਬੇਨਤੀ ॥ ਚੌਪਈ ॥

ਪਾਤਸ਼ਾਹੀ ਦਸਵੀਂ (ਗੁਰੂ ਗੋਬਿੰਦ ਸਿੰਘ ਜੀ) ਦੀ ਰਚਨਾ, ਜੋਦੜੀ ਰੂਪ ਵਿੱਚ ਚੌਪਈ ਬਾਣੀ।

**ਹਮਰੀ ਕਰੋ ਹਾਥ ਦੈ ਰੱਛਾ ॥**

**ਪੂਰਨ ਹੋਇ ਚਿਤ ਕੀ ਇੱਛਾ ॥**

ਹੇ ਅਕਾਲ ਪੂਰਖ ਜੀ! ਆਪਣਾ ਹੱਥ ਦੇ ਕੇ ਮੇਰੀ ਰੱਖਿਆ ਕਰੋ। ਮੇਰੇ ਮਨ ਦੀ ਜੋ ਇੱਛਾ ਹੈ, ਉਸ ਨੂੰ ਪੂਰੀ ਕਰੋ।

**ਤਵ ਚਰਨਨ ਮਨ ਰਹੈ ਹਮਾਰਾ ॥**

**ਅਪਨਾ ਜਾਨ ਕਰੋ ਪ੍ਰਤਿਪਾਰਾ ॥੧॥**

ਮੇਰਾ ਮਨ ਹਮੇਸ਼ਾ ਆਪਦੇ ਚਰਨਾਂ ਨਾਲ ਜੁੜਿਆ ਰਹੇ ਅਤੇ ਆਪਣਾ ਦਾਸ ਜਾਣ ਕੇ ਮੇਰੀ ਪ੍ਰਤਿਪਾਲਣਾ ਕਰੋ।੧।

**ਹਮਰੇ ਦੁਸਟ ਸਭੈ ਤੁਮ ਘਾਵਹੁ ॥**

**ਆਪੁ ਹਾਥ ਦੈ ਮੋਹਿ ਬਚਾਵਹੁ ॥**

ਮੇਰੇ ਅੰਦਰੂਨੀ ਤੇ ਬਹਿਰੂਨੀ, ਸਾਰੇ ਦੁਸ਼ਮਣਾਂ ਦਾ ਖਾਤਮਾਂ ਕਰ ਦਿਉ ਅਤੇ ਮੈਨੂੰ ਆਪਣਾ ਹੱਥ ਦੇ ਕੇ ਇਹਨਾਂ ਤੋਂ ਬਚਾਉ ਜੀ।

**ਸੁਖੀ ਬਸੈ ਮੋਰੋ ਪਰਿਵਾਰਾ ॥**

**ਸੇਵਕ ਸਿੱਖ ਸਭੈ ਕਰਤਾਰਾ ॥੨॥**

ਹੇ ਕਰਤਾਰ! ਮੇਰਾ ਪਰਿਵਾਰ ਤੇ ਸੇਵਕ ਸਿੱਖ ਸਭ ਸੁਖੀ ਵਸਦੇ ਰਹਿਣ।੨।

**ਮੋ ਰੱਛਾ ਨਿਜ ਕਰ ਦੈ ਕਰਿਯੈ ॥**

**ਸਭ ਬੈਰਨ ਕੋ ਆਜ ਸੰਘਰਿਯੈ ॥**

ਆਪਣਾ ਹੱਥ ਦੇ ਕੇ ਮੇਰੀ ਰੱਖਿਆ ਕਰੋ। ਸਾਰੇ ਅੰਦਰੂਨੀ-ਬਹਿਰੂਨੀ ਵੈਰੀਆਂ ਦਾ, ਅੱਜ ਹੀ ਸੰਘਾਰ ਕਰ ਦੇਵੋ ਜੀ।

**ਪੂਰਨ ਹੋਇ ਹਮਾਰੀ ਆਸਾ ॥**
**ਤੋਰ ਭਜਨ ਕੀ ਰਹੈ ਪਿਆਸਾ ॥੩॥**

ਹੇ ਪ੍ਰਭੂ! ਮੇਰੀ ਇਹ ਇੱਛਾ ਪੂਰੀ ਕਰ ਦੇਵੋ, ਮੈਨੂੰ ਹਰ ਸਮੇਂ ਤੁਹਾਡੇ ਸਿਮਰਨ-ਭਜਨ ਦੀ ਹੀ ਪਿਆਸ ਲੱਗੀ ਰਹੇ।੩।

**ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥**
**ਜੋ ਬਰ ਚਹੋਂ ਸੁ ਤੁਮ ਤੇ ਪਾਊਂ ॥**

ਹੇ ਪਰਮਾਤਮਾ! ਮੈਂ ਤੁਹਾਨੂੰ ਛੱਡ ਕੇ ਕਿਸੇ ਹੋਰ ਨੂੰ ਨਾ ਧਿਆਵਾਂ। ਜੋ ਵਰ-ਆਸ਼ੀਰਵਾਦ ਦੀ ਮੈਨੂੰ ਲੋੜ ਹੋਵੇ ਉਹ ਮੈਂ ਤੁਹਾਡੇ ਪਾਸੋਂ ਹੀ ਪ੍ਰਾਪਤ ਕਰਾਂ।

**ਸੇਵਕ ਸਿੱਖ ਹਮਾਰੇ ਤਾਰੀਅਹਿ ॥**
**ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ ॥੪॥**

ਮੇਰੇ ਸਿੱਖ ਸੇਵਕਾਂ ਦਾ ਭਵਸਾਗਰ ਤੋਂ ਪਾਰ-ਉਤਾਰਾ ਕਰ ਦੇਵੋ ਅਤੇ ਮੇਰੇ ਵੈਰੀਆਂ ਨੂੰ ਚੁਣ-ਚੁਣ ਕੇ ਮਾਰ ਦੇਵੋ ਜੀ।੪।

**ਆਪ ਹਾਥ ਦੈ ਮੁਝੈ ਉਬਰਿਯੈ ॥**
**ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥**

ਹੇ ਮਹਾਂਕਾਲ ਜੀ! ਆਪਣਾ ਹੱਥ ਦੇ ਕੇ ਮੇਰਾ ਉਧਾਰ ਕਰ ਦੇਵੋ ਅਤੇ ਮੌਤ ਦੇ ਭੈ ਤੋਂ ਸਦਾ ਲਈ ਮੁਕਤ ਕਰ ਦੇਵੋ ਜੀ।

**ਹੂਜੋ ਸਦਾ ਹਮਾਰੇ ਪੱਛਾ ॥**
**ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ ॥੫॥**

ਹੇ ਪ੍ਰਭੂ ਜੀ! ਆਪ ਜੀ ਹਮੇਸ਼ਾ ਮੇਰੇ ਪੱਖ ਵਿੱਚ ਹੋਵੋ ਜੀ। ਹੇ ਝੰਡੇ ਉੱਤੇ ਕ੍ਰਿਪਾਨ ਦੇ ਚਿੰਨ੍ਹ ਵਾਲੇ ਮਹਾਂਕਾਲ ਜੀ! ਮੇਰੀ ਸਦਾ ਰੱਛਿਆ ਕਰੋ।੫।

**ਰਾਖਿ ਲੇਹੁ ਮੁਹਿ ਰਾਖਨਹਾਰੇ ॥**

**ਸਾਹਿਬ ਸੰਤ ਸਹਾਇ ਪਿਯਾਰੇ ॥**

ਹੇ ਸਤਪੁਰਸ਼ਾਂ ਦੇ ਸਹਾਇਕ ਪਿਆਰੇ ਵਾਹਿਗੁਰੂ ਜੀ! ਮੇਰੀ ਵੀ ਹਰ ਔਕੜ ਸਮੇਂ ਰੱਖਿਆ ਕਰੋ।

**ਦੀਨ ਬੰਧੁ ਦੁਸਟਨ ਕੇ ਹੰਤਾ ॥**

**ਤੁਮ ਹੋ ਪੁਰੀ ਚਤੁਰ ਦਸ ਕੰਤਾ ॥੬॥**

ਹੇ ਪ੍ਰਭੂ! ਤੁਸੀਂ ਦੀਨ-ਦੁਖੀਆਂ ਦੇ ਮਦਦਗਾਰ, ਦੁਸ਼ਟ-ਦੋਖੀਆਂ ਦੇ ਸੰਘਾਰ ਕਰਤਾ ਤੇ ਚੌਦਾਂ ਲੋਕਾਂ ਦੇ ਮਾਲਕ ਹੋ।੬।

**ਕਾਲ ਪਾਇ ਬ੍ਰਹਮਾ ਬਪੁ ਧਰਾ ॥**

**ਕਾਲ ਪਾਇ ਸਿਵ ਜੂ ਅਵਤਰਾ ॥**

ਸਮੇਂ ਅਨੁਸਾਰ ਬ੍ਰਹਮਾ ਜੀ ਨੇ ਸਰੀਰ ਧਾਰਨ ਕੀਤਾ। ਸਮਾਂ ਪਾ ਕੇ ਸ਼ਿਵ ਜੀ ਨੇ ਅਵਤਾਰ ਧਾਰਿਆ।

**ਕਾਲ ਪਾਇ ਕਰ ਬਿਸਨੁ ਪ੍ਰਕਾਸਾ ॥**

**ਸਕਲ ਕਾਲ ਕਾ ਕੀਆ ਤਮਾਸਾ ॥੭॥**

ਮਹਾਂਕਾਲ-ਪ੍ਰਭੂ ਜੀ ਦੀ ਆਗਿਆ ਪਾ ਕੇ ਵਿਸ਼ਨੂੰ ਸੰਸਾਰ ਵਿੱਚ ਪਰਗਟ ਹੋਏ। ਸਾਰਾ ਜਗਤ ਪਸਾਰਾ ਮਹਾਂਕਾਲ ਪਰਮਾਤਮਾ ਦਾ ਹੀ ਹੈ।੭।

**ਜਵਨ ਕਾਲ ਜੋਗੀ ਸਿਵ ਕੀਓ ॥**

**ਬੇਦ ਰਾਜ ਬ੍ਰਹਮਾ ਜੂ ਥੀਓ ॥**

ਜਿਸ ਮਹਾਂ-ਕਾਲ ਨੇ ਸ਼ਿਵ ਜੀ ਨੂੰ ਜੋਗੀ ਬਣਾਇਆ। ਉਸੇ ਮਹਾਂ-ਕਾਲ ਨੇ ਬੇਦਾਚਾਰੀਆ ਬ੍ਰਹਮਾ ਜੀ ਨੂੰ ਪੈਦਾ ਕੀਤਾ।

**ਜਵਨ ਕਾਲ ਸਭ ਲੋਕ ਸਵਾਰਾ ॥**

**ਨਮਸਕਾਰ ਹੈ ਤਾਹਿ ਹਮਾਰਾ ॥੮॥**

ਜਿਸ ਮਹਾਂ-ਕਾਲ ਨੇ ਇਹ ਸਾਰਾ ਸੰਸਾਰ ਸਾਜਿਆ ਤੇ ਸਵਾਰਿਆ ਹੈ, ਉਸੇ ਨੂੰ ਮੇਰੀ ਨਮਸਕਾਰ ਹੈ।੮।

**ਜਵਨ ਕਾਲ ਸਭ ਜਗਤ ਬਨਾਯੋ ॥**

**ਦੇਵ ਦੈਤ [੧]ਜੱਛਨ ਉਪਜਾਯੋ ॥**

ਜਿਸ ਮਹਾਂ-ਕਾਲ ਜੀ ਨੇ ਸਾਰੇ ਜਗਤ ਦੀ ਰਚਨਾ ਕੀਤੀ, ਉਸੇ ਮਹਾਂ-ਕਾਲ ਨੇ ਦੇਵਤੇ, ਰਾਖਸ਼ ਤੇ ਜੱਛਾਂ ਨੂੰ ਪੈਦਾ ਕੀਤਾ।

**ਆਦਿ ਅੰਤਿ ਏਕੈ ਅਵਤਾਰਾ ॥**

**ਸੋਈ ਗੁਰੂ ਸਮਝਿਯਹੁ ਹਮਾਰਾ ॥੯॥**

ਜੋ ਆਦਿ ਤੋਂ ਲੈ ਕੇ ਅੰਤ ਤੱਕ ਇੱਕ ਰਸ ਵਿਆਪਕ ਪੁਰਖ ਹੈ, ਉਹ ਅਕਾਲ ਪੁਰਖ ਹੀ ਮੇਰਾ ਗੁਰੂ ਹੈ।੯।

**ਨਮਸਕਾਰ ਤਿਸ ਹੀ ਕੋ ਹਮਾਰੀ ॥**

**ਸਕਲ ਪ੍ਰਜਾ ਜਿਨ ਆਪ ਸਵਾਰੀ ॥**

ਜਿਸ ਅਕਾਲ ਪੁਰਖ ਨੇ ਸਾਰੀ ਸ੍ਰਿਸ਼ਟੀ ਸਾਜੀ ਤੇ ਸਵਾਰੀ ਹੈ, ਉਸੇ ਅਕਾਲ ਪੁਰਖ ਨੂੰ ਮੇਰੀ ਨਮਸਕਾਰ ਹੈ।

**ਸਿਵਕਨ ਕੋ ਸਿਵ ਗੁਨ ਸੁਖ ਦੀਓ ॥**

**ਸੱਤ੍ਰੁਨ ਕੋ ਪਲ ਮੋ ਬਧ ਕੀਓ ॥੧੦॥**

ਹੇ ਪਰਮ-ਪਿਤਾ ਪ੍ਰਭੂ! ਤੁਸੀਂ ਆਪਣੇ ਸੇਵਕਾਂ ਨੂੰ ਸ਼ੁਭ ਗੁਣਾਂ ਨਾਲ ਭਰਪੂਰ ਕੀਤਾ ਤੇ ਸਰੀਰਕ ਤੇ ਆਤਮਿਕ ਸੁਖ ਪ੍ਰਦਾਨ ਕੀਤੇ ਅਤੇ ਸ਼ਤਰੂਆਂ ਨੂੰ ਖਿਨ ਵਿੱਚ ਨਾਸ਼ ਕੀਤਾ।੧੦।

---

੧. ਦੇਵਤਿਆਂ ਦੀ ਇੱਕ ਕਿਸਮ

**ਘਟ ਘਟ ਕੇ ਅੰਤਰ ਕੀ ਜਾਨਤ ॥**

**ਭਲੇ ਬੁਰੇ ਕੀ ਪੀਰ ਪਛਾਨਤ ॥**

ਤੁਸੀਂ ਹਰ ਇੱਕ ਦੇ ਦਿਲ ਦੀ ਜਾਨਣ ਵਾਲੇ ਹੋ ਅਤੇ ਚੰਗੇ-ਮੰਦੇ ਸਭਨਾਂ ਦੇ ਅੰਦਰ ਦੀ ਪੀੜ ਨੂੰ ਅਨੁਭਵ ਕਰਦੇ ਹੋ।

**ਚੀਟੀ ਤੇ ਕੁੰਚਰ ਅਸਥੂਲਾ ॥**

**ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ ॥੧੧॥**

ਪਰਮਾਤਮਾ ਇੱਕ ਨਿੱਕੀ ਕੀੜੀ ਤੋਂ ਲੈ ਕੇ ਵਡ-ਅਕਾਰੀ ਹਾਥੀਆਂ ਤੱਕ ਸਾਰਿਆਂ ਉੱਪਰ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਕੇ ਵਿਗਸਦਾ ਹੈ।੧੧।

**ਸੰਤਨ ਦੁਖ ਪਾਏ ਤੇ ਦੁਖੀ ॥**

**ਸੁਖ ਪਾਏ ਸਾਧੁਨ ਕੇ ਸੁਖੀ ॥**

ਜੇ ਕੋਈ ਸੰਤਾਂ ਨੂੰ ਦੁੱਖ ਦੇਵੇ ਤਦ ਪਰਮਾਤਮਾ ਦੁਖੀ ਹੁੰਦਾ ਹੈ, ਸੱਤਪੁਰਸ਼ਾਂ ਨੂੰ ਸੁਖ ਪ੍ਰਾਪਤ ਹੋਣ ਤੇ ਸੁਖੀ ਹੁੰਦਾ ਹੈ।

**ਏਕ ਏਕ ਕੀ ਪੀਰ ਪਛਾਨੈਂ ॥**

**ਘਟ ਘਟ ਕੇ ਪਟ ਪਟ ਕੀ ਜਾਨੈਂ ॥੧੨॥**

ਪਰਮਾਤਮਾ ਹਰ ਇੱਕ ਜੀਵ ਦੇ ਅੰਦਰ ਦੀ ਪੀੜਾ ਨੂੰ ਅਨੁਭਵ ਕਰਦਾ ਹੈ ਤੇ ਹਰੇਕ ਜੀਵ ਦੇ ਧੁਰ ਅੰਦਰ ਦੀ ਗੱਲ ਨੂੰ ਚੰਗੀ ਤਰ੍ਹਾਂ ਜਾਣਦਾ ਹੈ।੧੨।

**ਜਬ [੧]ਉਦਕਰਖ ਕਰਾ ਕਰਤਾਰਾ ॥**

**ਪ੍ਰਜਾ ਧਰਤ ਤਬ ਦੇਹ ਅਪਾਰਾ ॥**

ਹੇ ਪ੍ਰਭੂ! ਜਦੋਂ ਤੁਸੀਂ ਉਦਕਰਖਣ ਸ਼ਕਤੀ ਦੁਆਰਾ ਆਪਣਾ ਵਿਸਥਾਰ ਕਰਦੇ ਹੋ, ਤਦੋਂ ਤਦੋਂ ਸਾਰੀ ਪਰਜਾ ਅਪਾਰ ਹੋਂਦ ਵਿੱਚ ਪਰਗਟ ਹੋ ਜਾਂਦੀ ਹੈ।

੧. ਵਿਸਥਾਰ ਕਰਨ ਵਾਲੀ ਸ਼ਕਤੀ

**ਜਬ [2]ਆਕਰਖ ਕਰਤ ਹੋ ਕਬਹੂੰ ॥**
**ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥**

ਹੇ ਅਕਾਲ ਜੀ! ਜਦੋਂ ਤੁਸੀਂ ਸੰਸਾਰ ਨੂੰ ਸਮੇਟਣ ਵਾਲੀ ਸ਼ਕਤੀ ਦਾ ਪ੍ਰਯੋਗ ਕਰਦੇ ਹੋ, ਤਦੋਂ ਸਾਰੇ ਅਕਾਰ ਆਪ ਜੀ ਵਿੱਚ ਸਮਾਂ ਜਾਂਦੇ ਹਨ।੧੩।

**ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥**
**ਆਪੁ ਆਪਨੀ ਬੂਝ ਉਚਾਰੈ ॥**

ਸ੍ਰਿਸ਼ਟੀ ਅੰਦਰ ਜਿਤਨੇ ਵੀ ਤੁਸੀਂ ਸਰੀਰ ਬਣਾਏ ਹਨ। ਆਪੋ-ਆਪਣੀ ਬੁੱਧੀ ਅਨੁਸਾਰ ਆਪ ਦੇ ਗੁਣ ਉਚਾਰਣ ਕਰਦੇ ਹਨ।

**ਤੁਮ ਸਭ ਹੀ ਤੇ ਰਹਤ ਨਿਰਾਲਮ ॥**
**ਜਾਨਤ ਬੇਦ ਭੇਦ ਅਰ ਆਲਮ ॥੧੪॥**

ਆਪ ਜੀ ਸਾਰਿਆਂ ਤੋਂ ਨਿਰਲੇਪ ਰਹਿੰਦੇ ਹੋ। ਇਸ ਭੇਦ ਨੂੰ ਸਾਰੇ ਰਹਸਵਾਦੀ ਤੇ ਵਿਦਵਾਨ ਜਾਣਦੇ ਹਨ।੧੪।

**ਨਿਰੰਕਾਰ ਨ੍ਰਿਬਿਕਾਰ ਨਿਰਲੰਭ ॥**
**ਆਦਿ ਅਨੀਲ ਅਨਾਦਿ ਅਸੰਭ ॥**

ਹੇ ਅਕਾਲ ਪੁਰਖ! ਤੁਸੀਂ ਨਿਰ-ਅਕਾਰ ਵਿਕਾਰ ਰਹਿਤ ਤੇ ਕਿਸੇ ਦੇ ਆਸਰੇ ਦੇ ਮੁਥਾਜ ਨਹੀਂ। ਤੁਹਾਡਾ ਸਰੂਪ ਮੁੱਢ ਤੋਂ ਰੂਪ-ਰੰਗ ਤੋਂ ਨਿਆਰਾ, ਅਨਾਦੀ ਜਨਮ-ਜੂਨ ਤੋਂ ਰਹਿਤ ਹੈ।

**ਤਾ ਕਾ ਮੂੜ੍ਹ ਉਚਾਰਤ ਭੇਦਾ ॥**
**ਜਾ ਕੌ ਭੇਵ ਨ ਪਾਵਤ ਬੇਦਾ ॥੧੫॥**

ਜਿਸ ਦਾ ਭੇਦ, ਬੇਦ ਵੀ ਨਹੀਂ ਪਾ ਸਕੇ। ਮੂਰਖ ਲੋਕ ਆਪਣੀ ਅਲਪ ਬੁੱਧੀ ਨਾਲ ਪ੍ਰਭੂ ਦੇ ਭੇਤਾਂ ਦਾ ਵਰਨਣ ਕਰਦੇ ਹਨ।੧੫।

---
੨. ਸਮੇਟਣ ਵਾਲੀ ਕਲਾ

**ਤਾ ਕੌ ਕਰਿ ਪਾਹਨ ਅਨੁਮਾਨਤ ॥**

**ਮਹਾ ਮੂੜ੍ਹ ਕਛੁ ਭੇਦ ਨ ਜਾਨਤ ॥**

ਕਈ ਲੋਕ ਪੱਥਰ ਦੀ ਮੂਰਤ ਘੜ ਕੇ ਉਸ ਨੂੰ ਹੀ ਪਰਮਾਤਮਾ ਦਾ ਰੂਪ ਅਨੁਮਾਨਦੇ ਹਨ। ਉਹ ਮਹਾਂ ਮੂਰਖ ਲੋਕ ਪਰਮਾਤਮਾ ਦਾ ਭੋਰਾ ਜਿੰਨਾਂ ਵੀ ਭੇਤ ਨਹੀਂ ਜਾਣਦੇ।

**ਮਹਾਦੇਵ ਕੌ ਕਹਤ ਸਦਾ ਸਿਵ ॥**

**ਨਿਰੰਕਾਰ ਕਾ ਚੀਨਤ ਨਹਿ ਭਿਵ ॥੧੬॥**

ਕਈ ਲੋਕ ਸ਼ਿਵ ਜੀ ਨੂੰ ਹੀ ਸਦਾ ਥਿਰ ਪਰਮਾਤਮਾ ਮੰਨੀ ਬੈਠੇ ਹਨ। ਪਰ ਅਜਿਹੇ ਲੋਕ ਨਿਰੰਕਾਰ ਪਰਮਾਤਮਾ ਦਾ ਭੇਤ ਮੂਲੋਂ ਹੀ ਨਹੀਂ ਜਾਣਦੇ।੧੬।

**ਆਪੁ ਆਪਨੀ ਬੁਧਿ ਹੈ ਜੇਤੀ ॥**

**ਬਰਨਤ ਭਿੰਨ ਭਿੰਨ ਤੁਹਿ ਤੇਤੀ ॥**

ਹੇ ਪ੍ਰਭੂ! ਹਰ ਇੱਕ ਆਪੋ ਆਪਣੀ ਬੁੱਧੀ ਅਨੁਸਾਰ ਤੁਹਾਡਾ ਤਰ੍ਹਾਂ-ਤਰ੍ਹਾਂ ਨਾਲ ਵਰਨਣ ਕਰਦਾ ਹੈ।

**ਤੁਮਰਾ ਲਖਾ ਨ ਜਾਇ ਪਸਾਰਾ ॥**

**ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੧੭॥**

ਹੇ ਪ੍ਰਭੂ! ਤੁਹਾਡੇ ਕੁਦਰਤ ਪਸਾਰੇ ਨੂੰ ਕੋਈ ਨਹੀਂ ਜਾਣ ਸਕਦਾ ਤੇ ਨਾ ਹੀ ਕਿਸੇ ਨੂੰ ਇਹ ਪਤਾ ਲੱਗ ਸਕਿਆ ਹੈ ਕਿ ਪਹਿਲਾਂ ਪਹਿਲ ਤੁਸੀਂ ਕਿਸ ਤਰ੍ਹਾਂ ਸੰਸਾਰ ਦੀ ਸਾਜਨਾ ਕੀਤੀ।੧੭।

**ਏਕੈ ਰੂਪ ਅਨੂਪ ਸਰੂਪਾ ॥**

**ਰੰਕ ਭਯੋ ਰਾਵ ਕਹੀ ਭੂਪਾ ॥**

ਹੇ ਅਕਾਲ ਪੁਰਖ! ਤੁਹਾਡਾ ਰੂਪ ਇੱਕ ਹੈ ਪਰ ਤੁਸੀਂ ਅਨੇਕਾਂ ਸਰੂਪ

ਧਾਰਨ ਕੀਤੇ ਹਨ, ਕਿਤੇ ਗਰੀਬ, ਕਿਤੇ ਅਮੀਰ ਤੇ ਕਿਤੇ ਰਾਜੇ ਬਣ ਕੇ ਬਿਰਾਜ਼ ਰਹੇ ਹੋ।

**ਅੰਡਜ ਜੇਰਜ ਸੇਤਜ ਕੀਨੀ ॥**
**ਉਤਭੁਜ ਖਾਨਿ ਬਹੁਰ ਰਚਿ ਦੀਨੀ ॥੧੮॥**

ਹੇ ਪ੍ਰਭੂ! ਤੁਸੀਂ ਆਂਡਿਆਂ ਰਾਹੀਂ, ਜੇਰ ਜਰੀਏ, ਪਸੀਨੇ ਦੁਆਰਾ ਉਪਰੰਤ ਉਤਭੁਜ ਖਾਣੀ ਦੁਆਰਾ ਸੰਸਾਰ ਦੀ ਰਚਨਾ ਕੀਤੀ ਹੈ।੧੮।

**ਕਹੂੰ ਫੂਲ ਰਾਜਾ ਹ੍ਵੈ ਬੈਠਾ ॥**
**ਕਹੂੰ ਸਿਮਟਿ ਭਿਯੋ ਸੰਕਰ ਇਕੈਠਾ ॥**

ਹੇ ਪਰਮਾਤਮਾ! ਕਿਤੇ ਤੁਸੀਂ ਜਗਤ ਪਸਾਰਾ ਕਰਨ ਵਾਸਤੇ ਬ੍ਰਹਮਾ ਬਣੇ ਬੈਠੇ ਹੋ। ਕਿਤੇ ਜਗਤ ਦਾ ਸੰਘਾਰ ਕਰਨ ਲਈ ਸ਼ਿਵ ਜੀ ਰੂਪ ਧਾਰਨ ਕੀਤਾ ਹੈ।

**ਸਗਰੀ ਸ੍ਰਿਸਟਿ ਦਿਖਾਇ ਅਚੰਭਵ ॥**
**ਆਦਿ ਜੁਗਾਦਿ ਸਰੂਪ ਸੁਯੰਭਵ ॥੧੯॥**

ਤੁਹਾਡੀ ਸਾਜੀ ਸਾਰੀ ਸ੍ਰਿਸ਼ਟੀ ਇੱਕ ਅਸਚਰਜ ਰੂਪ ਦਿਖਾਈ ਦਿੰਦੀ ਹੈ। ਪਰ ਤੁਸੀਂ ਸੁੰਦਰ ਸਰੂਪ ਵਾਲੇ ਸ੍ਰਿਸ਼ਟੀ ਦੇ ਆਦਿ ਵਿੱਚ ਵੀ ਸੀ, ਜੁਗਾਂ ਦੇ ਅਰੰਭ ਵੇਲੇ ਵੀ ਸੀ।੧੯।

**ਅਬ ਰੱਛਾ ਮੇਰੀ ਤੁਮ ਕਰੋ ॥**
**ਸਿੱਖ ਉਬਾਰਿ ਅਸਿੱਖ ਸੰਘਰੋ ॥**

ਹੇ ਪ੍ਰਭੂ! ਤੁਸੀਂ ਮੇਰੀ ਤੱਤਕਾਲ ਰੱਖਿਆ ਕਰੋ। ਗੁਰੂ ਸਿੱਖਿਆ ਅਨੁਸਾਰ ਚੱਲਣ ਵਾਲਿਆਂ ਦਾ ਬਚਾਉ ਕਰੋ ਤੇ ਖੋਟੀ ਮੱਤ ਦੇ ਧਾਰਨੀਆਂ ਦਾ ਸੰਘਾਰ ਕਰੋ।

**ਦੁਸ਼ਟ ਜਿਤੇ ਉਠਵਤ ਉਤਪਾਤਾ ॥**

**ਸਕਲ ਮਲੇਛ ਕਰੋ ਰਣਘਾਤਾ ॥੨੦॥**

ਜਿੰਨੇ ਵੀ ਉਪੱਦਰ ਪੈਦਾ ਕਰਨ ਵਾਲੇ ਦੁਸ਼ਟ ਹਨ, ਉਨ੍ਹਾਂ ਸਾਰੇ ਮਲੇਛ ਬੁੱਧੀ ਵਾਲਿਆਂ ਦਾ ਨਾਸ਼ ਕਰੋ।੨੦।

**ਜੇ ਅਸਿਧੁਜ ਤਵ ਸਰਨੀ ਪਰੇ ॥**

**ਤਿਨ ਕੇ ਦੁਸ਼ਟ ਦੁਖਿਤ ਹ੍ਵੈ ਮਰੇ ॥**

ਹੇ ਅਕਾਲ ਪੁਰਖ ਜੀ! ਜਿੰਨੇ ਜੀਵ ਆਪ ਜੀ ਦੀ ਸ਼ਰਨ ਵਿੱਚ ਪੈਂਦੇ ਹਨ, ਪ੍ਰਭੂ-ਸ਼ਰਨ ਪੈਣ ਵਾਲਿਆਂ ਦੇ ਦੋਖੀ, ਦੁਖੀ ਹੋ ਕੇ ਮਰਦੇ ਹਨ।

**ਪੁਰਖ ਜਵਨ ਪਗ ਪਰੇ ਤਿਹਾਰੇ ॥**

**ਤਿਨ ਕੇ ਤੁਮ ਸੰਕਟ ਸਭ ਟਾਰੇ ॥੨੧॥**

ਜਿਹੜੇ ਪੁਰਸ਼ ਤੁਹਾਡੀ ਸ਼ਰਣ ਵਿੱਚ ਪੈ ਜਾਂਦੇ ਹਨ, ਤੁਸੀਂ ਉਨ੍ਹਾਂ ਦੇ ਸਾਰੇ ਕਸ਼ਟ ਦੂਰ ਕਰ ਦਿੰਦੇ ਹੋ।੨੧।

**ਜੋ ਕਲਿ ਕੋ ਇਕ ਬਾਰ ਧਿਐ ਹੈ ॥**

**ਤਾ ਕੇ ਕਾਲ ਨਿਕਟਿ ਨਹਿ ਐ ਹੈ ॥**

ਜਿਹੜਾ ਜੀਵ ਅਕਾਲ ਪੁਰਖ ਨੂੰ ਇੱਕ-ਮਨ ਇੱਕ-ਚਿੱਤ ਹੋ ਕੇ, ਇੱਕ ਵਾਰੀ ਵੀ ਯਾਦ ਕਰਦਾ ਹੈ, ਕਾਲ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ।

**ਰੱਛਾ ਹੋਇ ਤਾਹਿ ਸਭ ਕਾਲਾ ॥**

**ਦੁਸਟ ਅਰਿਸਟ ਟਰੇਂ ਤਤਕਾਲਾ ॥੨੨॥**

ਅਕਾਲ ਪੁਰਖ ਉਨ੍ਹਾਂ ਦੀ ਸਰਬ ਕਾਲ ਰੱਖਿਆ ਕਰਦਾ ਹੈ। ਉਸ ਦੇ ਦੁਸ਼ਟ-ਦੋਖੀ ਤੇ ਕਲੇਸ਼ ਤੁਰੰਤ ਉਸਦੇ ਮਗਰੋਂ ਲੱਥ ਜਾਂਦੇ ਹਨ।੨੨।

**ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ ॥**

**ਤਾ ਕੇ ਤਾਪ ਤਨਕ ਮੋ ਹਰਿਹੋ ॥**

ਹੇ ਪਰਮਾਤਮਾ! ਜਿਸ ਜਿਸ ਜੀਵ ਵੱਲ, ਆਪ ਜੀ ਮਿਹਰ ਦੀ ਨਜ਼ਰ ਨਾਲ ਤੱਕਦੇ ਹੋ, ਉਸ ਦੇ ਤਿੰਨੇ ਤਾਪ (ਆਧੀ, ਬਿਆਧੀ, ਉਪਾਧੀ) ਖਿਨ ਮਾਤ੍ਰ ਵਿੱਚ ਤੁਸੀਂ ਦੂਰ ਕਰ ਦਿੰਦੇ ਹੋ।

**ਰਿੱਧਿ ਸਿੱਧਿ ਘਰ ਮੋ ਸਭ ਹੋਈ ॥**

**ਦੁਸਟ ਛਾਹ ਛ੍ਵੈ ਸਕੈ ਨ ਕੋਈ ॥੨੩॥**

ਜਿਹੜੇ ਆਪ ਜੀ ਦੀ ਮਿਹਰ ਦੇ ਪਾਤਰ ਬਣ ਜਾਂਦੇ ਹਨ, ਸੁਤੇ ਸਿਧ ਹੀ ਉਨ੍ਹਾਂ ਨੂੰ ਰਿੱਧੀਆਂ-ਸਿੱਧੀਆਂ ਪ੍ਰਾਪਤ ਹੋ ਜਾਂਦੀਆਂ ਹਨ। ਦੁਸ਼ਟ-ਦੋਖੀ ਉਸ ਦੇ ਪਰਛਾਵੇਂ ਨੂੰ ਛੋਹ ਵੀ ਨਹੀਂ ਸਕਦੇ।੨੩।

**ਏਕ ਬਾਰ ਜਿਨ ਤੁਮੈ ਸੰਭਾਰਾ ॥**

**ਕਾਲ ਫਾਸ ਤੇ ਤਾਹਿ ਉਬਾਰਾ ॥**

ਹੇ ਅਕਾਲ ਪੁਰਖ ਜੀ! ਜਿਸ ਜਿਸ ਜੀਵ ਨੇ ਇੱਕ-ਮਨ ਇੱਕ-ਚਿੱਤ ਹੋ ਕੇ ਆਪ ਜੀ ਨੂੰ ਇੱਕ ਵਾਰੀ ਭੀ ਯਾਦ ਕੀਤਾ, ਤੁਸੀਂ ਉਸ ਨੂੰ ਕਾਲ ਦੀ ਫਾਹੀ ਤੋਂ ਬਚਾ ਲਿਆ।

**ਜਿਨ ਨਰ ਨਾਮ ਤਿਹਾਰੋ ਕਹਾ ॥**

**ਦਾਰਿਦ ਦੁਸਟ ਦੋਖ ਤੇ ਰਹਾ ॥੨੪॥**

ਜਿਨ੍ਹਾਂ ਜਿਨ੍ਹਾਂ ਜੀਵਾਂ ਨੇ ਆਪ ਦੇ ਪਾਵਨ ਨਾਮ ਦਾ ਸਿਮਰਨ ਕੀਤਾ, ਉਹ ਗਰੀਬੀ ਦੇ ਦੁੱਖ ਤੇ ਦੁਸ਼ਟ-ਦੋਖੀਆਂ ਦੇ ਕਹਿਰ ਤੋਂ ਹਮੇਸ਼ਾਂ ਲਈ ਬਚ ਗਏ।੨੪।

**[੧]ਖੜਗ ਕੇਤ ਮੈ ਸਰਣਿ ਤਿਹਾਰੀ ॥**

**ਆਪ ਹਾਥ ਦੈ ਲੇਹੁ ਉਬਾਰੀ ॥**

੧. (ਅਕਾਲ ਪੁਰਖ) ਜਿਸ ਦੇ ਝੰਡੇ ਵਿੱਚ ਕ੍ਰਿਪਾਨ ਦਾ ਨਿਸ਼ਾਨ ਹੈ।

ਹੇ (ਖੜਗਕੇਤ) ਪ੍ਰਭੂ! ਮੈਂ ਆਪ ਜੀ ਦੀ ਸ਼ਰਣ ਵਿੱਚ ਆਇਆ ਹਾਂ, ਕਿਰਪਾ ਕਰਕੇ ਆਪਣਾ ਹੱਥ ਦੇ ਕੇ ਮੇਰੀ ਉਬਾਰਨਾ ਕਰੋ ਜੀ।

**ਸਰਬ ਠੌਰ ਮੋ ਹੋਹੁ ਸਹਾਈ ॥**
**ਦੁਸਟ ਦੋਖ ਤੇ ਲੇਹੁ ਬਚਾਈ ॥੨੫॥**

ਹੇ ਅਕਾਲ ਜੀ! ਮੈਨੂੰ ਸਰਬ ਥਾਵਾਂ ਤੇ ਸਰਬ ਕਾਲ ਵਿੱਚ ਸਹਾਈ ਹੋਵੋ ਤੇ ਹਮੇਸ਼ਾ ਮੈਨੂੰ ਦੁਸ਼ਮਣ-ਦੋਖੀਆਂ ਤੋਂ ਬਚਾਈ ਰੱਖੋ।੨੫।

**ਕ੍ਰਿਪਾ ਕਰੀ ਹਮ ਪਰ ਜਗ ਮਾਤਾ ॥**
**ਗ੍ਰੰਥ ਕਰਾ ਪੂਰਨ ਸੁਭ ਰਾਤਾ ॥**

ਮੇਰੇ ਉੱਪਰ ਅਕਾਲ ਪੁਰਖ (ਜਗ ਮਾਤਾ) ਨੇ ਮਿਹਰ ਕੀਤੀ, ਮੈਂ ਸ਼ੁਭ ਗੁਣਾਂ ਨਾਲ ਭਰਪੂਰ ਗ੍ਰੰਥ ਸੰਪੂਰਨ ਕੀਤਾ।

**ਕਿਲਬਿਖ ਸਕਲ ਦੇਹ ਕੋ ਹਰਤਾ ॥**
**ਦੁਸਟ ਦੋਖਿਯਨ ਕੌ ਛੈ ਕਰਤਾ ॥੨੬॥**

ਅਕਾਲ ਪੁਰਖ ਸਾਰੇ ਪਾਪਾਂ ਦਾ ਨਾਸ਼ਕ ਤੇ ਦੁਸ਼ਟ-ਦੋਖੀਆਂ ਦਾ ਨਾਸ਼ ਕਰਨ ਵਾਲਾ ਹੈ।੨੬।

**ਸ੍ਰੀ ਅਸਿਧੁਜ ਜਬ ਭਏ ਦਇਆਲਾ ॥**
**ਪੂਰਨ ਕਰਾ ਗ੍ਰੰਥ ਤਤਕਾਲਾ ॥**

ਜਦੋਂ ਅਕਾਲ ਪੁਰਖ ਜੀ ਮਿਹਰ ਦੇ ਘਰ ਵਿੱਚ ਆਏ, ਤਦੋਂ ਮੈਂ ਉਸੇ ਵੇਲੇ ਇਹ ਗ੍ਰੰਥ ਸੰਪੂਰਨ ਕਰ ਲਿਆ।

**ਮਨ ਬਾਂਛਤ ਫਲ ਪਾਵੈ ਸੋਈ ॥**
**ਦੂਖ ਨ ਤਿਸੈ ਬਿਆਪਤ ਕੋਈ ॥੨੭॥**

ਜੋ ਇਸ ਦਾ ਪਠਨ-ਪਾਠਨ ਕਰੇਗਾ ਉਸ ਨੂੰ ਮਨ ਇਛਤ ਫਲ ਪ੍ਰਾਪਤ ਹੋਣਗੇ ਤੇ ਉਸ ਨੂੰ ਕੋਈ ਵੀ ਦੁੱਖ ਨਹੀਂ ਬਿਆਪੇਗਾ।੨੭।

**ਅੜਿੱਲ ॥**

ਕਾਵਿ-ਛੰਦ ਦੀ ਇੱਕ ਕਿਸਮ

**ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥**

**ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ ॥**

ਇਸ ਗ੍ਰੰਥ ਨੂੰ ਜੇ ਗੂੰਗਾ ਮਨੁੱਖ ਵੀ ਸੁਣੇਗਾ, ਉਸ ਨੂੰ ਰਸਨਾ ਦੀ ਪ੍ਰਾਪਤੀ ਹੋ ਜਾਵੇਗੀ। ਜੇ ਕੋਈ ਮੂਰਖ ਬੰਦਾ ਵੀ ਚਿੱਤ ਲਾ ਕੇ ਸ੍ਰਵਣ ਕਰੇਗਾ, ਉਸ ਨੂੰ ਚਤੁਰ-ਬੁੱਧੀ ਪ੍ਰਾਪਤ ਹੋਵੇਗੀ।

**ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ ॥**

**ਹੋ ਜੋ ਯਾਕੀ ਏਕ ਬਾਰ ਚੌਪਈ ਕੋ ਕਹੈ ॥੨੮॥**

ਉਸ ਵਿਅਕਤੀ ਦੇ ਨੇੜੇ ਦੁੱਖ-ਦਰਦ ਤੇ ਡਰ ਨਹੀਂ ਰਹੇਗਾ, ਜੋ ਇੱਕ ਵਾਰੀ ਵੀ ਮਨ-ਚਿੱਤ ਲਾ ਕੇ ਚੌਪਈ ਦਾ ਪਾਠ ਕਰੇਗਾ।੨੮।

**ਚੌਪਈ ॥**

ਕਾਵਿ-ਛੰਦ ਦੀ ਕਿਸਮ

**ਸੰਬਤ ਸੱਤ੍ਰਹ ਸਹਸ ਭਣਿੱਜੈ ॥**

**ਅਰਧ ਸਹਸ ਫੁਨਿ ਤੀਨਿ ਕਹਿੱਜੈ ॥**

ਸਭ ਤੋਂ ਪਹਿਲਾਂ ਸਤਾਰਾਂ ਸੌ ਸੰਮਤ ਕਹੋ। ਫਿਰ ਸੌ ਦਾ ਅੱਧ ਪੰਜਾਹ ਤੇ ਫਿਰ ਤਿੰਨ ਕਹੋ (ਭਾਵ ੧੭੫੩ ਬਿਕਰਮੀਂ)

**ਭਾਦ੍ਰਵ ਸੁਦੀ ਅਸਟਮੀ ਰਵਿ ਵਾਰਾ ॥**

**[1]ਤੀਰ [2]ਸਤੁੱਦ੍ਰਵ ਗ੍ਰੰਥ ਸੁਧਾਰਾ ॥੨੯॥**

ਭਾਦਰੋਂ ਮਹੀਨੇ ਦੀ ਅਠਵੀਂ ਸੁਦੀ ਦਿਨ ਐਤਵਾਰ ਨੂੰ ਸਤਲੁਜ ਨਦੀ ਦੇ ਕਿਨਾਰੇ ਉੱਤੇ ਬੈਠ ਕੇ ਇਹ ਗ੍ਰੰਥ ਸੰਪੂਰਨ ਕੀਤਾ।੨੯।

---

੧. ਕਿਨਾਰਾ ੨ ਸਤਲੁਜ

## *ਸ੍ਵੈਯਾ ॥*

ਕਾਵਿ-ਛੰਦ ਦੀ ਕਿਸਮ

## ਪਾਂਇ ਗਹੇ ਜਬ ਤੇ ਤੁਮਰੇ
## ਤਬ ਤੇ ਕੋਊ ਆਂਖ ਤਰੇ ਨਹੀਂ ਆਨ੍ਯੋ ॥

ਹੇ ਅਕਾਲ ਪੁਰਖ! ਜਦ ਤੋਂ ਮੈਂ ਆਪ ਜੀ ਦੇ ਚਰਨ ਫੜ੍ਹੇ ਹਨ ਤਦ ਤੋਂ ਮੈਂ ਹੋਰ ਕਿਸੇ ਨੂੰ ਅੱਖ ਹੇਠ ਵੀ ਨਹੀਂ ਲਿਆਉਂਦਾ।

## ਰਾਮ ਰਹੀਮ ਪੁਰਾਨ ਕੁਰਾਨ
## ਅਨੇਕ ਕਹੈਂ ਮਤ ਏਕ ਨ ਮਾਨ੍ਯੋ ॥

ਰਾਮ, ਰਹੀਮ, ਪੁਰਾਨ ਤੇ ਕੁਰਾਨ ਨੇ ਅਨੇਕਾਂ ਮੱਤਾਂ ਦਾ ਜ਼ਿਕਰ ਕੀਤਾ ਹੈ ਪਰ ਮੈਂ ਇਨ੍ਹਾਂ ਵਿੱਚੋਂ ਇੱਕ ਨੂੰ ਵੀ ਨਹੀਂ ਮੰਨਦਾ।

## ਸਿੰਮ੍ਰਿਤ ਸਾਸਤ੍ਰ ਬੇਦ ਸਭੈ
## ਬਹੁ ਭੇਦ ਕਹੈਂ ਹਮ ਏਕ ਨ ਜਾਨ੍ਯੋ ॥

ਸਤਾਈ ਸਿਮ੍ਰਤੀਆਂ, ਛੇ ਸ਼ਾਸ਼ਤ੍ਰ, ਚਾਰ ਬੇਦ ਅਨੇਕ ਪ੍ਰਕਾਰ ਦੇ ਭੇਦ ਦੱਸਦੇ ਹਨ ਪਰ ਮੈਂ ਇਨ੍ਹਾਂ ਵਿੱਚੋਂ ਇੱਕ ਨੂੰ ਵੀ ਨਹੀਂ ਮੰਨਦਾ।

## ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ
## ਮੈ ਨ ਕਹ੍ਯੋ ਸਭ ਤੋਹਿ ਬਖਾਨ੍ਯੋ ॥

ਹੇ ਅਕਾਲ ਪੁਰਖ ਜੀ! ਆਪ ਜੀ ਦੀ ਮਿਹਰ ਨਾਲ ਇਹ ਸਾਰਾ ਗ੍ਰੰਥ ਸਿਰਜਿਆ ਗਿਆ ਹੈ। ਇਹ ਮੈਂ ਨਹੀਂ ਕਿਹਾ, ਸਾਰਾ ਤੁਸੀਂ ਹੀ ਕਥਨ ਕਰਵਾਇਆ ਹੈ।

## *ਦੋਹਰਾ ॥*

ਕਾਵਿ-ਛੰਦ ਦੀ ਕਿਸਮ

**ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ ॥**

ਹੇ ਅਕਾਲ ਪੁਰਖ ਜੀ! ਮੈਂ ਸਾਰੇ ਦਰਾਂ ਦਾ ਤਿਆਗ ਕਰਕੇ ਤੁਹਾਡਾ ਦਰ ਫੜਿਆ ਹੈ।

**ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ ॥**

ਆਪ ਮਿਹਰ ਕਰਕੇ ਬਾਂਹ ਪਕੜੀ ਦੀ ਲਾਜ ਰੱਖੋ। ਮੈਂ ਗੋਬਿੰਦ ਆਪ ਜੀ ਦਾ ਦਾਸ ਹਾਂ।

## ਰਾਮਕਲੀ ਮਹਲਾ ੩

ਤੀਸਰੇ ਸਤਿਗੁਰੂ, ਗੁਰੂ ਅਮਰਦਾਸ ਜੀ ਦੀ ਉਚਾਰਨ ਕੀਤੀ ਬਾਣੀ।

## ਅਨੰਦੁ

ਗੁਰਬਾਣੀ ਦਾ ਸਿਰਲੇਖ।

## *ੴ ਸਤਿਗੁਰ ਪ੍ਰਸਾਦਿ ॥*

ਪਰਮਾਤਮਾ ਇੱਕ ਹੈ ਤੇ ਉਸ ਵਰਗਾ ਹੋਰ ਕੋਈ ਨਹੀਂ ਹੈ। ਸਾਰਾ ਉਸ ਦਾ ਹੀ ਪਸਾਰਾ ਹੈ।ਉਹ ਗੁਰੂ ਮਿਹਰ ਦੁਆਰਾ ਪ੍ਰਾਪਤ ਹੁੰਦਾ ਹੈ।

**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥**

ਹੇ ਮੇਰੀ ਮਾਂ! ਮੈਨੂੰ ਪੂਰਨ ਅਨੰਦ ਦੀ ਪ੍ਰਾਪਤੀ ਹੋ ਗਈ ਹੈ ਕਿਉਂਕਿ ਮੈਨੂੰ ਸਤਿਗੁਰੂ ਦਾ ਮਿਲਾਪ ਪ੍ਰਾਪਤ ਹੋ ਗਿਆ ਹੈ।

**ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥**

ਸਤਿਗੁਰੂ ਦੇ ਮਿਲਾਪ ਨਾਲ ਅਡੋਲ ਸਹਿਜ ਅਵਸਥਾ ਪ੍ਰਾਪਤ ਹੋ ਗਈ ਹੈ ਤੇ ਅਨੂਪਮ ਖੁਸ਼ੀਆਂ ਖੇੜੇ ਪ੍ਰਾਪਤ ਹੋ ਗਏ ਹਨ।

**ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥**

ਇੰਞ ਜਾਨਣਾ ਕਰੋ ਜਿਵੇਂ ਰਤਨ ਰੂਪ, ਰਾਗ ਤੇ ਰਾਗਣੀਆਂ ਪ੍ਰਭੂ-ਸਿਫਤ ਕਰਨ ਵਾਸਤੇ ਮੇਰੇ ਅੰਦਰ ਪ੍ਰਵੇਸ਼ ਕਰ ਗਈਆਂ ਹੋਣ।

**ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥**

ਹੇ ਭਾਈ! ਤੁਸੀਂ ਵੀ ਪ੍ਰਭੂ ਦੀ ਸਿਫਤਿ-ਸਲਾਹ ਦੇ ਸ਼ਬਦ ਗਾਵੋ, ਜਿਨ੍ਹਾਂ ਜਿਨ੍ਹਾਂ ਨੇ ਸਿਫਤਿ-ਸਲਾਹ ਦੇ ਸ਼ਬਦਾਂ ਨੂੰ ਆਪਣੇ ਮਨ ਵਿੱਚ ਵਸਾ ਲਿਆ, ਉਨ੍ਹਾਂ ਅੰਦਰ ਪੂਰਨ ਖਿੜਾਉ ਪੈਦਾ ਹੋ ਗਿਆ।

**ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥**

ਸਤਿਗੁਰੂ ਅਮਰਦਾਸ ਜੀ, ਨਾਨਕ ਮੋਹਰ ਲਾ ਕੇ, ਫੁਰਮਾਨ ਕਰਦੇ ਹਨ ਕਿ ਮੈਨੂੰ ਅਨੰਦ ਦੀ ਪ੍ਰਾਪਤੀ ਹੋ ਗਈ ਹੈ ਕਿਉਂਕਿ ਮੈਨੂੰ ਪੂਰਨ ਸਤਿਗੁਰੂ ਦਾ ਮਿਲਾਪ ਪ੍ਰਾਪਤ ਹੋ ਗਿਆ ਹੈ।੧।

**ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥**

ਹੇ ਮੇਰੇ ਮਨਾਂ! ਤੂੰ ਸਦਾ ਹੀ ਪ੍ਰਭੂ ਦੇ ਨਾਲ ਜੁੜਿਆ ਰਹੁ।

**ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥**

ਜੇ ਤੂੰ ਪਰਮਾਤਮਾ ਦੇ ਨਾਮ ਨਾਲ ਜੁੜਿਆ ਰਹੇਂਗਾ ਤਾਂ ਪਰਮਾਤਮਾ ਤੇਰੇ ਸਾਰੇ ਦੁੱਖਾਂ ਨੂੰ ਦੂਰ ਕਰ ਦੇਵੇਗਾ।

**ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥**

ਪਰਮਾਤਮਾ ਤੇਰਾ ਪੱਖ ਵੀ ਕਰੇਗਾ ਤੇ ਤੇਰੇ ਸਾਰੇ ਕਾਰਜ ਸੁਤੇ-ਸਿੱਧ ਹੀ ਸਵਾਰ ਦੇਵੇਗਾ।

**ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥**

ਹੇ ਮੇਰੇ ਮਨ! ਜਿਹੜਾ ਪਰਮਾਤਮਾ ਸਰਬ-ਸਮਰਥ ਹੈ, ਤੂੰ ਉਸ ਨੂੰ ਮਨ ਵਿੱਚੋਂ ਕਿਉਂ ਭੁਲਾਉਂਦਾ ਹੈਂ?

**ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥**

ਸਤਿਗੁਰੂ ਫੁਰਮਾਨ ਕਰਦੇ ਹਨ, ਹੇ ਮੇਰੇ ਮਨ! ਤੂੰ ਸਦਾ ਹੀ ਪਰਮਾਤਮਾ ਦੇ ਨਾਲ ਜੁੜਿਆ ਰਹੁ।੨।

**ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥**

ਹੇ ਮੇਰੇ ਸਚੇ ਵਾਹਿਗੁਰੂ! ਤੇਰੇ ਘਰ ਵਿੱਚ ਕਿਹੜੀ ਚੀਜ਼ ਦਾ ਘਾਟਾ ਹੈ? (ਭਾਵ ਕੋਈ ਘਾਟਾ ਨਹੀਂ ਹੈ)

**ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥**

ਤੇਰੇ ਘਰ ਵਿੱਚ ਤਾਂ ਸਭ ਕੁਝ ਹੀ ਹੈ, ਪਰ ਜਿਸ ਨੂੰ ਤੂੰ ਮਿਹਰ ਕਰਕੇ ਦਿੰਦਾ ਹੈਂ, ਉਹ ਹੀ ਦਾਤ ਪ੍ਰਾਪਤ ਕਰ ਸਕਦਾ ਹੈ।

**ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥**

ਨਾਮ ਦੀ ਦਾਤ ਤੇ ਪ੍ਰਭੂ ਸਿਫਤਿ-ਸਲਾਹ ਦੀ ਦਾਤ ਜਿਸ ਦੇ ਮਨ ਵਿੱਚ ਵੱਸ ਜਾਂਦੀ ਹੈ।

**ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥**

ਉਨ੍ਹਾਂ ਦੇ ਹਿਰਦੇ ਅੰਦਰ ਲਗਾਤਾਰ ਇੱਕ ਰਸ ਅਨੰਦ ਦੇ ਅਨਹਦ ਸ਼ਬਦ ਵੱਜਣ ਲੱਗ ਜਾਂਦੇ ਹਨ।

**ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥**

ਸਤਿਗੁਰੂ ਮੁੜ ਦ੍ਰਿੜ ਕਰਵਾਉਣ ਲਈ ਫੁਰਮਾਨ ਕਰਦੇ ਹਨ ਕਿ ਹੇ ਪਰਮਾਤਮਾ! ਤੇਰੇ ਘਰ ਵਿੱਚ ਕਿਹੜੀ ਚੀਜ਼ ਦੀ ਕਮੀਂ ਹੈ।(ਭਾਵ ਕੋਈ ਕਮੀਂ ਨਹੀਂ ਹੈ)

**ਸਾਚਾ ਨਾਮੁ ਮੇਰਾ ਆਧਾਰੋ ॥**

ਹੇ ਪ੍ਰਭੂ! ਤੇਰਾ ਸੱਚਾ ਨਾਮ ਮੇਰੀ ਜਿੰਦਗੀ ਦਾ ਆਸਰਾ ਬਣ ਗਿਆ ਹੈ।

**ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥**

ਜਦੋਂ ਦਾ ਮੇਰੇ ਜੀਵਨ ਦਾ ਅਧਾਰ ਤੇਰਾ ਨਾਮ ਬਣਿਆ ਹੈ। ਮੇਰੀਆਂ ਸਾਰੀਆਂ ਭੁੱਖਾਂ ਨਾਮ ਨੇ ਦੂਰ ਕਰ ਦਿੱਤੀਆਂ ਹਨ।

**ਕਰਿ ਸਾਂਤਿ ਸੁਖ ਮਨਿ ਆਇ ਵਸਿਆ**
**ਜਿਨਿ ਇਛਾ ਸਭਿ ਪੁਜਾਈਆ ॥**

ਨਾਮ ਨੇ ਮੈਨੂੰ ਸਾਰੇ ਸੁੱਖ, ਮਨ ਦੀ ਸ਼ਾਂਤੀ ਪ੍ਰਦਾਨ ਕਰਕੇ ਮੇਰੀਆਂ ਸਾਰੀਆਂ ਇਛਾਂਵਾਂ ਪੂਰੀਆਂ ਕਰ ਦਿੱਤੀਆਂ ਹਨ।

**ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ**
**ਜਿਸ ਦੀਆ ਏਹਿ ਵਡਿਆਈਆ ॥**

ਮੈਂ ਆਪਣੇ ਗੁਰੂ ਤੋਂ ਸਦਾ ਸਦਾ ਕੁਰਬਾਨ ਜਾਂਦਾ ਹਾਂ, ਕਿਉਂਕਿ ਇਹ ਸਾਰੀਆਂ ਬਖਸ਼ਿਸ਼ਾਂ ਗੁਰੂ ਦੀਆਂ ਹੀ ਹਨ।

**ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥**

ਹੇ ਸੰਤ ਜਨੋਂ ! ਧਿਆਨ ਦੇ ਕੇ ਸੁਣੋ, ਗੁਰੂ ਦੇ ਸ਼ਬਦ ਵਿੱਚ ਹਮੇਸ਼ਾ ਪਿਆਰ ਪਾਵੋ।

**ਸਾਚਾ ਨਾਮੁ ਮੇਰਾ ਆਧਾਰੋ ॥੪॥**

ਸਤਿਗੁਰੂ ਜੀ ਦੀ ਮਿਹਰ ਨਾਲ ਮੇਰੀ ਆਤਮਾ ਦਾ ਅਧਾਰ ਹੁਣ ਪਰਮਾਤਮਾ ਦਾ ਨਾਮ ਬਣ ਗਿਆ ਹੈ।

**ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥**

ਨਾਮ-ਅਧਾਰੀ ਗੁਰਮੁਖ ਦੇ ਹਿਰਦੇ ਵਿੱਚ ਪੰਜ ਪ੍ਰਕਾਰ ਦੇ ਅਨਹਤ ਸ਼ਬਦ ਵੱਜਣ ਲੱਗ ਜਾਂਦੇ ਹਨ।

**ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥**

ਹੇ ਪ੍ਰਭੂ ! ਜਿਸ ਹਿਰਦੇ ਵਿੱਚ ਤੁਸੀਂ ਨਾਮ ਦੀ ਪਾਰਸ ਕਲਾ ਵਰਤਾ

ਦਿੱਤੀ, ਉਸ ਦੇ ਹਿਰਦੇ-ਘਰ ਵਿੱਚ ਅਨਹਤ ਸ਼ਬਦ ਵੱਜਣ ਲੱਗ ਪਏ।

**ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥**

ਹੇ ਪ੍ਰਭੂ! ਜਿਸ ਹਿਰਦੇ ਵਿੱਚ ਤੁਸੀਂ ਨਾਮ ਦਾ ਨਿਵਾਸ ਕਰ ਦਿੱਤਾ ਉਸ ਦੇ ਪੰਜੇ ਦੂਤ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਤੁਸੀਂ ਉਸ ਦੇ ਵੱਸ ਵਿੱਚ ਕਰ ਦਿੱਤੇ ਤੇ ਦੁੱਖ ਦੇਣ ਵਾਲੇ ਕਾਲ ਦਾ ਵੀ ਨਾਸ਼ ਕਰ ਦਿੱਤਾ।

**ਧੁਰਿ ਕਰਮਿ ਪਾਇਆ ਤੁਧੁ ਜਿਨ ਕਉ**
**ਸਿ ਨਾਮਿ ਹਰਿ ਕੈ ਲਾਗੇ ॥**

ਹੇ ਪ੍ਰਭੂ! ਜਿਨ੍ਹਾਂ ਵਡਭਾਗੀਆਂ ਉੱਪਰ ਤੁਸੀਂ ਆਪਣੀ ਮਿਹਰ ਕੀਤੀ, ਉਹ ਹੀ ਨਾਮ ਜਪਣ ਦੀ ਕਾਰ ਵਿੱਚ ਲੱਗੇ ਹਨ।

**ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥**

ਸਤਿਗੁਰੂ ਫੁਰਮਾਨ ਕਰਦੇ ਹਨ ਕਿ ਜਿਸ ਹਿਰਦੇ ਵਿੱਚ ਨਾਮ ਦਾ ਨਿਵਾਸ ਹੋ ਗਿਆ, ਉਸ ਹਿਰਦੇ ਵਿੱਚ ਸਦਾ ਸੁੱਖ ਤੇ ਖ਼ੁਸ਼ੀ ਦੇ ਅਨਾਹਦ ਵਾਜੇ ਵੱਜਣ ਲੱਗ ਜਾਂਦੇ ਹਨ।੫।

**ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥**

ਹੇ ਵਡਿਆਂ ਭਾਗਾਂ ਵਾਲਿਓ! ਆਤਮਿਕ ਅਨੰਦ ਬਖਸ਼ਿਸ਼ ਕਰਨ ਵਾਲੀ ਅਨੰਦ ਸਾਹਿਬ ਜੀ ਦੀ ਬਾਣੀ ਨੂੰ ਧਿਆਨ ਨਾਲ ਸੁਣੋ। ਤੁਹਾਡੇ ਜੀਵਨ ਦੇ ਸਾਰੇ ਮਨੋਰਥ ਪੂਰੇ ਹੋ ਜਾਣਗੇ।

**ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥**

ਗੁਰਬਾਣੀ ਸੁਣਨ ਨਾਲ ਪਾਰਬ੍ਰਹਮ ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਸਾਰੇ ਚਿੰਤਾ ਝੋਰੇ ਸਦਾ ਲਈ ਦੂਰ ਹੋ ਜਾਂਦੇ ਹਨ।

**ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥**

ਜਿਸ ਜਿਸ ਨੇ ਇੱਕ ਮਨ ਇੱਕ ਚਿੱਤ ਹੋ ਕੇ ਸੱਚੀ ਬਾਣੀ ਨੂੰ ਸ੍ਰਵਣ ਕੀਤਾ ਉਸ ਦੇ ਸਰੀਰਕ ਦੁੱਖ, ਆਤਮਿਕ ਰੋਗ ਤੇ ਸੰਤਾਪ ਖਤਮ ਹੋ ਗਏ।

**ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥**

ਜਿਨ੍ਹਾਂ ਗੁਰੂ ਪਿਆਰਿਆਂ ਨੂੰ ਸਤਿਗੁਰੂ ਪਾਸੋਂ ਗੁਰਬਾਣੀ ਦੀ ਮਹਾਨਤਾ ਦਾ ਪਤਾ ਚੱਲ ਜਾਂਦਾ ਹੈ, ਉਹ ਗੁਰਬਾਣੀ ਨਾਲ ਜੁੜ ਕੇ ਆਤਮਿਕ ਖਿੜਾਉ ਪ੍ਰਾਪਤ ਕਰ ਲੈਂਦੇ ਹਨ।

**ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥**

ਅਨੰਦ ਦਾਤੀ ਗੁਰਬਾਣੀ ਨੂੰ ਸੁਣਨ ਵਾਲੇ ਤੇ ਪੜ੍ਹਣ ਵਾਲੇ ਵੀ ਪਵਿੱਤਰ ਹੋ ਜਾਂਦੇ ਹਨ ਕਿਉਂਕਿ ਗੁਰਬਾਣੀ ਵਿੱਚ ਸਤਿਗੁਰੂ ਜੀ ਦੀ ਆਪਣੀ ਹੋਂਦ ਸਮਾਈ ਹੋਈ ਹੈ।

**ਬਿਨਵੰਤਿ ਨਾਨਕੁ ਗੁਰ ਚਰਣ ਲਾਗੇ**
**ਵਾਜੇ ਅਨਹਦ ਤੂਰੇ ॥੪੦॥੧॥**

ਸਤਿਗੁਰੂ ਅਮਰਦਾਸ ਜੀ "**ਨਾਨਕ**" ਛਾਪ ਲਾ ਕੇ ਬੜੀ ਨਿਮ੍ਰਤਾ ਸਹਿਤ ਕਥਨ ਕਰਦੇ ਹਨ ਕਿ ਜਿਹੜੇ ਜਿਹੜੇ ਗੁਰੂ ਦੇ ਚਰਨਾਂ (ਨਾਮ) ਨਾਲ ਜੁੜ ਗਏ, ਉਨ੍ਹਾਂ ਦੇ ਅੰਦਰ ਲਗਾਤਾਰ ਅਨਹਦ ਸ਼ਬਦ ਦੇ ਵਾਜੇ ਵੱਜਣ ਲੱਗ ਪਏ॥੪੦॥

***ਮੁੰਦਾਵਣੀ ਮਹਲਾ ੫ ॥***

ਪੰਜਵੇਂ ਸਤਿਗੁਰਾਂ ਦੀ ਬਾਣੀ

**ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਰੂਹਾਨੀ-ਆਤਮਿਕ ਜੀਵਨ-ਅਹਾਰ ਦਾ ਇੱਕ ਥਾਲ ਹੈ। ਜਿਸ ਵਿੱਚ ਸਤਿਗੁਰਾਂ ਤਿੰਨ ਵਸਤੂਆਂ ਸੱਤ, ਸੰਤੋਖ ਅਤੇ ਬਿਬੇਕ ਵੀਚਾਰ ਪਰੋਸੇ ਹਨ।

**ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥**

ਇਸੇ ਰੂਹਾਨੀਅਤ ਦੇ ਥਾਲ ਵਿੱਚ ਸਤਿਗੁਰਾਂ ਪਰਮਾਤਮਾ ਦਾ ਅੰਮ੍ਰਿਤ

ਰੂਪੀ ਨਾਮ ਸ਼ੁਸ਼ੋਭਤ ਕੀਤਾ ਹੈ। ਜਿਸ ਦੇ ਆਸਰੇ ਸਾਰੇ ਜੀਵ ਤੇ ਖੰਡ-ਬ੍ਰਹਿਮੰਡ ਟਿਕੇ ਹੋਏ ਹਨ।

**ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥**

ਜਿਹੜਾ ਕੋਈ ਇਸ ਅੰਮ੍ਰਿਤ ਨਾਮ ਨੂੰ ਖਾਂਦਾ (ਜਪਦਾ) ਹੈ ਤੇ ਨਾਮ ਦਾ ਰਸ ਮਾਣਦਾ ਹੈ, ਉਸ ਦਾ ਸੰਸਾਰ ਭਵਜਲ ਤੋਂ ਪਾਰ ਉਤਾਰਾ ਹੋ ਜਾਂਦਾ ਹੈ।

**ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥**

ਨਾਮ ਦੀ ਅਮੋਲਕ ਵਸਤੂ ਕਦੇ ਵੀ ਤਿਆਗਣੀ ਨਹੀਂ ਚਾਹੀਦੀ, ਸਗੋਂ ਇਸ ਨਾਮ ਨੂੰ ਹਰ ਸਮੇਂ ਹਰ ਵੇਲੇ ਨਿੱਤ ਹੀ ਹਿਰਦੇ ਵਿੱਚ ਧਾਰਨ ਕਰੀ ਛੱਡਣਾ ਚਾਹੀਦਾ ਹੈ।

**ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥**

ਇਹ ਸੰਸਾਰ ਅਗਿਆਨਤਾ ਦਾ ਅੰਧਾ ਸਮੁੰਦਰ ਹੈ ਇਸ ਨੂੰ ਨਾਮ ਜਪ ਕੇ ਤਰਿਆ ਜਾ ਸਕਦਾ ਹੈ। ਜੋ ਨਾਮ ਨਾਲ ਸੁਰਤੀ ਨੂੰ ਜੋੜ ਲੈਂਦਾ ਹੈ ਉਸ ਨੂੰ ਅੰਧਕਾਰ ਸੰਸਾਰ ਬ੍ਰਹਮ-ਪਸਾਰ ਹੀ ਦ੍ਰਿਸ਼ਟੀ ਆਉਣ ਲੱਗ ਜਾਂਦਾ ਹੈ।

***ਸਲੋਕ ਮਹਲਾ ੫ ॥***

ਗੁਰੂ ਅਰਜਨ ਦੇਵ ਜੀ ਦੀ ਬਾਣੀ।

**ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥**

ਹੇ ਕਰਤਾਰ! ਮੈਂ ਤੇਰੇ ਕੀਤੇ ਪਰਉਪਕਾਰਾਂ ਨੂੰ ਜਾਣਿਆ ਨਹੀਂ, ਤੁਸੀਂ ਮੈਨੂੰ ਆਪ ਹੀ ਆਪਣੀ ਸੇਵਾ ਦੇ ਜੋਗ ਬਣਾਇਆ ਹੈ।

**ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥**

ਮੈਂ ਸ਼ੁਭ ਗੁਣਾਂ ਤੋਂ ਹੀਣ ਹਾਂ ਮੇਰੇ ਵਿੱਚ ਕੋਈ ਵੀ ਸ਼ੁਭ ਗੁਣ ਨਹੀਂ ਹੈ। ਮੈਂ ਨਿਰਗੁਣਆਰੇ ਉੱਪਰ ਤੁਸੀਂ ਆਪ ਹੀ ਤਰਸ ਕੀਤਾ ਹੈ।

**ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥**

ਹੇ ਪ੍ਰਭੂ! ਤੁਹਾਡੇ ਤਰਸ ਦੀ ਬਦੌਲਤ ਤੁਹਾਡੀ ਮੇਰੇ ਤੇ ਮਿਹਰ ਹੋਈ ਹੈ। ਜਿਸ ਸਦਕਾ ਮੈਨੂੰ ਲੋਕ ਪ੍ਰਲੋਕ ਵਿੱਚ ਸਾਥ ਨਿਭਾਉਣ ਵਾਲਾ ਮਿੱਤ੍ਰ ਸਤਿਗੁਰੂ ਮਿਲ ਪਿਆ ਹੈ।

**ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥**

ਸਤਿਗੁਰੂ ਅਰਜਨ ਦੇਵ ਜੀ ਸਾਨੂੰ ਜੀਵਾਂ ਨੂੰ ਪਰਮਾਤਮਾ ਪਾਸੋਂ ਸਰਬ-ਸ਼੍ਰੋਮਣੀ ਨਾਮ ਮੰਗਣ ਦੀ ਅਗਵਾਈ ਕਰਦੇ, ਫੁਰਮਾਨ ਕਰਦੇ ਹਨ। ਹੇ ਪ੍ਰਭੂ! ਮੈਨੂੰ ਆਪਣੇ ਨਾਮ ਦੀ ਬਖਸ਼ਿਸ਼ ਕਰ, ਤਾਂ ਜੋ ਮੈਨੂੰ ਆਤਮਿਕ ਜੀਵਨ ਪ੍ਰਾਪਤ ਹੋ ਜਾਵੇ ਤੇ ਨਾਮ ਦੀ ਬਰਕਤ ਨਾਲ ਮੇਰਾ ਤਨ ਵੀ ਤੇ ਮਨ ਵੀ ਵਿਗਾਸ ਵਿੱਚ ਆ ਜਾਵੇ।

***ਪਉੜੀ ॥***

ਕਾਵਿ-ਛੰਦ ਦੀ ਚਾਲ

**ਤਿਥੈ ਤੂ ਸਮਰਥੁ ਜਿਥੈ ਕੋਇ ਨਾਹਿ ॥**

ਹੇ ਪ੍ਰਭੂ! ਜਿੱਥੇ ਸੰਸਾਰ ਦਾ ਕੋਈ ਮਦਦਗੀਰ ਸਹਾਇਤਾ ਨਹੀਂ ਕਰ ਸਕਦਾ, ਉੱਥੇ ਤੂੰ ਮਦਦ ਕਰਨ ਦੇ ਸਮਰਥ ਹੈਂ।

**ਓਥੈ ਤੇਰੀ ਰਖ ਅਗਨੀ ਉਦਰ ਮਾਹਿ ॥**

ਮਾਤਾ ਦੇ ਪੇਟ ਦੀ ਜਠਰ-ਅਗਨੀ ਵਿੱਚ, ਜੀਵ ਦੀ ਤੂੰ ਹੀ ਰੱਖਿਆ ਕਰਦਾ ਹੈਂ।

**ਸੁਣਿ ਕੈ ਜਮ ਕੇ ਦੂਤ ਨਾਇ ਤੇਰੈ ਛਡਿ ਜਾਹਿ ॥**

ਹੇ ਪ੍ਰਭੂ! ਤੇਰਾ ਨਾਮ ਸੁਣਕੇ ਜਮਾਂ ਦੇ ਦੂਤ ਜੀਵ ਨੂੰ ਛੱਡ ਕੇ ਪਰੇ ਚਲੇ ਜਾਂਦੇ ਹਨ।

**ਭਉਜਲੁ ਬਿਖਮੁ ਅਸਗਾਹੁ ਗੁਰ ਸਬਦੀ ਪਾਰਿ ਪਾਹਿ ॥**

ਸੰਸਾਰ ਭਵਜਲ ਤਰਨਾ ਬੜਾ ਬਿਖਮ ਹੈ ਪਰ ਗੁਰਮੁਖ-ਜਨ ਗੁਰੂ ਦੇ

ਸ਼ਬਦ ਦੀ ਬਰਕਤ ਨਾਲ ਸੁਖੈਨ ਹੀ ਪਾਰ ਕਰ ਲੈਂਦੇ ਹਨ।

### ਜਿਨ ਕਉ ਲਗੀ ਪਿਆਸ ਅੰਮ੍ਰਿਤੁ ਸੇਇ ਖਾਹਿ ॥

ਪ੍ਰਭੂ ਨਾਮ ਭਾਵੇਂ ਬਹੁਤ ਅਮੋਲਕ ਹੈ, ਪ੍ਰੰਤੂ ਜਿਨ੍ਹਾਂ ਨੂੰ ਨਾਮ ਜਪਣ ਦੀ ਪਿਆਸ ਲੱਗਦੀ ਹੈ, ਉਹ ਹੀ ਅੰਮ੍ਰਿਤ ਰੂਪੀ ਨਾਮ ਜਪਦੇ ਹਨ।

### ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥

ਕਲਯੁਗ ਦੇ ਅੰਦਰ ਸਭ ਤੋਂ ਵੱਡਾ ਪੁੰਨ ਪਰਮੇਸ਼ਰ ਦੀ ਸਿਫਤ-ਸਲਾਹ ਦੇ ਗੁਣ ਗਾਉਣੇ ਹਨ।

### ਸਭਸੈ ਨੋ ਕਿਰਪਾਲੁ ਸਮ੍ਾਲੇ ਸਾਹਿ ਸਾਹਿ ॥

ਕ੍ਰਿਪਾਲੂ ਪ੍ਰਭੂ ਹਰੇਕ ਜੀਵ ਦੀ ਸੁਆਸ-ਸੁਆਸ ਸਾਰ-ਸੰਭਾਲ ਕਰਦਾ ਹੈ।

### ਬਿਰਥਾ ਕੋਇ ਨ ਜਾਇ ਜਿ ਆਵੈ ਤੁਧੁ ਆਹਿ ॥੯॥

ਹੇ ਪ੍ਰਭੂ! ਜਿਹੜਾ ਜੀਵ ਵੀ ਸ਼ਰਧਾ-ਭਾਵਨੀ ਨਾਲ ਤੁਹਾਡੀ ਸ਼ਰਣ ਵਿੱਚ ਆਉਂਦਾ ਹੈ, ਉਹ ਕਦੇ ਵੀ ਨਿਰਾਸ਼ ਹੋ ਕੇ ਤੁਹਾਡੇ ਦਰ ਤੋਂ ਖਾਲੀ ਨਹੀਂ ਜਾਂਦਾ।

### *ਸਲੋਕੁ ਮਃ ੫ ॥*

ਸਲੋਕ ਦੀ ਰਚਨਾ ਅੰਦਰ ਗੁਰੂ ਅਰਜਨ ਦੇਵ ਜੀ ਦੀ ਬਾਣੀ।

### ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥

ਹੇ ਜੀਵ! ਜੇ ਪ੍ਰਭੂ ਦਰਗਾਹ ਵਿੱਚ ਥਾਂ ਲੈਣੀ ਹੈ ਤਾਂ ਇਨ੍ਹਾਂ ਚਾਰ ਕਰਮਾਂ ਦਾ ਧਾਰਨੀ ਬਣ ਜਾਹ। ਪਹਿਲਾ, ਆਪਣੇ ਮਨ ਵਿੱਚ ਹਮੇਸ਼ਾਂ ਗੁਰੂ ਦਾ ਉਪਦੇਸ਼ ਯਾਦ ਰੱਖ। ਦੂਸਰਾ, ਰਸਨਾ ਨਾਲ ਗੁਰੂ ਦਾ ਬਖਸ਼ਿਸ਼ ਕੀਤਾ ਪ੍ਰਭੂ ਨਾਮ ਜਪ।

**ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥**

ਤੀਸਰਾ ਅੱਖਾਂ ਨਾਲ ਹਰ ਇੱਕ ਵਿੱਚ ਗੁਰੂ ਦਾ ਦੀਦਾਰ ਤੇ ਚੌਥਾ ਕੰਨਾ ਨਾਲ ਸਤਿਗੁਰੂ ਜੀ ਦਾ ਬਖਸ਼ਿਸ਼ ਕੀਤਾ ਪ੍ਰਭੂ ਨਾਮ ਸ੍ਰਵਣ ਕਰ।

**ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥**

ਇਹ ਗੁਰੂ ਦਰਸਾਏ ਚਾਰ ਕਰਮ ਕਰਨ ਨਾਲ ਤੂੰ ਗੁਰੂ ਦੇ ਨਾਮ ਰੰਗ ਵਿੱਚ ਰੰਗਿਆ ਜਾਵੇਂਗਾ ਤੇ ਪਰਮਾਤਮਾ ਦੀ ਦਰਗਾਹ ਵਿੱਚ ਤੈਨੂੰ ਥਾਂ ਪ੍ਰਾਪਤ ਹੋ ਜਾਵੇਗੀ।

**ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥**

ਸਤਿਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ, ਇਹ ਦਾਤ ਉਸ ਮਨੁੱਖ ਨੂੰ ਪ੍ਰਾਪਤ ਹੁੰਦੀ ਹੈ, ਜਿਸ ਨੂੰ ਪਰਮਾਤਮਾ ਆਪ ਮਿਹਰ ਕਰਕੇ ਦਿੰਦਾ ਹੈ।

**ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥੧॥**

ਅਜਿਹੇ ਸ੍ਰੇਸ਼ਟ ਕਰਮ ਕਰਨ ਵਾਲੇ ਉੱਤਮ ਮਨੁੱਖ, ਸੰਸਾਰ ਅੰਦਰ ਟਾਂਵੇਂ-ਟਾਂਵੇਂ ਹੁੰਦੇ ਹਨ।

*ਮ: ੫ ॥*

ਗੁਰੂ ਅਰਜਨ ਦੇਵ ਜੀ ਦਾ ਫੁਰਮਾਨ।

**ਰਖੇ ਰਖਣਹਾਰਿ ਆਪਿ ਉਬਾਰਿਅਨੁ ॥**

ਰਖਵਾਲੇ ਪ੍ਰਭੂ ਨੇ ਆਪਣੇ ਪਿਆਰਿਆਂ ਨੂੰ ਆਪ ਹੱਥ ਦੇ ਕੇ ਵਿਕਾਰਾਂ ਤੇ ਜਨਮ-ਮਰਨ ਦੇ ਗੇੜੇ ਤੋਂ ਬਚਾ ਲਿਆ।

**ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ ॥**

ਪਰਮਾਤਮਾ ਨੇ ਉਨ੍ਹਾਂ ਨੂੰ ਗੁਰੂ ਚਰਨਾਂ ਨਾਲ ਜੋੜ ਕੇ ਸੰਸਾਰ ਦੇ ਤੇ ਪ੍ਰਮਾਰਥ ਦੇ ਵੀ ਸਾਰੇ ਕਾਰਜ ਸੰਵਾਰ ਦਿੱਤੇ।

**ਹੋਆ ਆਪਿ ਦਇਆਲੁ ਮਨਹੁ ਨ ਵਿਸਾਰਿਅਨੁ ॥**

ਪਰਮਾਤਮਾ ਉਨ੍ਹਾਂ ਪਿਆਰਿਆਂ ਉੱਪਰ ਮਿਹਰ ਕਰਕੇ ਉਨ੍ਹਾਂ ਨੂੰ ਆਪਣੇ ਮਨ ਵਿੱਚੋਂ ਕਦੇ ਵੀ ਵਿਸਾਰਦਾ ਨਹੀਂ।

**ਸਾਧ ਜਨਾ ਕੈ ਸੰਗਿ ਭਵਜਲੁ ਤਾਰਿਅਨੁ ॥**

ਪਰਮਾਤਮਾ, ਉਨ੍ਹਾਂ ਨੂੰ ਸਾਧੂ-ਮਹਾਂਪੁਰਸ਼ਾਂ ਦੀ ਸੰਗਤ ਪ੍ਰਦਾਨ ਕਰਕੇ ਸੰਸਾਰ ਭਵਜਲ 'ਚੋਂ, ਉਨ੍ਹਾਂ ਦਾ ਉਧਾਰ ਕਰ ਦਿੰਦਾ ਹੈ।

**ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ ॥**

ਪ੍ਰਭੂ ਤੋਂ ਭੁੱਲੇ ਹੋਏ, ਨਿੰਦਿਆ ਕਰਨ ਵਾਲੇ ਤੇ ਮੰਦ-ਕਰਮੀਆਂ ਨੂੰ ਪ੍ਰਭੂ ਇੱਕ ਖਿਨ ਵਿੱਚ ਮਾਰ ਮੁਕਾਉਂਦਾ ਹੈ।

**ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ ॥**

ਸਤਿਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ ਕਿ ਜੀਵ ਨੂੰ ਆਪਣੇ ਮਨ ਅੰਦਰ ਅਜਿਹੇ ਪ੍ਰਭੂ ਦਾ ਓਟ-ਆਸਰਾ ਲੈਣਾ ਚਾਹੀਦਾ ਹੈ।

**ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ ॥**

ਜਿਸ ਦਾ ਸਿਮਰਨ ਕਰਨ ਨਾਲ ਸਦੀਵੀਂ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਦੁੱਖ ਸਦਾ ਲਈ ਮਨੁੱਖ ਦਾ ਖਹਿੜਾ ਛੱਡ ਜਾਂਦੇ ਹਨ।

# ਕੀਰਤਨ ਸੋਹਿਲਾ

## ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧

ਬਾਣੀ ਦਾ ਸਿਰਲੇਖ, ਗਉੜੀ ਰਾਗ ਦੀ ਇੱਕ ਕਿਸਮ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਖਾਰਬਿੰਦ ਚੋਂ ਉਚਾਰਣ ਕੀਤੀ ਬਾਣੀ।

**੧ੴ ਸਤਿਗੁਰ ਪ੍ਰਸਾਦਿ ॥**

ਪਰਮਾਤਮਾ ਇੱਕ ਹੈ ਤੇ ਉਸ ਵਰਗਾ ਹੋਰ ਕੋਈ ਨਹੀਂ ਹੈ। ਸਾਰਾ ਉਸ ਦਾ ਹੀ ਪਸਾਰਾ ਹੈ।ਉਹ ਗੁਰੂ ਦੀ ਮਿਹਰ ਨਾਲ ਮਿਲਦਾ ਹੈ।

**[1]ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥**

ਜਿਸ ਸਤਸੰਗਤ ਵਿੱਚ ਕਰਤਾ ਪੁਰਖ ਦੀ ਕੀਰਤੀ ਕੀਤੀ ਜਾਂਦੀ ਹੋਵੇ ਤੇ ਪਰਮੇਸ਼ਰ ਦੇ ਗੁਣਾਂ ਦੀਆਂ ਵੀਚਾਰਾਂ ਹੁੰਦੀਆਂ ਹੋਵਣ।

**ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ ॥੧॥**

ਹੇ ਮੇਰੀ ਜਿੰਦ! ਤੂੰ ਵੀ ਉਸ ਸਤਸੰਗਤ ਵਿੱਚ ਬੈਠ ਕੇ ਪ੍ਰਭੂ ਦੀ ਸਿਫਤ-ਸਲਾਹ ਦਾ ਸੋਹਿਲਾ ਗਾ ਅਤੇ ਸਿਰਜਨਹਾਰ ਦਾ ਸਿਮਰਨ ਕਰ।

**ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ[2] ॥**

ਹੇ ਮੇਰੀ ਆਤਮਾ! ਤੂੰ ਸਤਸੰਗੀਆਂ ਨਾਲ ਮਿਲ ਕੇ ਨਿਰਭਉ ਵਾਹਿਗੁਰੂ ਦੀ ਸਿਫਤ-ਸਲਾਹ ਕਰ।

**ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ਰਹਾਉ॥**

ਮੈਂ ਪ੍ਰਭੂ ਦੇ ਜਸ-ਕੀਰਤੀ ਸੋਹਿਲੇ ਤੋਂ ਬਲਿਹਾਰ ਜਾਂਦਾ ਹਾਂ ਜਿਸ ਸੋਹਿਲੇ ਦੇ ਗਾਇਨ ਕਰਨ ਨਾਲ ਸਦੀਵੀਂ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ।

੧. ਜਿਸ ਸਤਸੰਗਤ ਵਿੱਚ ੨. ਮੰਗਲ-ਮਈ

**ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥**

ਜੋ ਪ੍ਰਭੂ ਨਿੱਤ ਹੀ ਸਾਰੇ ਜੀਵਾਂ ਦੀ ਸਾਰ ਸੰਭਾਲ ਕਰਦਾ ਹੈ, ਹੇ ਜੀਵ! ਉਹ ਤੈਨੂੰ ਵੀ ਵੇਖਦਾ ਹੈ। ਤੂੰ ਨਿਸਚਿੰਤ ਰਹੁ, ਉਹ ਤੇਰੀ ਵੀ ਸਾਰ-ਸੰਭਾਲ ਕਰੇਗਾ।

**ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥**

ਹੇ ਵਾਹਿਗੁਰੂ! ਤੇਰੀਆਂ ਦਾਤਾਂ ਦੀ ਕੋਈ ਕੀਮਤ ਨਹੀਂ ਪਾ ਸਕਿਆ, ਹੇ ਦਾਤਿਆ! ਤੇਰਾ ਕੌਣ ਅੰਤ ਪਾ ਸਕਦਾ ਹੈ। ਤੂੰ ਬੇਅੰਤ ਹੈਂ।

**ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥**

ਹੇ ਜਿੰਦ! ਤੇਰਾ ਇਸ ਸੰਸਾਰ ਚੋਂ ਜਾਣ ਦਾ ਦਿਨ ਤੇ ਸੰਮਤ ਪਹਿਲਾਂ ਹੀ ਲਿਖਿਆ ਹੋਇਆ ਹੈ ਤਾਂ ਤੇ ਹੇ ਸਤਸੰਗੀ ਗੁਰਭਾਈਓ! ਮੇਰੇ ਹਿਰਦੇ ਅੰਦਰ ਪ੍ਰਭੂ ਦੇ ਪਿਆਰ ਦਾ ਤੇਲ ਪਾਵਹੁ।

**ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥**

ਹੇ ਸਤਸੰਗੀ ਜਨੋਂ! ਰਲ ਮਿਲ ਕੇ ਮੈਨੂੰ ਪ੍ਰਭੂ ਮਿਲਾਪ ਦੀਆਂ ਅਸੀਸਾਂ ਪ੍ਰਦਾਨ ਕਰੋ।

**ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥**

ਪਰਲੋਕ ਜਾਣ ਦਾ ਸੱਦਾ-ਪੱਤਰ ਸਮੇਂ-ਸਮੇਂ ਹਰ ਘਰ ਵਿੱਚ ਪੁੱਜ ਰਿਹਾ ਹੈ। ਪਰਲੋਕ ਜਾਣ ਦੇ ਸੱਦੇ ਨਿੱਤ ਹੀ ਪੈ ਰਹੇ ਹਨ।

**ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥**

ਸਦੜਾ ਭੇਜਣ ਵਾਲੇ ਪਰਮਾਤਮਾ ਨੂੰ ਸਦਾ ਹੀ ਯਾਦ ਰੱਖਣਾ ਚਾਹੀਦਾ ਹੈ, ਕਿਉਂਕਿ ਸਾਡੇ ਵੀ ਮੌਤ ਦੇ ਦਿਨ ਨੇੜੇ ਆ ਰਹੇ ਹਨ।

***ਰਾਗੁ ਆਸਾ ਮਹਲਾ ੧ ॥***

ਰਾਗ ਆਸਾ ਵਿੱਚ ਗੁਰੂ ਨਾਨਕ ਦੇਵ ਜੀ ਦੀ ਬਾਣੀ

**ਛਿਅ ਘਰ ਛਿਅ ਗੁਰ ਛਿਅ ਉਪਦੇਸ ॥**
**ਗੁਰੁ ਗੁਰੁ ਏਕੋ ਵੇਸ ਅਨੇਕ ॥੧॥**

[1]ਛੇ ਸ਼ਾਸ਼ਤਰ ਹਨ ਛੇ ਹੀ ਉਨ੍ਹਾਂ ਦੇ [2]ਰਚਨ ਵਾਲੇ ਤੇ ਛੇ ਹੀ ਉਨ੍ਹਾਂ ਦੇ ਮੱਤ ਹਨ ਪਰ ਪਰਮਾਤਮਾ ਇੱਕ ਹੈ ਉਸ ਦੇ ਸਰਗੁਣ ਸਰੂਪ ਬਿਅੰਤ ਹਨ।

**ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥**
**ਸੋ ਘਰੁ ਰਾਖੁ ਵਡਾਈ ਤੋਇ ॥੧॥ਰਹਾਉ॥**

ਹੇ ਭਾਈ! ਜਿਸ ਸਤਸੰਗਤ ਵਿੱਚ ਕਰਤੇ ਦੀ ਕੀਰਤੀ ਗਾਈ ਜਾਂਦੀ ਹੈ, ਉਸ ਸਤਸੰਗਤ ਘਰ ਨੂੰ ਸਾਂਭੀ ਰੱਖ (ਭਾਵ ਸਤਸੰਗਤ ਕਰਿਆ ਕਰ) ਸਤਸੰਗਤ ਕਰਨ ਨਾਲ ਹੀ ਤੇਰੀ ਭਲਿਆਈ ਹੈ।

**ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥**

[3]ਵਿਸਿਆਂ ਤੋਂ ਚਸੇ, [4]ਚਸਿਆਂ ਤੋਂ ਘੜੀਆਂ, [5]ਘੜੀਆਂ ਤੋਂ [6]ਪਹਿਰ, ਪਹਿਰਾਂ ਤੋਂ ਦਿਨ-ਵਾਰ[7] ਤੇ [8]ਥਿੱਤਾਂ ਬਣ ਕੇ ਮਹੀਨਾ ਪੂਰਾ ਹੋ ਜਾਂਦਾ ਹੈ।

**ਸੂਰਜੁ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥**

ਜਿਵੇਂ ਸੂਰਜ ਇੱਕ ਹੈ ਪਰ ਰੁੱਤਾਂ ਅਨੇਕਾਂ ਹਨ। ਤਿਵੇਂ ਪਰਮਾਤਮਾ ਇੱਕ ਹੈ, ਉਸ ਕਰਤੇ ਦੇ ਅਨੇਕਾਂ ਹੀ ਰੂਪ ਹਨ।

---

੧. ਛੇ ਸ਼ਾਸ਼ਤਰ-(੧.ਸਾਂਖ ੨.ਨਜਾਇ ੩.ਵਿਸ਼ੇਸ਼ਕ ੪.ਮੀਮਾਂਸਾ ੫.ਪਤੰਜਲ ਯੋਗ ੬.ਵੇਦਾਂਤ) ੨. ਛੇ ਰਚਨਹਾਰੇ-(੧.ਕਪਿਲ ੨.ਗੋਤਮ ੩.ਕਨਾਦ ੪.ਜੈਮਨੀ ੫.ਪਤੰਜਲੀ ੬.ਬੇਦ ਬਿਆਸ) ੩. ਪੰਦਰਾਂ ਵਾਰੀ ਅੱਖ ਨੂੰ ਝਮਕੀਏ ਤਾਂ ਉਸ ਸਮੇਂ ਨੂੰ ਵਿਸਾ ਕਿਹਾ ਜਾਂਦਾ ਹੈ ੪.ਪੰਦਰਾਂ ਵਿਸੇ ਦੇ ਸਮੇਂ ਨੂੰ ਚਸਾ ਕਿਹਾ ਜਾਂਦਾ ਹੈ । ੫.ਤੀਹ ਚਸੇ ਦਾ ਇੱਕ ਪਲ ਤੇ ਸੱਠ ਪਲਾਂ ਦੀ ਇੱਕ ਘੜੀ ੬.ਸਾਢੇ ਸੱਤ ਘੜੀਆਂ ਦਾ ਇੱਕ ਪਹਿਰ, ਅੱਠ ਪਹਿਰਾਂ ਦਾ ਦਿਨ-ਰਾਤ। ੭. ਸੱਤ ਵਾਰੀ ਦਿਨ-ਰਾਤ ਬੀਤਣ ਤਾਂ ਇੱਕ ਹਫਤਾ ੮.ਚੰਦਰਮਾਂ ਦੇ ਹਨ੍ਹੇਰੇ ਪੱਖ ਤੇ ਚਾਨਣੇ ਪੱਖ ਨੂੰ ਥਿਤਾਂ ਕਿਹਾ ਜਾਂਦਾ ਹੈ।

## *ਰਾਗੁ ਧਨਾਸਰੀ ਮਹਲਾ ੧ ॥*

ਧਨਾਸਰੀ ਰਾਗ ਅੰਦਰ ਗੁਰੂ ਨਾਨਕ ਦੇਵ ਜੀ ਦੀ ਬਾਣੀ।

**ਗਗਨ ਮੈ ਥਾਲੁ ਰਵਿ ਚੰਦੁ ਦੀਪਕੁ ਬਨੇ**
**ਤਾਰਿਕਾ ਮੰਡਲ ਜਨਕ ਮੋਤੀ ॥**

ਜੇਵਡ ਪਰਮਾਤਮਾ ਆਪ ਹੈ ਤੇਵਡ ਹੀ ਉਸ ਦੀ ਸਾਰੇ ਸੰਸਾਰ ਵਿੱਚ ਹਰ ਸਮੇਂ ਆਰਤੀ ਹੋ ਰਹੀ ਹੈ। ਪਰਮਾਤਮਾ ਦੀ ਆਰਤੀ ਉਤਾਰਨ ਵਾਸਤੇ ਸਾਰਾ ਅਕਾਸ਼ ਮਾਨੋਂ ਇੱਕ ਥਾਲ ਹੈ। ਸੂਰਜ ਤੇ ਚੰਦਰਮਾਂ ਉਸ ਥਾਲ ਦੇ ਦੀਵੇ ਤੇ ਅਕਾਸ਼ ਦੇ ਤਾਰੇ ਮਾਨੋਂ ਉਸ ਥਾਲ ਵਿੱਚ ਮੋਤੀਆਂ ਸਮਾਨ ਜਗ-ਮਗ ਕਰਦੇ ਹਨ।

**ਧੂਪੁ ਮਲਆਨਲੋ ਪਵਣੁ ਚਵਰੋ ਕਰੇ**
**ਸਗਲ ਬਨਰਾਇ ਫੂਲੰਤ ਜੋਤੀ ॥੧॥**

ਮੈਲਯ-ਪਰਬਤ ਉੱਪਰ ਜੋ ਚੰਦਨ ਦੇ ਬੂਟੇ ਖੁਸ਼ਬੂ ਛੱਡ ਰਹੇ ਹਨ। ਇਹ ਆਰਤੀ ਵਾਸਤੇ ਧੂਪ ਧੁੱਖ ਰਿਹਾ ਹੈ। ਪਵਣ, ਉਸ ਕਰਤਾਰ ਨੂੰ ਚੌਰ ਕਰ ਰਹੀ ਹੈ। ਸਾਰੀ ਬਨਸਪਤੀ ਦੇ ਫੁੱਲ, ਜੋਤ-ਸਰੂਪ ਪਰਮਾਤਮਾ ਨੂੰ ਅਰਪਣ ਹੋ ਰਹੇ ਹਨ।

**ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥**
**ਅਨਹਤਾ ਸਬਦ ਵਾਜੰਤ ਭੇਰੀ ॥੧॥ਰਹਾਉ॥**

ਹੇ ਆਵਾਗਵਣ ਦੇ ਨਿਵਾਰਣਹਾਰ ਕਰਤਾਰ! ਕੈਸੀ ਅਦਭੁੱਤ ਤੇਰੀ ਆਰਤੀ ਹੋ ਰਹੀ ਹੈ। ਆਰਤੀ ਉਤਾਰਨ ਵਾਸਤੇ ਪਰਤੱਖ ਨਫੀਰੀਆਂ ਵਜਾਉਣ ਦੀ ਥਾਂ ਤੇਰੇ ਬ੍ਰਹਿਮੰਡ ਵਿੱਚ ਇੱਕ-ਰਸ ਅਨਹਦ-ਸ਼ਬਦ ਵੱਜ ਰਹੇ ਹਨ।

**ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ**

## ਸਹਸ ਮੂਰਤਿ ਨਨਾ ਏਕ ਤੁੋਹੀ ॥

ਹੇ ਪ੍ਰਭੂ! ਸਰਗੁਣ ਰੂਪ ਵਿੱਚ ਜਿੰਨੀਆਂ ਵੀ ਜੀਵਾਂ ਦੀਆਂ ਅੱਖਾਂ ਹਨ, ਉਹ ਸਾਰੇ ਹਜ਼ਾਰਹਾਂ ਨੇਤ੍ਰ ਤੇਰੇ ਹਨ, ਪਰ ਨਿਰਗੁਣ ਰੂਪ ਵਿੱਚ ਤੇਰਾ ਕੋਈ ਵੀ ਨੇਤ੍ਰ ਨਹੀਂ ਹੈ। ਸਾਰੇ ਸੰਸਾਰ ਦੇ ਜੀਵਾਂ ਦੇ ਸਰੂਪ ਤੇਰੇ ਹਨ ਪਰ ਵਾਸਤਵ ਵਿੱਚ ਤੇਰਾ ਕੋਈ ਸਰੂਪ ਨਹੀਂ ਹੈ।

## ਸਹਸ ਪਦ ਬਿਮਲ ਨਨ ਏਕ ਪਦ
## ਗੰਧ ਬਿਨੁ ਸਹਸ ਤਵ ਗੰਧ
## ਇਵ ਚਲਤ ਮੋਹੀ ॥੨॥

ਹੇ ਸੁੰਦਰ ਸਰੂਪ ਪਰਮਾਤਮਾ! ਹਜ਼ਾਰਾਂ ਹੀ ਤੇਰੇ ਚਰਣ-ਕਮਲ ਹਨ ਪਰ ਨਿਰਗੁਣ ਰੂਪ ਵਿੱਚ ਤੇਰਾ ਕੋਈ ਚਰਣ ਨਹੀਂ। ਇਸੇ ਤਰ੍ਹਾਂ ਹਜ਼ਾਰਾਂ ਤੇਰੀਆਂ ਨਾਸਕਾਂ ਹਨ, ਪਰ ਤੇਰਾ ਆਪਣਾ ਨੱਕ ਕੋਈ ਨਹੀਂ। ਇਨ੍ਹਾਂ ਅਸਚਰਜ ਕੌਤਕਾਂ ਨੂੰ ਵੇਖ-ਵੇਖ ਕੇ ਮੈਂ ਅਸਚਰਜ ਹੋ ਰਿਹਾ ਹਾਂ।

## ਸਭ ਮਹਿ ਜੋਤਿ ਜੋਤਿ ਹੈ ਸੋਇ ॥

ਸਾਰੇ ਜੀਵਾਂ ਵਿੱਚ ਇੱਕੋ ਅਕਾਲ ਪੁਰਖ ਦੀ ਜੋਤ ਵਿਚਰ ਰਹੀ ਹੈ। ਸਾਰੇ ਜੀਵ ਪ੍ਰਭੂ ਜੋਤ ਵਿੱਚ ਵਿਚਰ ਰਹੇ ਹਨ।

## ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥

ਪ੍ਰਭੂ ਜੋਤੀ-ਸਰੂਪ ਦੀ ਬਦੌਲਤ ਹੀ ਸਾਰਿਆਂ ਵਿੱਚ ਪ੍ਰਕਾਸ਼ ਤੇ ਸੂਝ-ਬੂਝ ਦੀ ਸ਼ਕਤੀ ਕੰਮ ਕਰ ਰਹੀ ਹੈ।

## ਗੁਰ ਸਾਖੀ ਜੋਤਿ ਪਰਗਟੁ ਹੋਇ ॥

ਪਰਮਾਤਮਾ ਦੀ ਗੁਪਤ ਜੋਤ ਜੋ ਹਰ ਥਾਂ ਹਰ ਜੀਵ ਅੰਦਰ ਵਰਤ ਰਹੀ ਹੈ। ਗੁਰੂ ਦੀ ਸਿੱਖਿਆ ਅਨੁਸਾਰ ਚਲਣ ਨਾਲ ਉਹ ਪ੍ਰਗਟ ਹੁੰਦੀ ਹੈ।

**ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥**

ਜੋ ਪਰਮਾਤਮਾ ਨੂੰ ਭਾਉਂਦਾ ਹੈ, ਉਹ ਹੀ ਜੀਵ ਨੂੰ ਚੰਗਾ ਲੱਗੇ, ਇਹ ਹੀ ਅਸਲ ਆਰਤੀ ਹੈ।

**ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ**
**ਅਨਦਿਨੋ ਮੋਹਿ ਆਹੀ ਪਿਆਸਾ ॥**

ਹੇ ਹਰੀ! ਤੇਰੇ ਨਾਮ ਦੇ ਰਸ ਲਈ ਦਿਨ-ਰਾਤ ਮੇਰਾ ਮਨ ਲੁਭਾਇਮਾਨ ਹੋਇਆ ਹੈ। ਨਾਮ-ਰਸ ਦੀ ਪ੍ਰਾਪਤੀ ਲਈ ਮੈਨੂੰ ਦਿਨ-ਰਾਤ ਤਾਂਘ ਬਣੀ ਰਹਿੰਦੀ ਹੈ।

**ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ**
**ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥**

ਸਤਿਗੁਰੂ ਨਾਨਕ ਦੇਵ ਜੀ ਫੁਰਮਾਨ ਕਰਦੇ ਹਨ, ਹੇ ਵਾਹਿਗੁਰੂ! (ਮੈਂ) ਦਾਸ ਨੂੰ ਕ੍ਰਿਪਾ ਕਰਕੇ ਆਪਣਾ ਨਾਮ ਬਖਸ਼ਿਸ਼ ਕਰੋ, ਤਾਂ ਜੋ ਮੈਂ ਤੁਹਾਡਾ ਨਾਮ ਜਪ ਕੇ ਤੁਹਾਡੇ ਵਿੱਚ ਨਿਵਾਸ ਪ੍ਰਾਪਤ ਕਰ ਲਵਾਂ।

***ਰਾਗੁ ਗਉੜੀ ਪੂਰਬੀ ਮਹਲਾ ੪ ॥***

ਗਉੜੀ ਰਾਗ ਦੀ ਕਿਸਮ। ਗੁਰੂ ਰਾਮਦਾਸ ਜੀ ਦੀ ਬਾਣੀ।

**ਕਾਮਿ ਕਰੋਧਿ ਨਗਰੁ ਬਹੁ ਭਰਿਆ**
**ਮਿਲਿ ਸਾਧੂ ਖੰਡਲ ਖੰਡਾ ਹੇ ॥**

ਇਹ ਸਰੀਰ ਰੂਪੀ ਨਗਰ, ਕਾਮ-ਕ੍ਰੋਧ, ਲੋਭ-ਮੋਹ, ਹੰਕਾਰ ਨਾਲ ਭਰਿਆ ਪਿਆ ਸੀ ਸਤਿਗੁਰਾਂ ਦਾ ਮਿਲਾਪ ਪ੍ਰਾਪਤ ਕਰਕੇ ਇਨ੍ਹਾਂ ਦੇ ਟੋਟੇ-ਟੋਟੇ ਕਰ ਦਿੱਤੇ।

**ਪੂਰਬਿ ਲਿਖਤ ਲਿਖੇ ਗੁਰੁ ਪਾਇਆ**

**ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥**

ਪੂਰਬਲੇ ਚੰਗੇ ਕਰਮਾਂ ਦੀ ਬਦੌਲਤ ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਦੀ ਮਿਹਰ ਨਾਲ ਜਗਿਆਸੂ ਦਾ ਮਨ ਲਿਵ-ਮੰਡਲ ਵਿੱਚ ਅਸਥਿਤ ਹੋ ਜਾਂਦਾ ਹੈ।

**ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥**
**ਕਰਿ ਡੰਡਉਤ ਪੁਨੁ ਵਡਾ ਹੇ ॥੧॥ਰਹਾਉ॥**

ਹੇ ਜੀਵ! ਸਤਿਗੁਰੂ ਨੂੰ ਨਮਸ਼ਕਾਰ ਤੇ ਡੰਡਉਤ ਕਰ, ਇਹ ਬਹੁਤ ਵੱਡਾ ਪੁੰਨ ਹੈ।

**ਸਾਕਤ ਹਰਿ ਰਸ ਸਾਦੁ ਨ ਜਾਣਿਆ**
**ਤਿਨ ਅੰਤਰਿ ਹਉਮੈ ਕੰਡਾ ਹੇ ॥**

ਪਰਮਾਤਮਾ ਤੋਂ ਭੁੱਲੇ ਹੋਏ ਸਾਕਤਾਂ ਨੇ ਜ਼ਿੰਦਗੀ ਵਿੱਚ ਕਦੇ ਨਾਮ ਦੇ ਰਸ ਨੂੰ ਨਹੀਂ ਮਾਣਿਆ, ਸਗੋਂ ਉਨ੍ਹਾਂ ਦੇ ਹਿਰਦੇ ਅੰਦਰ ਹੰਕਾਰ ਦਾ ਕੰਡਾ ਦਿਨ-ਰਾਤ ਚੁੱਭਦਾ ਤੇ ਦੁੱਖ ਦਿੰਦਾ ਹੈ।

**ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ**
**ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥**

ਜਿਉਂ ਜਿਉਂ ਉਹ ਜੀਵਨ ਪੰਧ ਵਿੱਚ ਚਲਦੇ ਹਨ, ਹੰਕਾਰ ਸਗੋਂ ਹੋਰ ਵੱਡਾ ਸਥੂਲ ਰੂਪ ਧਾਰ ਕੇ, ਉਨ੍ਹਾਂ ਨੂੰ ਬਹੁਤ ਵੱਡਾ ਦੁੱਖ ਦਿੰਦਾ ਹੈ ਤੇ ਅੰਤ ਨੂੰ ਹੰਕਾਰੀ ਮਨੁੱਖ ਜਮਦੂਤਾਂ ਦੇ ਡੰਡੇ ਸਹਾਰਦੇ ਹਨ।

**ਹਰਿ ਜਨ ਹਰਿ ਹਰਿ ਨਾਮਿ ਸਮਾਣੇ**
**ਦੁਖੁ ਜਨਮ ਮਰਣ ਭਵ ਖੰਡਾ ਹੇ ॥**

ਦੂਸਰੇ ਪਾਸੇ, ਪਰਮਾਤਮਾ ਦੇ ਭਗਤ ਹਰ ਸਮੇਂ ਹਰੀ ਨਾਮ ਵਿੱਚ ਜੁੜੇ ਰਹਿੰਦੇ ਹਨ। ਨਾਮ ਜਪ ਦੀ ਬਰਕਤ ਨਾਲ ਉਨ੍ਹਾਂ ਦਾ ਆਵਾਗਉਣ ਦਾ ਚੱਕਰ ਕੱਟਿਆ ਜਾਂਦਾ ਹੈ।

**ਅਬਿਨਾਸੀ ਪੁਰਖੁ ਪਾਇਆ ਪਰਮੇਸਰੁ**
**ਬਹੁ ਸੋਭ ਖੰਡ ਬ੍ਰਹਮੰਡਾ ਹੇ ॥੩॥**

ਉਹ ਵਡਭਾਗੀ ਅਬਿਨਾਸੀ ਪਰਮਾਤਮਾ ਨੂੰ ਪਾ ਲੈਂਦੇ ਹਨ। ਉਨ੍ਹਾਂ ਦੀ ਸੋਭਾ ਖੰਡਾਂ-ਬ੍ਰਹਿਮੰਡਾਂ ਵਿੱਚ ਸਦੀਵ-ਕਾਲ ਹੁੰਦੀ ਰਹਿੰਦੀ ਹੈ।

**ਹਮ ਗਰੀਬ ਮਸਕੀਨ ਪ੍ਰਭ ਤੇਰੇ**
**ਹਰਿ ਰਾਖੁ ਰਾਖੁ ਵਡ ਵਡਾ ਹੇ ॥**

ਹੇ ਪ੍ਰਭੂ! ਅਸੀਂ ਗਰੀਬ ਤੇ ਨਿਮਾਣੇ ਹਾਂ ਪਰ ਹਾਂ ਤੁਹਾਡੇ। ਤੁਸੀਂ ਸਭ ਤੋਂ ਵੱਡੇ ਹੋ, ਸਾਨੂੰ ਆਵਾਗਉਣ ਦੇ ਗੇੜ ਤੋਂ ਬਚਾ ਲਵੋ ਜੀ।

**ਜਨ ਨਾਨਕ ਨਾਮੁ ਅਧਾਰੁ ਟੇਕ ਹੈ**
**ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੪॥**

ਸਤਿਗੁਰੂ ਨਾਨਕ ਦੇਵ ਜੀ ਫੁਰਮਾਨ ਕਰਦੇ ਹਨ। ਹੇ ਪ੍ਰਭੂ! ਤੇਰਾ ਨਾਮ ਹੀ ਸਾਡਾ ਆਸਰਾ ਤੇ ਟੇਕ ਹੈ। ਆਪਣੇ ਨਾਮ ਦੀ ਦਾਤ ਪ੍ਰਦਾਨ ਕਰ ਦਿਉ ਤਾਂ ਜੋ ਸਾਡੇ ਹਿਰਦੇ ਅੰਦਰ ਸਦੀਵੀਂ ਸੁੱਖ-ਅਨੰਦ ਬਣਿਆ ਰਹੇ।

***ਰਾਗੁ ਗਉੜੀ ਪੂਰਬੀ ਮਹਲਾ ੫ ॥***

ਗਉੜੀ ਰਾਗ ਦੀ ਕਿਸਮ। ਗੁਰੂ ਅਰਜਨ ਦੇਵ ਜੀ ਦੀ ਬਾਣੀ।

**ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥**

ਗੁਰੂ ਅਰਜਨ ਦੇਵ ਜੀ, ਅਸਾਂ ਜੀਵਾਂ ਨੂੰ ਸੁਚੇਤ ਕਰਨ ਹਿਤ ਬੜੇ ਪਿਆਰ ਨਾਲ, ਮਿਤ੍ਰ ਸ਼ਬਦ ਨਾਲ ਸੰਬੋਧਨ ਕਰ ਫੁਰਮਾਨ ਕਰਦੇ ਹਨ। ਹੇ ਮੇਰੇ ਮਿੱਤ੍ਰੋ! ਮੈਂ ਬੇਨਤੀ ਕਰਦਾ ਹਾਂ, ਧਿਆਨ ਨਾਲ ਸ੍ਰਵਣ ਕਰੋ, ਸੰਤਾਂ-ਮਹਾਂਪੁਰਖਾਂ ਦੀ ਟਹਿਲ-ਸੇਵਾ ਕਰਨ ਦਾ ਸਮਾਂ ਪਰਮਾਤਮਾ ਨੇ ਤੁਹਾਨੂੰ ਪ੍ਰਦਾਨ ਕੀਤਾ ਹੈ।

**ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥੧॥**

ਜੇ ਇਸ ਸੰਸਾਰ ਵਿੱਚ ਸੇਵਾ-ਸਿਮਰਨ ਦਾ ਲਾਹਾ ਖੱਟ ਕੇ ਜਾਉਗੇ, ਅਗਾਂਹ ਪ੍ਰਭੂ-ਦਰਗਾਹ ਵਿੱਚ ਤੁਹਾਨੂੰ ਸੁਖੀ-ਸੁਹੇਲਾ ਬਸੇਵਾ ਪ੍ਰਾਪਤ ਹੋਵੇਗਾ।

**ਅਉਧ ਘਟੈ ਦਿਨਸੁ ਰੈਣਾਰੇ ॥**
**ਮਨ ਗੁਰ ਮਿਲਿ ਕਾਜ ਸਵਾਰੇ ॥੧॥ਰਹਾਉ॥**

ਹੇ ਮੇਰੇ ਮਿੱਤ੍ਰ! ਦਿਨ-ਰਾਤ ਕਰਕੇ ਉਮਰ ਘੱਟਦੀ ਜਾ ਰਹੀ ਹੈ। ਗੁਰੂ ਦਾ ਮਿਲਾਪ ਪ੍ਰਾਪਤ ਕਰਕੇ ਆਪਣਾ ਮਨੁੱਖਾ ਜਨਮ ਦਾ ਕਾਰਜ ਸਵਾਰ ਲਵੋ।

**ਇਹੁ ਸੰਸਾਰੁ ਬਿਕਾਰੁ ਸੰਸੇ ਮਹਿ**
**ਤਰਿਓ ਬ੍ਰਹਮ ਗਿਆਨੀ ॥**

ਹੇ ਮਿੱਤ੍ਰ! ਇਹ ਸੰਸਾਰ ਵਿਕਾਰਾਂ ਨਾਲ ਭਰਿਆ ਪਿਆ ਹੈ। ਜੀਵ, ਸੰਸਿਆਂ ਤੇ ਤੌਖਲਿਆਂ ਵਿੱਚ ਫਸੇ ਪਏ ਹਨ। ਕੋਈ ਵਿਰਲਾ ਬ੍ਰਹਮਗਿਆਨੀ ਹੀ ਸੰਸਾਰ ਭਵਜਲ ਵਿੱਚੋਂ ਪਾਰ ਉੱਤਰਦਾ ਹੈ।

**ਜਿਸਹਿ ਜਗਾਇ ਪੀਆਵੈ ਇਹੁ ਰਸੁ**
**ਅਕਥ ਕਥਾ ਤਿਨਿ ਜਾਨੀ ॥੨॥**

ਪਰਮਾਤਮਾ ਕ੍ਰਿਪਾ ਕਰਕੇ ਜਿਸ ਜੀਵ ਨੂੰ ਅਗਿਆਨ ਭਰਮ ਦੀ ਨੀਂਦ ਤੋਂ ਜਗਾ ਕੇ ਨਾਮ ਦਾ ਰਸ ਚਖਾ ਦਿੰਦਾ ਹੈ, ਉਸ ਨੂੰ ਅਕੱਥ ਪ੍ਰਭੂ ਦੀ ਸੂਝ ਪ੍ਰਾਪਤ ਹੋ ਜਾਂਦੀ ਹੈ।

**ਜਾ ਕਉ ਆਏ ਸੋਈ ਬਿਹਾਝਹੁ**
**ਹਰਿ ਗੁਰ ਤੇ ਮਨਹਿ ਬਸੇਰਾ ॥**

ਹੇ ਭਰਾਵੋ! ਜਿਸ ਨਾਮ ਸੌਦੇ ਨੂੰ ਵਿਹਾਝਣ ਲਈ ਤੁਸੀਂ ਇਸ ਸੰਸਾਰ ਵਿੱਚ ਆਏ ਹੋ, ਨਾਮ ਦੀ ਰਾਸ ਹੀ ਵਿਹਾਝਣਾ ਕਰੋ। ਹਰੀ ਨਾਮ ਦਾ ਹਿਰਦੇ ਵਿੱਚ ਵਾਸਾ, ਗੁਰੂ ਦੀ ਮਿਹਰ ਨਾਲ ਹੀ ਸੰਭਵ ਹੈ।

**ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ**
**ਬਹੁਰਿ ਨ ਹੋਇਗੋ ਫੇਰਾ ॥੩॥**

ਹੇ ਮਿੱਤ੍ਰੋ! ਜੇ ਨਾਮ ਦਾ ਵਣਜ ਕਰੋਗੇ, ਨਾਮ ਜਪ ਦੀ ਬਰਕਤ ਨਾਲ ਤੁਹਾਡੀ ਆਤਮਾ ਦਾ ਨਿਵਾਸ ਨਿੱਜ-ਘਰ ਵਿੱਚ ਹੋ ਜਾਵੇਗਾ। ਇਸ ਅਵਸਥਾ ਵਿੱਚ ਤੁਸੀਂ ਜਿੱਥੇ ਸੁੱਖ ਅਨੰਦ ਨੂੰ ਮਾਣੋਗੇ ਉੱਥੇ ਤੁਹਾਡਾ ਜਨਮ ਮਰਨ ਦਾ ਗੇੜ ਵੀ ਖਤਮ ਹੋ ਜਾਵੇਗਾ।

**ਅੰਤਰਜਾਮੀ ਪੁਰਖ ਬਿਧਾਤੇ**
**ਸਰਧਾ ਮਨ ਕੀ ਪੂਰੇ ॥**

ਹੇ ਪਰਮਾਤਮਾ! ਤੁਸੀਂ ਅੰਤਰਯਾਮੀ ਤੇ ਕਰਮਾਂ ਦੇ ਫਲ-ਪ੍ਰਦਾਤੇ ਹੋ। ਮੇਰੀ ਮਨ ਦੀ ਸ਼ਰਧਾ-ਭਾਵਨੀ ਪੂਰੀ ਕਰੋ।

**ਨਾਨਕ ਦਾਸੁ ਇਹੈ ਸੁਖੁ ਮਾਗੈ**
**ਮੋ ਕਉ ਕਰਿ ਸੰਤਨ ਕੀ ਧੂਰੇ ॥੪॥੫॥**

ਸਤਿਗੁਰੂ ਨਾਨਕ ਦੇਵ ਜੀ ਫੁਰਮਾਨ ਕਰਦੇ ਹਨ ਕਿ ਹੇ ਪ੍ਰਭੂ! ਮੈਂ ਤੈਥੋਂ ਇਹੋ ਸੁੱਖ ਦੀ ਮੰਗ ਹੀ ਮੰਗਦਾ ਹਾਂ, ਕ੍ਰਿਪਾ ਕਰਕੇ ਮੈਨੂੰ ਸੰਤ ਮਹਾਂਪੁਰਸ਼ਾਂ ਦੇ ਚਰਨਾਂ ਦੀ ਧੂੜੀ ਬਣਾ ਦਿਉ।੪।੫।

***ਸਲੋਕੁ ॥ (ਅੰਗ ੨੬੨)***

ਕਾਵਿਕ-ਛੰਦ ਦੀ ਕਿਸਮ

**ਗੁਰਦੇਵ ਮਾਤਾ ਗੁਰਦੇਵ ਪਿਤਾ**
**ਗੁਰਦੇਵ ਸੁਆਮੀ ਪਰਮੇਸੁਰਾ ॥**

ਗੁਰੂ ਹੀ ਸਾਡੀ ਮਾਤਾ, ਗੁਰੂ ਹੀ ਸਾਡਾ ਪਿਤਾ, ਗੁਰੂ ਹੀ ਸਾਡਾ ਮਾਲਕ ਤੇ ਪਰਮੇਸ਼ਰ ਹੈ।

**ਗੁਰਦੇਵ ਸਖਾ ਅਗਿਆਨ ਭੰਜਨੁ**
**ਗੁਰਦੇਵ ਬੰਧਿਪ ਸਹੋਦਰਾ ॥**

ਗੁਰਦੇਵ ਹੀ ਸਾਡਾ ਮਿੱਤਰ, ਅਗਿਆਨਤਾ ਨੂੰ ਦੂਰ ਕਰਨ ਵਾਲਾ ਸਕਾ-ਸਨਬੰਧੀ ਹੈ।

**ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ**
**ਗੁਰਦੇਵ ਮੰਤੁ [1]ਨਿਰੋਧਰਾ ॥**

ਗੁਰੂ ਹਰੀ ਨਾਮ ਦਾ ਉਪਦੇਸ਼ ਦੇਣ ਵਾਲਾ ਦਾਤਾ ਹੈ। ਗੁਰੂ ਦੇ ਦਿੱਤੇ ਮੰਤਰ ਉੱਪਰ ਕਿਸੇ ਹੋਰ ਮੰਤਰ ਦਾ ਅਸਰ ਨਹੀਂ ਹੁੰਦਾ।

**ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ**
**ਗੁਰਦੇਵ ਪਾਰਸ ਪਰਸ ਪਰਾ ॥**

ਗੁਰੂ ਸ਼ਾਂਤੀ ਦਾ ਦਾਤਾ, ਸੱਤ ਦਾ ਰੂਪ ਤੇ ਗਿਆਨ ਦੀ ਮੂਰਤ ਹੈ। ਗੁਰੂ ਇੱਕ ਪਾਰਸ ਹੈ ਜਿਸਦੀ ਛੋਹ ਪਾਰਸ ਨਾਲੋਂ ਵੱਖਰੀ ਹੈ।

**ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ**
**ਗੁਰ ਗਿਆਨ ਮਜਨੁ ਅਪਰੰਪਰਾ ॥**

ਗੁਰੂ ਸੱਚਾ ਤੀਰਥ ਤੇ ਅੰਮ੍ਰਿਤ ਦਾ ਭਰਪੂਰ ਸਰੋਵਰ ਹੈ। ਗੁਰੂ ਦੇ ਗਿਆਨ ਦਾ ਇਸ਼ਨਾਨ, ਸਭ ਤੀਰਥਾਂ ਦੇ ਇਸ਼ਨਾਨ ਤੋਂ ਅਧਿਕ ਹੈ।

੧. ਉਹ ਮੰਤ੍ਰ ਜੋ ਹੋਰ ਕਿਸੇ ਮੰਤ੍ਰ ਦਾ ਅਸਰ ਨਾ ਕਬੂਲੇ।

## ਗੁਰਦੇਵ ਕਰਤਾ ਸਭਿ ਪਾਪ ਹਰਤਾ
## ਗੁਰਦੇਵ ਪਤਿਤ ਪਵਿਤ ਕਰਾ॥

ਗੁਰਦੇਵ ਕਰਤਾਰ ਰੂਪ ਸਾਰੇ ਪਾਪਾਂ ਦਾ ਨਾਸ਼ਕ ਹੈ ਤੇ ਪਤਿਤਾਂ ਨੂੰ ਵੀ ਪਵਿੱਤ੍ਰ ਕਰਨ ਵਾਲਾ ਹੈ।

## ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ
## ਗੁਰਦੇਵ ਮੰਤੁ ਹਰਿ ਜਪਿ ਉਧਰਾ॥

ਜਦ ਤੋਂ ਸੰਸਾਰ ਹੋਂਦ ਵਿੱਚ ਆਇਆ ਹੈ, ਗੁਰੂ ਅਰੰਭ ਤੋਂ ਹੀ ਹਰੇਕ ਜੁਗ ਵਿੱਚ ਪ੍ਰਭੂ ਮਿਲਾਪ ਦਾ ਉਪਦੇਸ਼ ਦਿੰਦਾ ਆ ਰਿਹਾ ਹੈ। ਜੋ ਗੁਰੂ ਦੇ ਦਿੱਤੇ ਗੁਰਮੰਤ੍ਰ ਦਾ ਜਪ ਕਰਦਾ ਹੈ, ਉਸ ਦਾ ਪਾਰ ਉਤਾਰਾ ਹੋ ਜਾਂਦਾ ਹੈ।

## ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ
## ਹਮ ਮੂੜ ਪਾਪੀ ਜਿਤੁ ਲਗਿ ਤਰਾ॥

ਹੇ ਪ੍ਰਭੂ! ਮਿਹਰ ਕਰ, ਸਾਨੂੰ ਗੁਰੂ ਦੀ ਸੰਗਤ ਬਖਸ਼ਿਸ਼ ਕਰ ਤਾਂ ਜੋ ਅਸੀਂ ਮਹਾਂ-ਮੂਰਖ ਪਾਪੀ ਵੀ ਗੁਰੂ ਦੀ ਸੰਗਤ ਕਰਕੇ ਤਰ ਜਾਈਏ।

## ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ
## ਗੁਰਦੇਵ ਨਾਨਕ ਹਰਿ ਨਮਸਕਰਾ॥੧॥

ਸਤਿਗੁਰੂ ਪਾਰਬ੍ਰਹਮ ਪਰਮੇਸ਼ਰ ਹੈ।ਮੇਰੀ ਸਤਿਗੁਰੂ ਨੂੰ ਬਾਰੰਬਾਰ ਨਮਸ਼ਕਾਰ ਹੈ।

## ਏਹੁ ਸਲੋਕੁ ਆਦਿ ਅੰਤਿ ਪੜਣਾ॥

ਸਤਿਗੁਰੂ ਜੀ ਵੱਲੋਂ ਜਗਿਆਸੂਆਂ ਨੂੰ ਹਦਾਇਤ ਹੈ ਕਿ ਅਧਿਆਤਮ ਕਰਮ, ਨਿੱਤਨੇਮ, ਸਹਿਜ-ਪਾਠ, ਅਖੰਡ-ਪਾਠ ਜਾਂ ਭਜਨ-ਬੰਦਗੀ ਅਰੰਭ ਕਰਨ ਤੋਂ ਪਹਿਲਾਂ, ਗੁਰੂ ਸਹਾਇਤਾ ਲਈ ਤੇ ਸੰਪੂਰਨਤਾ ਤੇ ਗੁਰਦੇਵ ਦੇ ਧੰਨਵਾਦ ਹਿਤ, ਇਹ ਸਲੋਕ ਹਰ ਪ੍ਰਾਣੀ ਨੂੰ ਜਰੂਰ ਪੜ੍ਹਨਾ ਚਾਹੀਦਾ ਹੈ।

# ਅਰਦਾਸ

## ਅਰਦਾਸਿ

ਬੇਨਤੀ-ਜੋਦੜੀ

## ੧ੴ ਵਾਹਿਗੁਰੂ ਜੀ ਕੀ ਫ਼ਤਹਿ

ਪਰਮਾਤਮਾਂ ਇੱਕ ਹੈ ਸਾਰੇ ਸੰਸਾਰ ਦੀ ਸਿਰਜਨਾ ਅਤੇ ਲੈਅਤਾ (ਖਾਤਮਾ) ਕਰਨ ਵਾਲਾ ਉਹ ਆਪ ਹੈ। ਉਸ ਵਰਗਾ ਹੋਰ ਕੋਈ ਨਹੀਂ। ਜਿੱਤ ਹਮੇਸ਼ਾਂ ਵਾਹਿਗੁਰੂ ਜੀ ਦੀ ਹੁੰਦੀ ਹੈ।

## ਸ੍ਰੀ ਭਗੌਤੀ ਜੀ ਸਹਾਇ ॥

ਸਰਬ ਉਪਮਾ ਯੋਗ ਸਭ ਤੋਂ ਸਿਰਮੌਰ ਅਕਾਲ ਪੁਰਖ ਜੀ ਦੀ, ਮੈਨੂੰ ਸਹਾਇਤਾ ਪ੍ਰਾਪਤ ਹੋਵੇ।

## ਵਾਰ ਸ੍ਰੀ ਭਗੌਤੀ ਜੀ ਕੀ ॥

ਸਭ ਤੋਂ ਸਿਰਮੌਰ ਭਗਵੰਤ (ਅਕਾਲਪੁਰਖ) ਜੀ ਦੀ ਵਾਰ।

## ਪਾਤਿਸ਼ਾਹੀ ੧੦॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ।

**ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ ॥**

ਸਭ ਤੋਂ ਪਹਿਲਾਂ ਮੈਂ ਭਗਵੰਤ (ਵਾਹਿਗੁਰੂ) ਜੀ ਨੂੰ ਸਹਾਇਤਾ ਲਈ ਸਿਮਰਦਾ ਹਾਂ, ਉਪਰੰਤ ਮੈਂ ਗੁਰੂ ਨਾਨਕ ਦੇਵ ਜੀ ਨੂੰ ਧਿਆਉਂਦਾ ਹਾਂ।

**ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ ॥**

ਫਿਰ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ

ਗੁਰੂ ਰਾਮਦਾਸ ਜੀ ਨੂੰ ਸਹਾਇਤਾ ਲਈ ਸਿਮਰਦਾ ਹਾਂ।

**ਅਰਜਨ ਹਰਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ ॥**

ਉਪਰੰਤ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਸਹਾਇਤਾ ਹਿੱਤ ਸਿਮਰਦਾ ਹਾਂ।

**ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ ॥**

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਧਿਆਉਣਾ ਚਾਹੀਦਾ ਹੈ; ਜਿਨ੍ਹਾਂ ਦੀ ਮਿਹਰ ਦ੍ਰਿਸ਼ਟੀ ਨਾਲ ਹਰ ਪ੍ਰਕਾਰ ਦੇ ਦੁੱਖਾਂ ਤੋਂ ਖ਼ਲਾਸੀ ਪ੍ਰਾਪਤ ਹੁੰਦੀ ਹੈ।

**ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ॥**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਿਮਰਨ ਕਰਨ ਨਾਲ, ਸੇਵਕਾਂ ਦੇ ਘਰ ਵਿੱਚ ਨੌ-ਨਿੱਧੀ ਖਜ਼ਾਨੇ ਭੱਜੇ ਆਉਂਦੇ ਹਨ।

**ਸਭ ਥਾਈਂ ਹੋਇ ਸਹਾਇ ॥੧॥**

ਮੇਰੀ ਅਰਦਾਸ ਹੈ, ਮੈਨੂੰ ਸੇਵਕ ਨੂੰ ਹਰ ਥਾਂ ਹਰ ਸਮੇਂ ਸਹਾਇਕ ਹੋਵੋ ਜੀ।

**ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ !**
**ਸਭ ਥਾਈਂ ਹੋਇ ਸਹਾਇ ॥**

ਦਸਮੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ! ਆਪਣੇ ਸਿੱਖਾਂ ਸੇਵਕਾਂ ਨੂੰ ਹਰ ਸਮੇਂ ਹਰ ਥਾਂ ਸਹਾਇਕ ਹੋਵੋ ਜੀ।

**ਦਸਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ !**

ਦਸੋਂ ਪਾਤਸ਼ਾਹੀਆਂ ਜੀ ਦੀ ਆਤਮਿਕ ਜੋਤ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਤੇ ਉਪਦੇਸ਼ ਦਾ ਧਿਆਨ ਧਰ ਕੇ ਪਰਮਾਤਮਾ ਦੇ ਨਾਮ

ਨੂੰ "ਵਾਹਿਗੁਰੂ" ਸ਼ਬਦ ਨਾਲ ਬੋਲ ਕੇ ਆਪਣੇ ਜੀਵਨ ਨੂੰ ਸਫਲਾ ਕਰੋ ਜੀ।

## ਪੰਜਾਂ ਪਿਆਰਿਆਂ[੧]

੧੬੯੯ ਦੀ ਵਿਸਾਖੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸਾ ਪੰਥ ਦੀ ਸਾਜਨਾ ਕਰਨ ਸਮੇਂ ਸ੍ਰੀ ਅਨੰਦਪੁਰ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਅਸਥਾਨ ਤੇ ਜਿਨ੍ਹਾਂ ਪੰਜਾਂ ਪਿਆਰਿਆਂ ਨੇ ਸਤਿਗੁਰੂ ਜੀ ਨੂੰ ਸੀਸ ਭੇਟ ਕੀਤੇ।

## ਚੌਹਾਂ ਸਾਹਿਬਜ਼ਾਦਿਆਂ[੨]

ਕਲਗੀਧਰ ਜੀ ਦੇ ਚਾਰ ਸਾਹਿਬਜ਼ਾਦੇ ਜਿਨ੍ਹਾਂ ਨੇ ਗੁਲਾਮੀਂ ਦੀਆਂ ਜੰਜ਼ੀਰਾਂ ਤੋੜਣ ਅਤੇ ਧਰਮ ਦੀ ਖਾਤਰ ਮੈਦਾਨੇ-ਜੰਗ ਵਿੱਚ ਜੂਝ ਕੇ ਤੇ ਜਿਉਂਦੇ-ਜੀਅ ਨੀਹਾਂ ਵਿੱਚ ਆਪਣੇ ਆਪ ਨੂੰ ਚਿਣਵਾ ਕੇ ਸ਼ਹਾਦਤਾਂ ਪ੍ਰਾਪਤ ਕੀਤੀਆਂ।

## ਚਾਲ੍ਹੀਆਂ ਮੁਕਤਿਆਂ

ਜਿਨ੍ਹਾਂ ਚਾਲ੍ਹੀ ਸਿੰਘਾਂ ਨੇ ਮਾਤਾ ਭਾਗੋ ਜੀ ਤੇ ਭਾਈ ਮਹਾਂ ਸਿੰਘ ਜੀ ਦੀ ਜਥੇਦਾਰੀ ਹੇਠ ਜੋ ਅਨੰਦਪੁਰ ਸਾਹਿਬ ਵਿਖੇ ਕਲਗੀਧਰ ਜੀ ਨੂੰ ਬੇਦਾਵਾ ਲਿਖ ਕੇ ਦਿੱਤਾ ਸੀ; ਉਸ ਨੂੰ ਪੜਵਾਉਣ ਤੇ ਟੁੱਟੀ ਗੰਢਾਉਣ ਲਈ ਮੁਕਤਸਰ ਸਾਹਿਬ ਦੀ ਜੰਗ ਵਿੱਚ ਦੁਸ਼ਮਣ ਨਾਲ ਜੂਝਦਿਆਂ ਆਪਾ ਨਿਛਾਵਰ ਕੀਤਾ ਤੇ ਕਲਗੀਧਰ ਜੀ ਪਾਸੋਂ ਮੁਕਤਿਆਂ ਦਾ ਖਿਤਾਬ ਪ੍ਰਾਪਤ ਕੀਤਾ।

## ਹਠੀਆਂ

ਜੋ ਸੱਚ, ਧਰਮ ਤੇ ਦਿੱਤੇ ਬਚਨ ਉੱਪਰ ਪੱਕੇ ਰਹਿਣ ਦਾ ਧਰਮ

---

੧. ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ।

੨. ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫ਼ਤਹਿ ਸਿੰਘ ਜੀ।

ਪਾਲਦੇ ਹਨ। ਉਹ ਹੱਠੀ, ਸੀਸ ਦਾ ਬਲੀਦਾਨ ਤਾਂ ਦੇ ਦਿੰਦੇ ਹਨ ਪਰ ਸੱਚ, ਧਰਮ ਅਤੇ ਦਿੱਤੇ ਬਚਨ ਤੋਂ ਪੈਰ ਪਿੱਛੇ ਨਹੀਂ ਕਰਦੇ।

## ਜਪੀਆਂ

ਜਿਨ੍ਹਾਂ ਨੇ ਗੁਰਮੰਤ੍ਰ ਦਾ ਜਪ ਕਰਕੇ ਆਪਣੀ ਸੁਰਤ ਨੂੰ ਪ੍ਰਭੂ ਨਾਲ ਜੋੜ ਲਿਆ ਤੇ [1]"**ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ**" ਦੀ ਦਾਤ ਪ੍ਰਭੂ ਦਰੋਂ ਪ੍ਰਾਪਤ ਕਰ ਲਈ।

## ਤਪੀਆਂ

ਜੋ ਗੁਰਮਤਿ ਵਿੱਚ ਪ੍ਰਵਾਨ [2]ਸਾਂਤਕੀ ਤਪ ਕਰਦੇ ਹਨ। ਆਲਸ ਨੀਂਦ ਦਾ ਤਿਆਗ ਕਰ ਮਨ ਨੂੰ ਗੁਰੂ ਸ਼ਬਦ ਵਿੱਚ ਜੋੜਦੇ ਹਨ। ਮਨ ਬਾਹਰ ਦੌੜੇ ਤਾਂ ਮੁੜ ਰੋਕ ਕੇ ਗੁਰਸ਼ਬਦ ਵਿੱਚ ਜੋੜਨ ਦੀ ਘਾਲ ਕਰਦੇ ਤੇ ਸਦਾ ਭਾਣੇ-ਰਜ਼ਾ ਵਿੱਚ ਰਹਿੰਦੇ ਹਨ।

## ਜਿਨ੍ਹਾਂ ਨਾਮ ਜਪਿਆ

ਜਿਨ੍ਹਾਂ ਨੇ ਗੁਰੂ ਦੇ ਬਖਸ਼ਿਸ਼ ਕੀਤੇ ਗੁਰਮੰਤਰ ਦਾ ਜਪ ਕੀਤਾ ਤੇ [3]"**ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ**" ਦੇ ਮੁਰਾਤਬੇ ਨੂੰ ਪ੍ਰਾਪਤ ਕਰ [4]"**ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ** [5]**ਅਵਰਦਾ ਜੀਉ**" ਨੂੰ ਆਪਣੇ ਜੀਵਨ ਦਾ ਲਕਸ਼ ਬਣਾ ਕੇ "**ਸਾਸਿ ਸਾਸਿ ਸਿਮਰਹੁ ਗੋਬਿੰਦ**" ਦੀ ਕਾਰ ਕਰ, [6]"**ਗੁਰਮੁਖਿ ਪਵਿਤ੍ਰ ਪਰਮ ਪਦੁ ਪਾਵੈ॥ ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥**" ਦੇ ਮੁਰਾਤਬੇ ਨੂੰ ਪ੍ਰਾਪਤ ਕੀਤਾ।

---

੧. ਮ:੪, ਪੰਨਾ ੬੬੭ । ੨. ਸਾਂਤਕੀ ਤਪ: ਸਰੀਰ ਦੇ ਇੰਦ੍ਰਿਆਂ ਨੂੰ ਮਾੜੇ ਕਰਮ ਤੇ ਮੰਦ ਵਾਸ਼ਨਾਵਾਂ ਵਲੋਂ ਰੋਕਣਾ, ਅੱਖਾਂ ਨੂੰ ਗੁਰੂ ਤੇ ਸਤਸੰਗਤ ਦੇ ਦਰਸ਼ਨਾਂ ਵੱਲ ਲਾਉਣਾ, ਕੰਨਾਂ ਨੂੰ ਬਾਣੀ ਗੁਰਸ਼ਬਦ ਤੇ ਪ੍ਰਭੂ ਜਸ ਸੁਣਨ ਵੱਲ ਲਾਈ ਰੱਖਣਾ, ਹੱਥਾਂ-ਪੈਰਾਂ ਨਾਲ ਸੇਵਾ ਕਰਨੀ ਤੇ ਭਲੇ ਪਾਸੇ ਜਾਣਾ, ਜੀਭ ਨਾਲ ਕੌੜਾ, ਫਿੱਕਾ, ਮਿਥਿਆ, ਅਨਰਥ ਜਾਂ ਅਕਾਰਥ ਬੋਲਣ ਤੇ ਨਿੰਦਿਆ ਕਰਨ ਦੀ ਥਾਂ, ਮਿੱਠਾ ਬੋਲਣਾ, ਗੁਰਸ਼ਬਦ ਤੇ ਗੁਰਬਾਣੀ ਉਚਾਰਣ ਵੱਲ ਲਾਉਣਾ, ਸਰੀਰ ਨੂੰ ਬਿਵਰਜਤ ਭੋਗਾਂ ਵੱਲੋਂ ਵਰਜੀ ਰੱਖਣਾ ਅਤੇ ਹਰ ਸਮੇਂ ਪ੍ਰਭੂ ਨਾਮ ਵਿੱਚ ਸੁਰਤ ਨੂੰ ਜੋੜੀ ਰੱਖਣਾ। ੩.ਮ:੪,ਪੰਨਾ ੩੧੩ । ੪. ਮ:੫, ਪੰਨਾ ੧੦੧ । ੫. ਸਾਰੀ ਉਮਰ । ੬. ਮ:੧, ਪੰਨਾ ੯੪੧

## ਵੰਡ ਛਕਿਆ

ਗੁਰਮਤ ਦੇ ਤਿੰਨ ਅਸੂਲ ਹਨ, ਕਿਰਤ ਕਰੋ, ਨਾਮ ਜਪੋ, ਵੰਡ ਕੇ ਛਕੋ। ਵੰਡਣਾ (ਦੇਣਾ) ਪਰਮੇਸ਼ੂਰ ਦਾ ਸੁਭਾ ਹੈ। ਜੋ ਵੰਡ ਕੇ ਛਕਦਾ ਹੈ ਸਹਿਜੇ ਸਹਿਜੇ ਉਹ ਪਰਮੇਸ਼ੂਰੀ ਸੁਭਾ ਦਾ ਧਾਰਨੀ ਬਣ ਜਾਂਦਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਸਾਰੰਗ ਦੀ ਵਾਰ ਵਿੱਚ ਫੁਰਮਾਨ ਹੈ। ਜੋ ਦਸਾਂ ਨੌਹਾਂ ਦੀ ਕਿਰਤ ਕਰਕੇ ਆਪ ਖਾਂਦਾ ਤੇ ਹੋਰਨਾਂ ਲੋੜਵੰਦਾਂ ਦੀ ਲੋੜ ਪੂਰੀ ਕਰਦਾ ਹੈ। ਉਹ ਜ਼ਿੰਦਗੀ ਦੇ ਸਹੀ ਰਸਤੇ ਨੂੰ ਪਛਾਣ ਲੈਂਦਾ ਹੈ।

**[1]ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥੧॥**

## ਦੇਗ ਚਲਾਈ

ਗੁਰੂ ਨਾਨਕ ਪਾਤਸ਼ਾਹ ਜੀ ਨੇ ਨਨਕਾਣਾ ਸਾਹਿਬ **"ਗੁਰਦੁਆਰਾ ਸੱਚਾ ਸੌਦਾ"** ਦੇ ਅਸਥਾਨ ਤੇ, ਭੁੱਖਿਆਂ ਦੀ ਭੁੱਖ ਦੂਰ ਕਰਨ ਵਾਸਤੇ ਜੋ ਦੇਗ (ਲੰਗਰ) ਦੀ ਪ੍ਰੰਪਰਾ ਤੋਰੀ ਸੀ; ਉਸ ਪ੍ਰੰਪਰਾ ਨੂੰ ਬਿਨਾਂ ਵਿਤਕਰੇ, ਜਿਨ੍ਹਾਂ ਨੇ ਬਿਖਮ ਸਮਿਆਂ ਵਿੱਚ ਵੀ ਜਾਰੀ ਰੱਖਿਆ ਅਤੇ ਉਸੇ ਉਤਸ਼ਾਹ ਨਾਲ ਹੁਣ ਵੀ ਜਾਰੀ ਰੱਖ ਰਹੇ ਹਨ।

## ਤੇਗ ਵਾਹੀ

ਕਲਗੀਧਰ ਸਤਿਗੁਰੂ ਜੀ ਜੋ ਧੁਰ ਦਰਗਾਹੋਂ, "[2]**ਧਰਮ ਚਲਾਵਨ ਸੰਤ ਉਬਾਰਨ ਦੁਸਟ ਸਭਨ ਕੋ ਮੂਲ ਉਪਾਰਿਨ**" ਦਾ ਮਿਸ਼ਨ ਲੈ ਕੇ ਸੰਸਾਰ ਵਿੱਚ ਆਏ ਸਨ; ਉਸ ਦੀ ਪੂਰਤੀ ਲਈ ਜਿਨ੍ਹਾਂ ਜਿਨ੍ਹਾਂ ਗੁਰੂ ਪਿਆਰਿਆਂ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ, ਜ਼ੁਲਮ ਨੂੰ ਠਲ੍ਹ ਪਾਉਣ ਲਈ ਜ਼ਾਲਮਾਂ ਦਾ ਮੂੰਹ ਤੇਗ ਨਾਲ ਮੋੜਿਆ ਤੇ ਧਰਮ ਦਾ ਬੋਲ-ਬਾਲਾ ਕੀਤਾ।

**ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ, ਖ਼ਾਲਸਾ ਜੀ ! ਬੋਲੋ ਜੀ ਵਾਹਿਗੁਰੂ !**

---

੧. ਮ:੧, ਪੰਨਾ ੧੨੪੫ ੨. ਬਚਿਤ੍ਰ ਨਾਟਕ

ਮਨੁੱਖ ਦਾ ਸੁਭਾਅ ਹੈ, ਕਿਸੇ ਦਾ ਔਗੁਣ ਦੇਖ ਕੇ ਉਸ ਨੂੰ ਸੰਸਾਰ ਅੰਦਰ ਨਸ਼ਰ ਕਰਨਾ ਪਰ ਪਰਮਾਤਮਾ ਦਾ ਸੁਭਾਅ ਹੈ, ਵੇਖਕੇ ਅਣਡਿੱਠ ਕਰਨਾ ਤੇ ਔਗੁਣਾਂ ਵਾਲਿਆਂ ਦੇ ਵੀ ਪੜਦੇ ਕੱਜਣਾ। ਸਤਿਗੁਰੂ ਅਰਜਨ ਦੇਵ ਜੀ ਦਾ ਤੁਖਾਰੀ ਰਾਗ ਅੰਦਰ ਫੁਰਮਾਨ ਹੈ [੧]"**ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ**" ; ਪਰਮਾਤਮਾ ਤਾਂ [੨]"**ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ**" ਦਾ ਬਿਰਦ ਰੱਖਦਾ ਹੈ। ਪਰਮਾਤਮਾ ਤਾਂ [੩]"**ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ**" ਦੀ ਕਾਰ ਕਰਦਾ ਹੈ। ਗੁਰੂ ਕੇ ਸਿੱਖ ਨੇ ਵੀ ਆਪਣਾ ਸੁਭਾਅ ਤਿਆਗ ਕੇ ਪਰਮਾਤਮਾ ਦੇ ਸੁਭਾਅ ਦਾ ਧਾਰਨੀ ਬਣਨਾ ਹੈ। ਜਿਵੇਂ ਪਹਿਲੇ ਪਾਤਸ਼ਾਹ ਜੀ ਦੇ ਸਮੇਂ ਭਾਈ ਮੂਲਾ ਕੀੜ ਤੇ ਪੰਜਵੇਂ ਪਾਤਸ਼ਾਹ ਜੀ ਦੇ ਸਮੇਂ ਭਾਈ ਮਾਧੋ ਦਾਸ ਤੇ ਹੋਰ ਅਨੇਕਾਂ ਗੁਰਸਿੱਖਾਂ ਨੇ ਪੂਰਨੇ ਪਾਏ। ਗੁਰੂ ਨਾਨਕ ਪਾਤਸ਼ਾਹ ਦੇ ਘਰ ਦੀ ਰੀਤ ਵੀ ਹੈ।

**"ਬੁਰੇ ਨਾਲ ਬੁਰਿਆਈ ਕਰਨੀ ਮਾਫ਼ ਕਰਨ ਕਈ ਸਿਆਣੇ॥**
**ਬੁਰੇ ਨਾਲ ਫਿਰ ਨੇਕੀ ਕਰਨੀ ਇਹ ਗੁਰੂ ਨਾਨਕ ਜਾਣੇ॥"**

ਅਜਿਹੇ ਉੱਪਰ ਲਿਖੇ ਗੁਣਾਂ ਦੇ ਧਾਰਨੀ ਪਿਆਰਿਆਂ-ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ! ਬੋਲੋ ਜੀ ਵਾਹਿਗੁਰੂ।

## ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ

ਧਰਮੀਂ ਹੀ ਧਰਮ ਵਾਸਤੇ ਸੀਸ ਦੇ ਸਕਦਾ ਹੈ, ਆਮ ਮਨੁੱਖ ਨਹੀਂ। ਜਿਵੇਂ ਸਤਿਗੁਰੂ ਅਰਜਨ ਦੇਵ ਜੀ ਤੇ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਿੱਖਾਂ ਲਈ ਪੂਰਨੇ ਪਾਏ। ਜਿਸ ਦਾ ਸੰਕੇਤ ਕਲਗੀਧਰ ਜੀ ਨੇ ਬਚਿਤ੍ਰ ਨਾਟਕ ਬਾਣੀ ਵਿੱਚ ਦਿੱਤਾ ਹੈ ਕਿ "**ਧਰਮ ਹੇਤਿ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰੁ ਨ ਦੀਆ॥**[੪]" ਇਸੇ ਪ੍ਰਕਾਰ ਸਤਿਗੁਰਾਂ ਦੇ ਪਗ੍ਹ ਚਿੰਨ੍ਹਾਂ ਉੱਪਰ ਚਲਦਿਆਂ ਅਨੇਕਾਂ ਸਿੰਘਾਂ ਤੇ ਸਿੰਘਣੀਆਂ ਨੇ ਸਰੀਰਾਂ ਦੀਆਂ ਸ਼ਹਾਦਤਾਂ ਤਾਂ ਦੇ ਦਿੱਤੀਆਂ ਪਰ ਧਰਮ ਨੂੰ ਆਂਚ ਨਹੀਂ ਆਉਣ ਦਿੱਤੀ। ਅੱਜ ਤੱਕ ਇਤਿਹਾਸ ਵਿੱਚ ਕੋਈ ਅਜਿਹੀ ਘਟਨਾ ਨਹੀਂ

੧. ਤੁਖਾਰੀ ਮ:੫ ਪੰਨਾ ੧੧੧੭ ੨.ਮ:੫ ਪੰਨਾ ੧੧੦੧ ੩. ਪਾ:੧੦ ਸਵੱਯੇ ੪. ਬਚਿਤ੍ਰ ਨਾਟਕ

ਮਿਲਦੀ ਜਿੱਥੇ ਸਿੱਖ ਨੇ ਸਰੀਰ ਤੇ ਸੀਸ ਨੂੰ ਬਚਾਉਣ ਲਈ ਧਰਮ ਨੂੰ ਪਿੱਠ ਦਿੱਤੀ ਹੋਵੇ।

## ਬੰਦ ਬੰਦ ਕਟਾਏ

ਇਹ ਦਿਲ ਕੰਬਾ ਦੇਣ ਵਾਲੇ ਬੋਲ ਬੋਲਦਿਆਂ ਤੇ ਸੁਣਦਿਆਂ ਉਸ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਯਾਦ ਅੱਖਾਂ ਸਾਹਮਣੇ ਆ ਮੂਰਤੀਮਾਨ ਹੁੰਦੀ ਹੈ। ਜਿਨ੍ਹਾਂ ਨੇ ਧਰਮ ਦੀ ਖਾਤਰ, ਬੰਦ-ਬੰਦ ਕਟਵਾ ਲਿਆ। ਚਿਹਰੇ ਤੇ ਵੱਟ ਨਹੀਂ ਪਾਇਆ ਤੇ ਧਰਮ ਨੂੰ ਕੰਡ ਨਹੀਂ ਦਿੱਤੀ।

## ਖੋਪਰੀਆਂ ਲੁਹਾਈਆਂ

ਖੋਪਰੀਆਂ ਲੁਹਾਈਆਂ ਦੇ ਸ਼ਬਦ "ਭਾਈ ਤਾਰੂ ਸਿੰਘ" ਦੀ ਲਾਸਾਨੀ ਸ਼ਹੀਦੀ ਨੂੰ ਯਾਦ ਕਰਵਾਉਂਦੇ ਹਨ ਕਿ ਸਿੱਖ ਨੇ ਕਿਵੇਂ ਗੁਰੂ ਦੀ ਸਭ ਤੋਂ ਪਿਆਰੀ ਦਾਤ ਕੇਸਾਂ ਨੂੰ ਤਿਲਾਂਜਲੀ ਨਹੀਂ ਦਿੱਤੀ ਸਗੋਂ ਆਪਣੀ "ਖੋਪਰੀ" ਲੁਹਾ ਕੇ, ਪ੍ਰਾਣਾਂ ਦੀ ਆਹੂਤੀ ਦੇ ਕੇ ਸਿੱਖੀ ਸਿਦਕ ਨਿਭਾਇਆ ਅਤੇ ਆਪਣੇ ਪ੍ਰਣ ਨੂੰ ਪੂਰਾ ਕਰਨ ਲਈ ਖੋਪਰੀ ਉਤਾਰਨ ਤੋਂ ੨੨ ਦਿਨ ਬਾਅਦ ਵੀ ਇੱਕ ਟੱਕ ਬਾਣੀ ਪੜ੍ਹਦੇ ਰਹੇ ਤੇ ਆਪਣੀ ਮੌਜ ਨਾਲ ਆਪਣਾ ਬਚਨ ਪੁਗਾ ਕੇ ਸਰੀਰ ਤਿਆਗਿਆ।

## ਚਰਖੜੀਆਂ ਤੇ ਚੜ੍ਹੇ

ਚਰਖੜੀਆਂ ਤੇ ਚੜ੍ਹੇ ਸ਼ਬਦਾਂ ਵਿੱਚ "ਭਾਈ ਸ਼ਾਹਬਾਜ਼ ਸਿੰਘ ਤੇ ਭਾਈ ਸੁਬੇਗ ਸਿੰਘ ਜੀ" ਦਾ ਅਲੌਕਿਕ ਸ਼ਹੀਦੀ ਸਾਕਾ ਸਮਾਇਆ ਹੋਇਆ ਹੈ।

## ਆਰਿਆਂ ਨਾਲ ਚੀਰੇ ਗਏ

ਆਰਿਆਂ ਨਾਲ ਚਿਰਾਏ ਗਏ ਦੇ ਸ਼ਬਦ ਜਦੋਂ ਕੰਨਾਂ ਵਿੱਚ ਪੈਂਦੇ ਹਨ ਅਰਦਾਸ ਕਰਤਾ ਅਤੇ ਸ੍ਰੋਤਾ ਦਾ ਧਿਆਨ ਇੱਕ ਦਮ "ਭਾਈ ਸਾਹਿਬ ਭਾਈ ਮਤੀ ਦਾਸ ਜੀ" ਦੇ ਅਨੋਖੇ ਸ਼ਹੀਦੀ ਸਾਕੇ ਵੱਲ ਆਕਰਸ਼ਿਤ ਹੋ ਜਾਂਦਾ ਹੈ ਜੋ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਨਮੁਖ ਚਾਂਦਨੀ ਚੌਂਕ ਵਿੱਚ ਵਾਪਰਿਆ।

## ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ

ਗੁਰਦੁਆਰੇ ਗੁਰਸਿੱਖਾਂ ਦੀ ਜਿੰਦ-ਜਾਨ ਹਨ। ਸਿੱਖ ਆਪਣਾ ਅਪਮਾਨ ਸਹਿ ਸਕਦਾ ਹੈ ਪਰ ਗੁਰੂ ਅਤੇ ਗੁਰਦੁਆਰੇ ਦੀ ਬੇ-ਅਦਬੀ ਵੇਖ ਕੇ ਉਹ ਨਹੀਂ ਜਰ ਸਕਦਾ। ਗੁਰਦੁਆਰੇ ਦੀ ਪਵਿੱਤ੍ਰਤਾ ਲਈ ਗੁਰਸਿੱਖ ਆਪਣੀ ਜਾਨ ਦੀ ਬਾਜੀ ਲਾ ਦਿੰਦਾ ਹੈ। ਜਿਸ ਦੀ ਮਿਸਾਲ ਪੰਜਾ ਸਾਹਿਬ ਦਾ ਸਾਕਾ, ਜੈਤੋ ਗੰਗਸਰ, ਗੁਰੂ ਕੇ ਬਾਗ ਅਤੇ ਹੋਰ ਅਨੇਕਾਂ ਮੋਰਚੇ ਹਨ ਜਿੱਥੇ ਗੁਰਸਿੱਖਾਂ ਨੇ ਆਪਾ ਵਾਰ ਕੇ ਗੁਰਦੁਆਰਿਆਂ ਦੀ ਮਰਿਆਦਾ ਤੇ ਪਵਿਤ੍ਰਤਾ ਨੂੰ ਕਾਇਮ ਰੱਖਿਆ। ਸਮੁੱਚਾ ਇਤਿਹਾਸ, ਪੈਰ-ਪੈਰ ਤੇ ਇਸਦੀ ਗਵਾਹੀ ਦਿੰਦਾ ਹੈ।

## ਧਰਮ ਨਹੀਂ ਹਾਰਿਆ ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ

ਪੁਰਾਤਨ ਤੇ ਵਰਤਮਾਨ ਸਮੇਂ ਵਿੱਚ, ਸਮੇਂ ਦੇ ਹੁਕਮਰਾਨਾਂ ਨੇ ਸਿੱਖਾਂ ਨੂੰ ਧਰਮ ਨਾਲੋਂ ਤੋੜਨ ਲਈ ਲਾਲਚ ਵੀ ਦਿੱਤੇ ਤੇ ਅੱਤ ਦਰਜੇ ਦੇ ਸਰੀਰਕ ਤੇ ਮਾਨਸਿਕ ਕਸ਼ਟ ਦੇ ਕੇ ਸ਼ਹੀਦ ਵੀ ਕੀਤਾ ਪਰ ਗੁਰੂ ਦੀ ਮਿਹਰ ਨਾਲ ਅੱਜ ਤੱਕ ਕਿਸੇ ਇੱਕ ਵੀ ਸਿੱਖ ਨੇ ਸਿੱਖ ਧਰਮ ਵੱਲ ਪਿੱਠ ਨਹੀਂ ਕੀਤੀ, ਗੁਰੂ ਕੀ ਸਿੱਖੀ ਨੂੰ, ਗੁਰੂ ਕੀ ਮੋਹਰ "ਕੇਸਾਂ" ਨਾਲ ਆਖਰੀ ਸੁਆਸਾਂ ਤੱਕ ਨਿਭਾਇਆ।

## ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ, ਖ਼ਾਲਸਾ ਜੀ ! ਬੋਲੋ ਜੀ ਵਾਹਿਗੁਰੂ !

ਅਰਦਾਸ ਕਰਨ ਵਾਲੇ ਅਰਦਾਸੀਏ ਸਿੰਘ ਦੇ ਇਹ ਉੱਪਰ ਲਿਖੇ ਬੋਲ ਸਿੱਖਾਂ ਨੂੰ ਸਾਵਧਾਨ ਕਰਦੇ ਹਨ। ਖ਼ਾਲਸਾ ਜੀ! ਉੱਪਰ ਦਰਸਾਈਆਂ ਧਰਮ ਹਿੱਤ ਤੇ ਗੁਰਦੁਆਰਿਆਂ ਦੀ ਸੇਵਾ ਹਿੱਤ ਕੀਤੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਅੱਜ ਸੁੱਖ ਅਨੰਦ ਮਾਣ ਰਹੇ ਹਾਂ। ਜੇ ਕਿਤੇ ਸਾਡੇ ਉੱਪਰ ਕਦੇ ਅਜਿਹਾ ਸਮਾਂ ਆ ਬਣੇ ਤਦ ਅਸੀਂ ਵੀ ਇਨ੍ਹਾਂ ਸ਼ਹੀਦਾਂ ਪਾਸੋਂ ਹੀ ਸੇਧ ਲੈਣੀ ਹੈ। ਇਨ੍ਹਾਂ ਸਰਬ ਸ਼ਹੀਦਾਂ ਦੀ ਬਿਖਮ ਘਾਲ ਕਮਾਈ ਦਾ ਧਿਆਨ ਧਰੋ ਤੇ ਨਾਲ ਹੀ ਖ਼ਾਲਸਾ ਜੀ! ਪਰਮਾਤਮਾ

ਨੂੰ ਯਾਦ ਕਰੋ ਤੇ ਮੁੱਖ ਚੋਂ ਪਿਆਰ ਨਾਲ ਉਚਾਰਨ ਕਰੋ "ਵਾਹਿਗੁਰੂ"।

## ਪੰਜਾਂ ਤਖਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ, ਬੋਲੋ ਜੀ ਵਾਹਿਗੁਰੂ !

ਖ਼ਾਲਸੇ ਦੇ **ਪੰਜ ਤਖ਼ਤ**[1] ਜਿੱਥੋਂ ਸਮੇਂ-ਸਮੇਂ ਸਤਿਗੁਰੂ ਸਾਹਿਬਾਨ ਜੀ ਨੇ ਕੌਮ ਦੇ ਨਾਂ ਹੁਕਮਨਾਮੇ ਜਾਰੀ ਕਰਕੇ ਗੁਰੂ ਕੇ ਸਿੱਖਾਂ ਨੂੰ ਸੰਸਾਰੀ ਤਾਕਤ ਤੋਂ ਨਿਰਭਉ ਅਤੇ ਮੁਕਤ ਕਰਕੇ ਸਿੱਖ ਦਾ ਨਾਤਾ ਸਿੱਧਾ ਅਕਾਲ ਅਤੇ ਗੁਰੂ ਨਾਲ ਜੋੜ ਕੇ "ਨਿਰਮਲ ਪੰਥ" (ਸਿੱਖ ਕੌਮ) ਦੀ ਅਜ਼ਾਦ ਹੋਂਦ-ਹਸਤੀ ਅਤੇ ਪ੍ਰਭੂਸੱਤਾ ਦੀ ਪਹਿਚਾਣ ਉਸ ਦੇ ਧੁਰ ਹਿਰਦੇ ਵਿੱਚ ਵਸਾਈ ਅਤੇ ਸੰਸਾਰ ਦੇ ਸਾਹਵੇਂ ਪਰਗਟ ਕੀਤੀ ਅਤੇ **ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥ ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ॥**[2] ਦੇ ਗੁਰੂ ਹੁਕਮ ਨੂੰ ਨਤਮਸਤਕ ਹੁੰਦਿਆਂ, ਸਤਿਗੁਰੂ ਸਾਹਿਬਾਨ ਜੀ ਦੀ ਚਰਨ ਛੋਹ ਨਾਲ ਪਵਿੱਤਰ ਹੋਏ ਗੁਰ ਅਸਥਾਨ ਅਤੇ **"ਗੁਰੂ ਦੁਆਰੈ ਹੋਇ ਸੋਝੀ ਪਾਇਸੀ॥ ਏਤੁ ਦੁਆਰੈ ਧੋਇ ਹਛਾ ਹੋਇਸੀ"**[3] ਦੇ ਗੁਰੂ ਹੁਕਮ ਅਨੁਸਾਰ ਆਪਣੇ ਜੀਵਨ ਨੂੰ ਸੰਵਾਰਨ ਅਤੇ ਗੁਰੂ ਨਿਗਾਹ ਵਿੱਚ ਪਰਵਾਣ ਚੜ੍ਹਾਉਣ, ਮੈਲੇ ਮਨ ਦੀ ਸਵੱਛਤਾ ਲਈ ਗੁਰਸਿੱਖਾਂ ਦੀ ਸੰਗਤ ਵਿੱਚ ਬੈਠ "ਨਾਮ ਜਪ" ਦੀ ਕਾਰ ਕਰਨ ਵਾਸਤੇ, ਜੀਵਨ ਦੀ ਘਾੜਤ ਘੜਨ ਵਾਲੇ ਸਕੂਲ ਜੋ "ਗੁਰਦੁਆਰਾ ਸਾਹਿਬਾਨ" ਹਨ। ਤਿਨ੍ਹਾਂ ਸਮੂੰਹ ਤਖ਼ਤਾਂ, ਗੁਰਧਾਮਾਂ ਅਤੇ ਗੁਰਦੁਆਰਾ ਸਾਹਿਬਾਨ ਨੂੰ ਆਪਣੀ ਸਿਮ੍ਰਤੀ ਵਿੱਚ ਲਿਆ ਕੇ ਖ਼ਾਲਸਾ ਅਕਾਲ ਪੁਰਖ ਦਾ ਧਿਆਨ "ਵਾਹਿਗੁਰੂ" ਬੋਲ ਰਾਹੀਂ ਧਰਦਾ ਹੈ।

---

**੧.** [1]ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, [2]ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ, ਬਿਹਾਰ, [3]ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ, [4]ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਬਠਿੰਡਾ, [5]ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ, (ਨੰਦੇੜ) ਮਹਾਂਰਾਸ਼ਟਰ **੨.** ਆਸਾ ਮ:੪, ਪੰਨਾ ੪੫੧। **੩.** ਸੂਹੀ ਮ:੧, ਪੰਨਾ ੭੩੦

## ਪ੍ਰਿਥਮੇ ਸਰਬੱਤ ਖ਼ਾਲਸਾ ਜੀ ਕੀ ਅਰਦਾਸ ਹੈ ਜੀ

ਸਾਡੇ ਵਡਿੱਕਿਆਂ ਨੇ "ਅਰਦਾਸ" ਆਪਣੇ ਨਿੱਜ ਤੋਂ ਉੱਪਰ ਉੱਠ ਕੇ ਬਣਾਈ ਹੈ। ਅਰਦਾਸ ਕਰਤਾ ਸਿੱਖ, ਆਪਣੇ ਗੁਰੂ ਅੱਗੇ ਅਰਦਾਸ ਕਰਕੇ ਆਪਣੇ ਲਈ ਕੁਝ ਮੰਗਣ ਤੋਂ ਪਹਿਲਾਂ, ਸਾਰੇ ਖ਼ਾਲਸਾ ਪੰਥ ਪ੍ਰਤੀ ਅਰਦਾਸ ਕਰਦਾ ਹੈ ਅਤੇ ਉਸ ਅਰਦਾਸ ਵਿੱਚ ਖ਼ਾਲਸੇ ਲਈ ਕੀ ਮੰਗਦਾ ਹੈ?

## ਸਰਬੱਤ ਖ਼ਾਲਸਾ ਜੀ ਕੋ
## ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿੱਤ ਆਵੇ,

ਹੇ ਅਕਾਲ ਪੁਰਖ ਸਤਿਗੁਰੂ ਜੀ! ਸਾਰੇ ਖ਼ਾਲਸਾ ਪੰਥ ਦੇ ਧਾਰਨੀਆਂ ਨੂੰ ਵਾਹਿਗੁਰੂ ਜੀ ਦਾ ਨਾਮ ਮਨ, ਬਚਨ, ਕਰਮ ਕਰਕੇ ਹਮੇਸ਼ਾ-ਹਮੇਸ਼ਾ ਚੇਤੇ ਆਵੇ। ਹੇ ਪ੍ਰਭੂ ਜੀ! ਖ਼ਾਲਸਾ ਕਦੇ ਵੀ ਤੇਰੇ ਨਾਮ ਨੂੰ ਭੁਲਾਵੇ ਨਾ।

## ਚਿੱਤ ਆਵਨ ਕਾ ਸਦਕਾ ਸਰਬ ਸੁੱਖ ਹੋਵੇ

ਪਰਮੇਸ਼ਰ ਦਾ ਨਾਮ ਚਿੱਤ ਵਿੱਚ ਵੱਸਣ ਦੀ ਬਰਕਤ ਨਾਲ, ਸਰਬ ਖ਼ਾਲਸਾ ਜੀ ਨੂੰ ਸਦੀਵ ਕਾਲ ਲਈ ਸਰਬ ਸੁੱਖਾਂ ਦੀ ਪ੍ਰਾਪਤੀ ਹੋਵੇ ਜੀ। ਕਿਉਂਕਿ ਨਾਮ ਹੀ ਸਰਬ ਸੁੱਖਾਂ ਦਾ ਦਾਤਾ ਹੈ।

## ਜਹਾਂ ਜਹਾਂ ਖ਼ਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ,

ਹੇ ਸਤਿਗੁਰੂ ਜੀ! ਜਿੱਥੇ ਜਿੱਥੇ ਵੀ ਦੇਸ਼ਾਂ-ਵਿਦੇਸ਼ਾਂ ਵਿੱਚ ਖ਼ਾਲਸਾ ਵੱਸਦਾ ਹੈ, ਉੱਥੇ-ਉੱਥੇ ਹੀ ਖ਼ਾਲਸੇ ਦੀ ਤੁਸੀਂ ਰੱਛਿਆ ਕਰੋ ਅਤੇ ਜੇ ਕਿਸੇ ਕਰਮ ਕਰਕੇ ਉਸ ਸਿੱਖ ਨੇ ਕੋਈ ਦੁੱਖ ਭੋਗਣਾ ਹੈ, ਤਦ ਮੇਰੀ ਅਰਦਾਸ ਹੈ, ਉਸ ਕਰਮ ਦੇ ਦੁੱਖ ਭੋਗਣ ਵਿੱਚ ਤੁਸੀਂ ਕੁਝ ਰਿਆਇਤ ਕਰ ਦੇਵੋ ਜੀ।

## ਦੇਗ ਤੇਗ ਫ਼ਤਹ

ਹੇ ਸਤਿਗੁਰੂ ਜੀ! ਜੇ ਖ਼ਾਲਸਾ ਲੰਗਰ ਚਲਾਵੇ ਉਸ ਵਿੱਚ ਕਦੇ ਤੋਟ ਨਾ ਆਵੇ ਅਤੇ ਜੇ ਖ਼ਾਲਸੇ ਨੂੰ ਧਰਮ ਤੇ ਮਜ਼ਲੂਮ ਦੀ ਰੱਖਿਆ ਲਈ ਤੇਗ ਲੈ ਕੇ ਮੈਦਾਨੇ ਜੰਗ ਵਿੱਚ ਜੂਝਣਾ ਪਵੇ ਤਦੋਂ ਵੀ ਤੇਰੇ ਖ਼ਾਲਸੇ ਦੀ ਜਿੱਤ ਹੋਵੇ।

## ਬਿਰਦ ਕੀ ਪੈਜ, ਪੰਥ ਕੀ ਜੀਤ

ਹੇ ਸਤਿਗੁਰੂ! ਸਾਡੀਆਂ ਕਮੀਆਂ ਤੇ ਅਉਗਣ ਨਾ ਚਿਤਾਰਨੇ। ਹਮੇਸ਼ਾ ਆਪਣੇ [੧]ਬਿਰਦ ਦੀ ਪੈਜ ਰੱਖਣੀ। [੨]**"ਹਮਰੋ ਸਹਾਉ ਸਦਾ ਸਦ ਭੂਲਨ ਤੁਮ੍ਰੋ ਬਿਰਦੁ ਪਤਿਤ ਉਧਰਨ"** ਸਤਿਗੁਰੂ ਜੀ! ਨਾਲ ਹੀ ਬੇਨਤੀ ਹੈ ਕਿ ਖ਼ਾਲਸਾ ਪੰਥ ਦੀ ਕਿਸੇ ਵੀ [੩]ਮੁਹਾਜ ਤੇ ਹਾਰ ਨਾ ਹੋਵੇ; ਹਮੇਸ਼ਾ-ਹਮੇਸ਼ਾ ਖ਼ਾਲਸਾ ਪੰਥ ਦੀ ਝੋਲੀ ਵਿੱਚ ਫ਼ਤਹਿ ਹੀ ਪਾਵੋ।

## ਸ੍ਰੀ ਸਾਹਿਬ ਜੀ ਸਹਾਇ ॥

ਹੇ ਸਭ ਤੋਂ ਸ਼੍ਰੋਮਣੀ ਪ੍ਰਭੂ ਜੀ! ਤੁਸੀਂ ਆਪ ਅਤੇ ਤੁਹਾਡੀ ਸ਼ਕਤੀ (ਕ੍ਰਿਪਾਨ ਦੇ ਰੂਪ ਵਿੱਚ), ਹਮੇਸ਼ਾ ਖ਼ਾਲਸਾ ਜੀ ਨੂੰ ਸਰਬ ਕਾਲ, ਸਰਬ ਥਾਂ ਸਹਾਈ ਹੋਵੇ ਜੀ।

## ਖ਼ਾਲਸਾ ਜੀ ਕੇ ਬੋਲ ਬਾਲੇ

ਹੇ ਵਾਹਿਗੁਰੂ! ਖ਼ਾਲਸੇ ਦੇ ਬੋਲ ਹਮੇਸ਼ਾ ਬਲ ਵਾਲੇ ਰਹਿਣ (ਭਾਵ ਖ਼ਾਲਸਾ ਕਦੇ ਵੀ ਪਰਾਏ ਅਧੀਨ ਨਾ ਹੋਵੇ ਖ਼ਾਲਸਾ ਹਮੇਸ਼ਾ ਸੁਤੰਤਰ ਵਿਚਰੇ) ਖ਼ਾਲਸਾ ਕਦੇ ਵੀ ਕਿਸੇ ਦਾ ਦੁਬੇਲ ਨਾ ਹੋਵੇ, ਹਮੇਸ਼ਾ ਗੁਰੂ ਨਾਨਕ ਜੀ ਦੇ ਬਚਨਾਂ ਅਨੁਸਾਰ [੪]**ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥** ਦੇ ਅਸੂਲ ਦਾ ਧਾਰਨੀ ਬਣਿਆ ਰਵ੍ਹੇ।

## ਬੋਲੋ ਜੀ ਵਾਹਿਗੁਰੂ !

ਖ਼ਾਲਸਾ ਜੀ! ਮਨ ਚਿੱਤ ਇਕਾਗਰ ਕਰਕੇ ਪਰਮਾਤਮਾ ਨੂੰ ਚੇਤੇ ਕਰੋ ਤੇ ਆਖੋ ਵਾਹਿਗੁਰੂ। ਕਿਉਂਕਿ ਵਾਹਿਗੁਰੂ ਆਖਣ ਨਾਲ ਹੀ ਅਰਦਾਸ ਰਾਹੀਂ ਮੰਗੀਆਂ ਦਾਤਾਂ ਪ੍ਰਭੂ ਦਰ ਵਿੱਚੋਂ ਪ੍ਰਾਪਤ ਹੋਣੀਆਂ ਹਨ।

## ਸਿੱਖਾਂ ਨੂੰ, ਸਿੱਖੀ ਦਾਨ

ਸਿੱਖੀ ਜ਼ੋਰ ਨਾਲ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਸਿੱਖੀ ਸਤਿਗੁਰਾਂ ਵੱਲੋਂ ਬਖਸ਼ਸ਼ ਕੀਤਾ ਸਰਬ-ਉੱਤਮ ਦਾਨ ਹੈ। ਜੋ ਸਿੱਖ ਬਣ

---

੧. ਸੁਭਾਅ। ੨. ਮ:੫, ਪੰਨਾ ੮੨੮। ੩. ਕਿਸੇ ਵੀ ਮੋਰਚੇ (ਫਰੰਟ) ਤੇ। ੪. ਮ:੧, ਪੰਨਾ ੭੨੩।

ਗਿਆ ਉਹ ਗੁਰੂ ਦਾ ਰੂਪ ਬਣ ਗਿਆ। ਜੋ ਗੁਰੂ ਦਾ ਰੂਪ ਬਣ ਗਿਆ ਉਹ ਪਰਮਾਤਮਾ ਦਾ ਰੂਪ ਹੋ ਗਿਆ। ਕਲਗੀਧਰ ਜੀ ਦਾ ਫੁਰਮਾਨ ਹੈ:-

**[1]ਆਤਮਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥**
**ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥** (ਸਰਬਲੋਹ ਗ੍ਰੰਥ)

## ਕੇਸ ਦਾਨ

ਕੇਸ, ਕਰਤਾਰ ਦੀ ਦੇਣ ਹੈ। ਕੇਸ ਪਰਮਾਤਮਾ ਦੇ ਭਾਣੇ ਅੰਦਰ ਸਾਨੂੰ ਪ੍ਰਾਪਤ ਹੋਏ ਹਨ। ਸਿੱਖੀ, ਭਾਣੇ ਅਤੇ ਰਜ਼ਾ ਦਾ ਨਾਉਂ ਹੈ। ਜੋ ਕੇਸਾਂ ਨੂੰ ਕਤਲ ਕਰਦਾ ਹੈ ਉਹ ਕਾਦਰ ਦੇ ਭਾਣੇ ਤੋਂ ਉਲਟ ਚਲਦਾ ਹੈ। ਭਾਣੇ ਤੋਂ ਉਲਟ ਚੱਲਣ ਵਾਲਾ ਕਾਦਰ ਨੂੰ ਕਿਵੇਂ ਚੰਗਾ ਲੱਗ ਸਕਦਾ ਹੈ? ਕਦਾਚਿਤ ਨਹੀਂ। ਕੇਸ ਗੁਰੂ ਦੀ ਮੋਹਰ ਹਨ। ਕੇਸਾਂ ਤੋਂ ਹੀ ਸਿੱਖ ਦੀ ਅਤੇ ਸਿੱਖੀ ਦੀ ਪਹਿਚਾਣ ਹੈ। ਪੁਰਾਤਨ ਰਹਿਤਨਾਮਿਆਂ ਵਿੱਚ ਬਚਨ ਹੈ ਕਿ ਕੇਸਾਂ ਤੋਂ ਬਿਨਾਂ ਬਾਕੀ ਚਾਰ ਕਕਾਰ ਪਹਿਨਣੇ ਨਿਰਾਰਥਕ ਹਨ:

**ਕੜਾ ਕਾਰਦੋ ਕਛ ਕੰਘਾ ਬਿਦਾ॥**
**ਬਿਨਾ ਕੇਸ ਹੇਚ ਅਸਤ ਜ਼ੁਮਲਾ ਨਿਸ਼ਾ॥**

ਜਿਸ ਨੂੰ ਜਮਾਂਦਰੂ ਕੇਸ ਪ੍ਰਾਪਤ ਨਹੀਂ ਹੁੰਦੇ ਉਸ ਨੂੰ ਗੰਜਾ-ਖੋਦਾ ਆਦਿ ਕਿਹਾ ਜਾਂਦਾ ਹੈ। ਉਸ ਨੂੰ ਅੰਗ ਹੀਣ ਮੰਨਿਆ ਜਾਂਦਾ ਹੈ। ਇਸੇ ਲਈ ਅੰਮ੍ਰਿਤ ਸੰਚਾਰ (ਪੰਜਾਂ ਪਿਆਰਿਆਂ ਦੀ ਸੇਵਾ) ਵਿੱਚ ਗੰਜੇ ਅਤੇ ਖੋਦੇ ਮਨੁੱਖ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ।

## ਰਹਿਤ ਦਾਨ

ਗੁਰਸਿੱਖ ਦੀ ਇੱਕ ਰਹਿਤ ਅੰਦਰੂਨੀ ਹੈ ਅਤੇ ਇੱਕ ਰਹਿਤ ਬਹਿਰੂਨੀ (ਬਾਹਰਲੀ) ਹੈ। ਅੰਦਰ ਦੀ ਰਹਿਤ ਤੋਂ ਬਿਨਾਂ ਬਾਹਰਲੀ ਰਹਿਤ ਕੋਈ ਮਾਅਨਾ ਨਹੀਂ ਰਖਾਵਾਉਂਦੀ। ਜੇ ਅੰਦਰ ਦੀ ਰਹਿਤ ਹੈ ਪਰ ਗੁਰੂ ਦਰਸਾਈ ਬਾਹਰਲੀ ਰਹਿਤ ਦਾ ਗੁਰਸਿੱਖ ਧਾਰਨੀ ਨਹੀਂ ਬਣਦਾ ਤਦ ਵੀ ਗੁਰੂ ਦੀ

---

੧. ਜਿਸ ਨੇ ਪਰਮਾਤਮਾ ਦੇ ਨਾਮ ਦਾ ਰਸ ਮਾਣਿਆ ਹੈ ਉਹ ਅਸਲੀ ਖ਼ਾਲਸਾ ਹੈ। ਅਜਿਹੇ ਖ਼ਾਲਸੇ ਵਿੱਚ, ਪਰਮਾਤਮਾ ਵਿੱਚ ਤੇ ਮੇਰੇ ਵਿੱਚ ਰੰਚਕ ਮਾਤਰ ਵੀ ਭੇਦ ਨਹੀਂ ਹੈ।

ਪ੍ਰਸੰਨਤਾ ਪ੍ਰਾਪਤ ਨਹੀਂ ਹੋ ਸਕਦੀ। ਗੁਰੂ ਪ੍ਰਸੰਨਤਾ ਤੋਂ ਬਿਨਾਂ ਗੁਰੂ ਅਤੇ ਪਰਮੇਸ਼ਰ ਵਿੱਚ ਸਮਾਈ ਕਦਾਚਿਤ ਪ੍ਰਾਪਤ ਨਹੀਂ ਹੋ ਸਕਦੀ। ਇਸ ਲਈ ਦੋਵੇਂ ਰਹਿਤਾਂ ਜ਼ਰੂਰੀ ਹਨ: ਅੰਦਰਲੀ ਰਹਿਤ ਹੈ, ਸੱਤਾਂ ਬਾਣੀਆਂ ਦਾ ਨਿੱਤਨੇਮ, ਗੁਰਮੰਤ੍ਰ, ਮੂਲਮੰਤ੍ਰ ਦਾ ਜਾਪ, [1]ਚਾਰ ਬੱਜਰ ਕੁਰਹਿਤਾਂ ਤੋਂ ਬਚਣਾ ਤੇ ਗੁਰੂ ਰਾਮਦਾਸ ਜੀ ਦੇ ਫੁਰਮਾਨ ਅਨੁਸਾਰ:-[2]**ਗੁਰਸਿਖ ਮੀਤ ਚਲਹੁ ਗੁਰ ਚਾਲੀ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥੧॥ਰਹਾਉ॥** ਦੇ ਧਾਰਨੀ ਬਣਨਾ। ਬਾਹਰਲੀ ਰਹਿਤ ਹੈ, ਪੰਜਾਂ ਪਿਆਰਿਆਂ ਪਾਸੋਂ ਖੰਡੇ ਬਾਟੇ ਦੀ ਪਾਹੁਲ ਲੈ ਕੇ ਪੰਜ ਕਕਾਰਾਂ ਦੇ ਧਾਰਨੀ ਹੋਣਾ। ਬਾਹਰਲੀ ਰਹਿਤ ਪ੍ਰਤੀ "ਰਹਿਤਨਾਮਾ ਭਾਈ ਦੇਸਾ ਸਿੰਘ ਜੀ" ਵਿੱਚ ਦਰਜ ਹੈ:

**ਰਹਿਤ ਬਿਨਾ ਨਹਿ ਸਿਖ ਕਹਾਵੈ॥ ਰਹਿਤ ਬਿਨਾ ਦਰ ਚੋਟਾਂ ਖਾਵੈ॥**
**ਰਹਿਤ ਬਿਨਾ ਸੁਖ ਕਬਹੂ ਨ ਲਹੈ॥ ਤਾ ਤੇ ਰਹਿਤ ਸੁ ਦ੍ਰਿੜ ਕਰ ਗਹੈ॥**

ਬਾਹਰਲੀ ਰਹਿਤ, ਖੰਡੇ-ਬਾਟੇ ਦੇ ਅੰਮ੍ਰਿਤ ਨਾਲ ਜੁੜੀ ਹੈ ਅਤੇ ਅੰਦਰਲੀ ਰਹਿਤ, ਨਾਮ ਦੇ ਅੰਮ੍ਰਿਤ ਨਾਲ ਜੁੜੀ ਹੋਈ ਹੈ। ਨਾਮ ਦੇ ਅੰਮ੍ਰਿਤ ਦੀ ਰਖਵਾਲੀ ਲਈ ਚਾਰ ਬਜਰ ਕੁਰਹਿਤਾਂ ਤੋਂ ਬਚਣਾ ਹੈ। ਇਹ ਦੋਵੇਂ ਰਹਿਤਾਂ ਸਤਿਗੁਰੂ ਜੀ ਦੀ ਤੇ ਅਕਾਲ ਪੁਰਖ ਜੀ ਦੀ ਦਾਤ ਹਨ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:-

[3]**ਰਹਿਤ ਰਹਿਤ ਰਹਿ ਜਾਇ ਬਿਕਾਰਾ॥ ਗੁਰ ਪੂਰੇ ਕੈ ਸਬਦਿ ਅਪਾਰਾ॥**

ਗੁਰੂ ਦਰਸਾਈ ਰਹਿਤ ਵਿੱਚ ਤੇ ਗੁਰੂ ਸ਼ਬਦ ਦੀ ਅਗਵਾਈ ਵਿੱਚ ਚੱਲਣ ਨਾਲ ਵਿਕਾਰ ਮਨੁੱਖ ਦਾ ਪਿੱਛਾ ਛੱਡ ਜਾਂਦੇ ਹਨ।

## ਬਿਬੇਕ ਦਾਨ

ਬਿਬੇਕ ਬੁੱਧੀ ਹੈ, ਚੰਗੇ-ਮਾੜੇ ਦਾ ਨਿਰਣਾ ਕਰਨ ਵਾਲੀ ਸੂਝ,

---

੧. [1]ਕੇਸਾਂ ਦੀ ਬਿਅਦਬੀ, [2]ਪਰ-ਇਸਤ੍ਰੀ ਦਾ ਭੋਗ, [3]ਤੰਬਾਕੂ ਦੀ ਵਰਤੋ (ਕਿਸੇ ਵੀ ਪ੍ਰਕਾਰ ਦਾ ਨਸ਼ਾ) [4]ਕੁੱਠਾ (ਮਾਸ ਦੀ ਵਰਤੋ) ਇਨ੍ਹਾਂ ਵਿੱਚੋਂ ਇੱਕ ਕੁਕਰਮ ਵੀ ਹੋ ਜਾਵੇ ਸਿੱਖ, ਸਿੱਖੀ ਤੋਂ ਖਾਰਜ ਗਿਣਿਆ ਜਾਂਦਾ ਹੈ। ੨. ਮ:੪, ਪੰਨਾ ੬੬੭
੩. ਗਉੜੀ ਬਾਵਨ ਅੱਖਰੀ ਮ:੫, ਪੰਨਾ ੨੫੯ ।

ਨਿਰਮਲ ਗਿਆਨ ਵਾਲੀ ਬੁੱਧੀ, ਸੱਤ-ਅਸੱਤ ਦਾ ਨਿਰਣਾ ਕਰਨ ਵਾਲੀ ਬੁੱਧੀ ਅਥਵਾ ਸਮਝ। ਬਿਬੇਕ ਬੁੱਧੀ ਦਾ ਮਾਲਿਕ ਹੀ ਸਿੱਖੀ ਦੇ ਪੂਰਨਿਆਂ ਉੱਪਰ ਚੱਲ ਸਕਦਾ ਹੈ। ਤਦ ਹੀ ਗੁਰਬਾਣੀ ਅੰਦਰ ਸਤਿਗੁਰੂ ਅਰਜਨ ਦੇਵ ਜੀ ਨੇ ਸਾਨੂੰ ਪਰਮਾਤਮਾ ਪਾਸੋਂ ਬਿਬੇਕ ਬੁੱਧੀ ਦੀ ਮੰਗ ਕਰਨ ਲਈ ਪ੍ਰੇਰਣਾ ਦਿੱਤੀ ਹੈ। ਕਿਵੇਂ ਪ੍ਰਭੂ ਪਾਸੋਂ ਬਿਬੇਕ ਬੁੱਧੀ ਮੰਗਣੀ ਹੈ?

**[1]ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥**

ਹਰ ਸਮੇਂ ਹਰ ਥਾਂ ਗੁਰਸਿੱਖ ਨੇ ਸਤਿਗੁਰੂ ਜੀ ਤੇ ਪਰਮਾਤਮਾ ਪਾਸੋਂ ਬਿਬੇਕ ਬੁੱਧੀ ਦਾ ਦਾਨ ਮੰਗਣਾ ਹੈ।

## ਵਿਸਾਹ ਦਾਨ

ਵਾਹਿਗੁਰੂ ਉੱਪਰ ਪੂਰਨ ਵਿਸ਼ਵਾਸ਼; ਉਸ ਦੀ ਹੋਂਦ ਪ੍ਰਤੀ ਵੀ ਪੂਰਨ ਵਿਸ਼ਵਾਸ਼ ਅਤੇ ਅਰਾਧਨਾ ਉਪਰੰਤ ਬਹੁੜੀ ਲਈ ਵੀ ਪੂਰਨ ਵਿਸ਼ਵਾਸ਼। ਇਸੇ ਪ੍ਰਕਾਰ ਗੁਰੂ ਅਤੇ ਗੁਰ-ਸ਼ਬਦ ਪ੍ਰਤੀ ਪੂਰਨ ਵਿਸਾਹ ਭਾਵ ਪੂਰਨ ਵਿਸ਼ਵਾਸ਼। ਇਹ ਵਿਸਾਹ ਅਥਵਾ ਭਰੋਸਾ, ਗਿਆਨ ਨਾਲ ਜਾਂ ਜ਼ੋਰ ਨਾਲ ਪ੍ਰਾਪਤ ਨਹੀਂ ਹੁੰਦਾ। ਇਹ ਪਰਮਾਤਮਾ ਦੀ ਦਾਤ ਹੈ। ਵਿਸਾਹ (ਭਰੋਸਾ) ਉਸ ਉੱਪਰ ਹੀ ਕੀਤਾ ਜਾ ਸਕਦਾ ਹੈ ਜੋ ਅੰਦਰੋਂ ਬਾਹਰੋਂ ਇੱਕ ਹੈ। ਵਿਸਾਹ ਵਾਲਾ ਕਪਟ-ਹੀਣ, ਛੱਲ-ਹੀਣ ਹੁੰਦਾ ਹੈ। ਉਹ ਦੁਬਿਧਾ, ਸੰਸਾ, ਭਰਮ ਅਤੇ ਭੈ ਰਹਿਤ ਹੁੰਦਾ ਹੈ। ਇਹ ਸਭ ਦਾਤਾਂ ਪਰਮਾਤਮਾ ਦੀਆਂ ਹਨ। ਜਿਸ ਨੂੰ ਗੁਰਸਿੱਖ ਅਰਦਾਸ ਵਿੱਚ ਪਰਮਾਤਮਾ ਅਤੇ ਗੁਰੂ ਪਾਸੋਂ ਦਾਨ ਵਜੋਂ ਮੰਗਦਾ ਹੈ। ਕਿ ਦਾਤਾ! ਆਪ ਹੀ ਕ੍ਰਿਪਾ ਕਰੋ, ਵਿਸਾਹ ਦਾਨ ਦੇਵੋ ਜੀ ਤਾਂ ਜੋ ਜੇ ਕੋਈ ਗੁਰੂ ਕਾ ਸਿੱਖ ਜਾਣ ਕੇ ਗੁਰੂ ਦੇ ਸਿੱਖ ਦੇ ਕਹੇ ਬਚਨਾਂ ਉੱਪਰ ਭਰੋਸਾ ਕਰੇ, ਤਾਂ ਸਿੱਖ ਕਦੇ ਵੀ ਉਨ੍ਹਾਂ ਬਚਨਾਂ ਦਾ ਵਿਸਾਹ-ਘਾਤ ਨਾ ਕਰੇ।

## ਭਰੋਸਾ ਦਾਨ

ਸੰਸਾਰ ਦਾ ਹਰ ਭਰੋਸਾ ਕੂੜਾ ਭਰੋਸਾ ਹੈ ਕਿਉਂਕਿ ਸੰਸਾਰ ਬਿਨਸਣਹਾਰ ਹੈ। ਸੱਚਾ ਭਰੋਸਾ ਤਾਂ ਇੱਕ ਅਕਾਲ ਪੁਰਖ ਦਾ ਹੈ ਜੋ ਕਦੇ ਬਿਨਸਦਾ ਨਹੀਂ। ਗੁਰਮਤਿ ਅਨੁਸਾਰ, ਗੁਰਸਿੱਖ ਨੇ ਵਸੀਲਿਆਂ

੧. ਮ:੫, ਪੰਨਾ ੬੪੧

ਅਤੇ ਵਸਤੂਆਂ ਦੀ ਵਰਤੋ ਅਵੱਸ਼ ਕਰਨੀ ਹੈ ਪਰ ਭਰੋਸਾ ਵਸੀਲਿਆਂ ਜਾਂ ਵਸਤੂਆਂ ਤੇ ਨਹੀਂ ਕਰਨਾ। ਭਰੋਸਾ ਹਮੇਸ਼ਾ ਉਸ ਅਕਾਲ ਪੁਰਖ ਉੱਪਰ ਰੱਖਣਾ ਹੈ ਜੋ ਵਸੀਲੇ ਅਤੇ ਵਸਤੂਆਂ ਦੇ ਰਾਹੀਂ ਸਫਲਤਾ ਦੇਣ ਵਾਲਾ ਹੈ। ਜੇ ਪਰਮਾਤਮਾ, ਵਸੀਲਿਆਂ (ਸਾਧਨਾਂ) ਤੇ ਵਸਤੂਆਂ ਵਿੱਚ ਨਾ ਵਿਚਰੇ ਤਦ ਬਾਬਾ ਕਬੀਰ ਜੀ ਦੇ ਕਥਨ ਅਨੁਸਾਰ ਮਨੁੱਖ ਕਦੇ ਵੀ ਜ਼ਿੰਦਗੀ ਵਿੱਚ ਸਫਲਤਾ ਪ੍ਰਾਪਤ ਨਹੀਂ ਕਰ ਸਕਦਾ। ਆਪ ਜੀ ਦਾ ਬੜਾ ਪਿਆਰਾ ਬਚਨ ਸਲੋਕਾਂ ਦੀ ਬਾਣੀ ਅੰਦਰ ਦਰਜ਼ ਹੈ:-

**[1]ਕਬੀਰ [2]ਕਾਰਨੁ [3]ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ॥**
**ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ॥੯੭॥**

ਮਨੁੱਖ ਖੁਦ ਆਪ, ਭਰੋਸੇ ਦਾ ਧਾਰਨੀ ਨਹੀਂ ਬਣ ਸਕਦਾ, ਇਸ ਲਈ ਗੁਰਸਿੱਖ ਨੇ ਅਰਦਾਸ ਰਾਹੀਂ ਭਰੋਸੇ ਦਾ ਦਾਨ ਮੰਗਣਾ ਹੈ। ਜਿਸ ਨੂੰ ਪਰਮਾਤਮਾ, ਭਰੋਸੇ ਦਾ ਦਾਨ ਦੇ ਦਿੰਦਾ ਹੈ ਉਹ ਸੰਸਾਰ ਲਈ ਵੀ ਭਰੋਸੇਯੋਗ ਬਣ ਜਾਂਦਾ ਹੈ। ਜਿਸ ਦਾ ਆਪਣੇ ਮੂਲ ਪਰਮਾਤਮਾ ਉੱਪਰ ਹੀ ਭਰੋਸਾ ਨਹੀਂ ਉਹ ਕਿਸੇ ਦੇ ਵੀ ਭਰੋਸੇ ਲਾਇਕ ਨਹੀਂ ਬਣ ਸਕਦਾ।

## ਦਾਨਾ ਸਿਰ ਦਾਨ, ਨਾਮ ਦਾਨ

ਨਾਮ ਪ੍ਰਤੀ ਕੁਝ ਕਹਿਣਾ ਜਾਂ ਲਿਖਣਾ ਅਸੰਭਵ ਹੈ, ਨਾਮ ਨੂੰ ਕੇਵਲ ਜਪਿਆ ਹੀ ਜਾ ਸਕਦਾ ਹੈ। ਨਾਮ ਦੇ ਰਸ-ਰੰਗ ਨੂੰ ਕੇਵਲ ਮਾਣਿਆ ਜਾ ਸਕਦਾ ਹੈ, ਦੱਸਿਆ ਨਹੀਂ ਜਾ ਸਕਦਾ। ਗੁਰੂ ਘਰ ਵਿੱਚ ਸਭ ਤੋਂ ਸਿਰਮੌਰ ਕੇਵਲ ਇੱਕੋ ਦਾਤ ਹੈ "**ਨਾਮ**"। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:-

**[4]ਨਾਨਕ ਕੈ ਘਰਿ ਕੇਵਲ ਨਾਮੁ॥੪॥**

ਸਤਿਗੁਰੂ ਨਾਨਕ ਦੇਵ ਜੀ ਦਾ ਗੁਰਬਾਣੀ ਅੰਦਰ ਫੈਸਲਾ ਹੈ:-

**[5]ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ ॥**
**ਨਾਨਕਾ ਜਿਨ ਨਾਮੁ ਮਿਲਿਆ ਕਰਮੁ ਹੋਆ ਧੁਰਿ ਕਦੇ॥**

੧. ਕਬੀਰ ਜੀ, ਪੰਨਾ ੧੩੬੯। ੨. ਸਬੱਬ-ਵਸੀਲਾ। ੩. ਵਿਚਾਰਾ (ਕਮਜ਼ੋਰ)
੪. ਮ:੫, ਪੰਨਾ ੧੧੩੬,। ੫. ਮ:੧, ਪੰਨਾ ੫੬੬

ਨਾਮ ਪਰਮਾਤਮਾ ਵੱਲੋਂ ਸਭ ਤੋਂ ਉੱਤਮ ਦਾਨ ਹੈ। ਜਿਸ ਉੱਪਰ ਪਰਮਾਤਮਾ ਧੁਰੋਂ ਤ੍ਰੁੱਠ ਕੇ "ਨਾਮ" ਬਖਸ਼ਦਾ ਹੈ। ਉਨ੍ਹਾਂ ਨੂੰ ਹੀ "ਨਾਮ" ਪ੍ਰਾਪਤ ਹੁੰਦਾ ਹੈ। ਸਤਿਗੁਰੂ ਅਮਰਦਾਸ ਜੀ ਦਾ "ਅਨੰਦ" ਬਾਣੀ ਅੰਦਰ ਫੁਰਮਾਨ ਹੈ ਕਿ:-

**[1]ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ॥**
**ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ॥**

ਮਨੁੱਖ ਦਾ ਸੰਸਾਰ ਅੰਦਰ ਆਉਣ ਦਾ ਮੰਤਵ ਵੀ ਨਾਮ ਜਪਣਾ ਹੈ। ਮਨੁੱਖ ਦੀ ਆਖਰੀ ਮੰਜ਼ਿਲ ਵੀ ਨਾਮ ਵਿੱਚ ਸਮਾਈ ਹੀ ਹੈ। ਇੰਞ ਕਹਿ ਲਵੋ ਜਿਸ ਨੂੰ "ਨਾਮ ਦਾਨ" ਮਿਲ ਗਿਆ ਉਸ ਨੂੰ ਸਭ ਕੁਝ ਹੀ ਮਿਲ ਗਿਆ। ਸਤਿਗੁਰੂ ਅਰਜਨ ਦੇਵ ਜੀ ਦਾ ਭੈਰਉ ਰਾਗ ਅੰਦਰ ਫੁਰਮਾਨ ਹੈ:-

**ਜਿਸੁ ਨਾਮੁ ਰਿਦੈ ਸੋਈ ਵਡ ਰਾਜਾ[2]॥**
**ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ[3]॥**
**ਜਿਸੁ ਨਾਮੁ ਰਿਦੈ ਤਿਨਿ [4]ਕੋਟਿ ਧਨ ਪਾਏ ॥**
**ਨਾਮ ਬਿਨਾ ਜਨਮੁ ਬਿਰਥਾ ਜਾਏ ॥੧॥**
**ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ[5]॥**
**ਸੋ ਵਡਭਾਗੀ ਜਿਸੁ ਗੁਰ ਮਸਤਕਿ ਹਾਥੁ ॥੧॥ ਰਹਾਉ ॥**
**ਜਿਸੁ ਨਾਮੁ ਰਿਦੈ ਤਿਸੁ [6]ਕੋਟ ਕਈ ਸੈਨਾ ॥**
**ਜਿਸੁ ਨਾਮੁ ਰਿਦੈ ਤਿਸੁ [7]ਸਹਜ ਸੁਖੈਨਾ॥**
**ਜਿਸੁ ਨਾਮੁ ਰਿਦੈ ਸੋ ਸੀਤਲੁ ਹੂਆ ॥**
**ਨਾਮ ਬਿਨਾ ਧ੍ਰਿਗੁ ਜੀਵਣੁ ਮੂਆ॥੨॥**
**ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥**
**ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ ॥**
**ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ ਪਾਈ ॥**
**ਨਾਮ ਬਿਨਾ ਭ੍ਰਮਿ ਆਵੈ ਜਾਈ ॥੩॥**
**ਜਿਸੁ ਨਾਮੁ ਰਿਦੈ ਸੋ ਵੇਪਰਵਾਹਾ ॥**
**ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ ॥**
**ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ ॥**
**ਨਾਮ ਬਿਨਾ ਮਨਮੁਖ ਗਾਵਾਰਾ ॥੪॥**

---

੧. ਮ:੩ ਅਨੰਦ, ਪੰਨਾ ੯੧੭ ੨. ਰਾਜਿਆਂ ਦਾ ਰਾਜਾ ੩. ਸਾਰੇ ਕਾਰਜ ਸੰਪੂਰਨ ਹੋ ਜਾਂਦੇ ਹਨ। ੪. ਕ੍ਰੋੜਾਂ ਕਿਸਮ ਦਾ ਧਨ ੫. ਪੂੰਜੀ ੬. ਕ੍ਰੋੜਾਂ ਕਿਲੇ ਤੇ ਸੈਨਾ ੭. ਸਹਜ ਸੁੱਖ

**ਜਿਸੁ ਨਾਮੁ ਰਿਦੈ ਤਿਸੁ ਨਿਹਚਲ ਆਸਨੁ ॥**
**ਜਿਸੁ ਨਾਮੁ ਰਿਦੈ ਤਿਸੁ [1]ਤਖਤਿ ਨਿਵਾਸਨੁ ॥**
**ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ[2] ॥**
**ਨਾਮਹੀਣ ਨਾਹੀ [3]ਪਤਿ ਵੇਸਾਹੁ ॥੫॥**
**ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ ॥**
**ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ ॥**
**ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ ॥**
**ਨਾਮ ਬਿਨਾ ਭ੍ਰਮਿ ਜੋਨੀ ਮੂਚਾ ॥੬॥**
**ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ ॥**
**ਜਿਸੁ ਨਾਮੁ ਰਿਦੈ ਤਿਸੁ ਮਿਟਿਆ ਅੰਧਾਰਾ ॥**
**ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥**
**ਨਾਮ ਬਿਨਾ ਫਿਰਿ ਆਵਣ ਜਾਣੁ ॥੭॥**
**ਤਿਨਿ ਨਾਮੁ ਪਾਇਆ ਜਿਸੁ ਭਇਓ ਕ੍ਰਿਪਾਲ ॥**
**ਸਾਧਸੰਗਤਿ ਮਹਿ ਲਖੇ ਗੋੁਪਾਲ ॥**
**ਆਵਣ ਜਾਣ ਰਹੇ ਸੁਖੁ ਪਾਇਆ ॥**
**ਕਹੁ ਨਾਨਕ ਤਤੈ ਤਤੁ ਮਿਲਾਇਆ ॥੮॥੧॥੪॥**

(ਮ:੫, ਪੰਨਾ ੧੧੫੬)

ਇਸ ਲਈ ਹਰ ਗੁਰਸਿੱਖ ਨੇ ਨਾਮ ਦੇ ਦਾਨ ਲਈ ਦਾਤਾਰ ਅੱਗੇ ਅਰਦਾਸ ਕਰਨੀ ਹੈ ਕਿ:-

**ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ॥**
**ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥** (ਮ:੫, ਪੰਨਾ ੭੬੨)
**ਕਰਤਾ ਤੂ ਮੇਰਾ ਜਜਮਾਨੁ[4]॥**
**ਇਕ [5]ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ॥੧॥ਰਹਾਉ॥**

ਮ:੧, ਪੰਨਾ ੧੩੨੯

ਨਾਮ ਜ਼ੋਰ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਨਾਮ ਤਾਂ:-

**ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥** (ਮ:੫, ਪੰਨਾ ੧੩੬)

---

੧. ਤਖਤ ਦੀ ਪ੍ਰਾਪਤੀ ਹੁੰਦੀ ਹੈ ੨. ਧਨਵਾਨ ੩. ਨਾ ਉਸ ਦੀ ਪਤ ਤੇ ਨਾ ਹੀ ਇਤਬਾਰ ੪. ਦਾਤਾ ੫. ਖੈਰਾਤ-ਦਾਨ

ਪ੍ਰਭੂ ਦੀ ਦਇਆ ਪ੍ਰਾਪਤੀ ਚੋਂ ਹੀ ਦਾਨਾਂ ਸਿਰ ਦਾਨ "ਨਾਮ ਦਾਨ" ਦੀ ਯਾਚਨਾ ਹਰ ਗੁਰਸਿੱਖ ਨੇ "ਅਰਦਾਸ" ਰਾਹੀਂ ਕਰਨੀ ਹੈ।

## ਸ੍ਰੀ ਅੰਮ੍ਰਿਤਸਰ ਜੀ ਦੇ; ਦਰਸ਼ਨ

ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਉਚਾਰਦਿਆਂ ਤੇ ਸੁਣਦਿਆਂ, ਹਰ ਗੁਰਸਿੱਖ ਦੇ ਸਨਮੁੱਖ ਸਿੱਖਾਂ ਦਾ ਕੇਂਦਰੀ ਅਸਥਾਨ, ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅੰਮ੍ਰਿਤ ਸਰੋਵਰ ਸਾਮਰਤੱਖ ਮੂਰਤੀਮਾਨ ਹੋ ਜਾਂਦਾ ਹੈ। ਗੁਰਸਿੱਖਾਂ ਦਾ ਇਸ ਅਸਥਾਨ ਨਾਲ ਨੌਂਹ-ਮਾਸ ਦਾ ਰਿਸ਼ਤਾ ਹੈ।ਅੰਮ੍ਰਿਤ ਸਰੋਵਰ ਅਤੇ ਹਰਿਮੰਦਰ ਸਾਹਿਬ ਗੁਰਸਿੱਖ ਦੇ ਜੀਵਨ ਦਾਤੇ ਹਨ। ਇੱਥੇ ਭਗਤੀ ਤੇ ਸ਼ਕਤੀ ਦਾ ਅਨੋਖਾ ਸੁਮੇਲ ਵਰਤਦਾ ਹੈ। ਸੰਸਾਰ ਵਿੱਚ ਮੰਦਰ ਤਾਂ ਅਣ-ਗਿਣਤ ਹਨ ਪਰ ਉਹ ਸਾਰੇ ਮੰਦਰ, ਦੇਵੀ-ਦੇਵਤਿਆਂ ਅਤੇ ਅਵਤਾਰਾਂ ਦੇ ਮੰਦਰ ਹਨ। ਹਰੀ ਦਾ, ਪਰਮਾਤਮਾ ਦਾ ਮੰਦਰ ਕਿਤੇ ਵੀ ਸੰਸਾਰ ਵਿੱਚ ਨਹੀਂ ਹੈ; ਜੇ ਹੈ ਤਾਂ ਕੇਵਲ ਤੇ ਕੇਵਲ ਸ੍ਰੀ ਅੰਮ੍ਰਿਤਸਰ ਸਾਹਿਬ ਅੰਦਰ ਸ੍ਰੀ ਹਰਿਮੰਦਰ ਸਾਹਿਬ ਦੇ ਰੂਪ ਵਿੱਚ ਹੀ ਹੈ।

ਇੱਕ ਵਾਰੀ ਹਰੀ ਦਾਸ ਜੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਆਏ ਜੋ ਉਨ੍ਹਾਂ ਨੇ ਅਨੁਭਵ ਕੀਤਾ ਉਸ ਨੂੰ ਉਨ੍ਹਾਂ ਇੱਕ ਦੋਹਰੇ ਵਿੱਚ ਕਲਮ ਬੰਦ ਕਰ ਦਿੱਤਾ। ਆਪ ਲਿਖਦੇ ਹਨ ਕਿ ਮੈਂ ਆਪਣੀ ਸੁਰਤ ਦੀ ਤੱਕੜੀ ਦੇ ਇੱਕ ਛਾਬੇ ਵਿੱਚ ਬੈਕੁੰਠ ਨੂੰ ਰੱਖਿਆ, ਦੂਸਰੇ ਛਾਬੇ ਵਿੱਚ ਸ੍ਰੀ ਹਰਿਮੰਦਰ ਸਾਹਿਬ ਨੂੰ ਰੱਖਿਆ, ਜਦੋਂ ਮੈਂ ਜੋਖਿਆ, ਹਰਿਮੰਦਰ ਸਾਹਿਬ ਬੈਕੁੰਠ ਨਾਲੋਂ ਬਹੁਤ ਮਹਾਨ (ਭਾਰਾ) ਸੀ। ਉਹ ਧਰਤੀ ਉੱਤੇ ਰਹਿ ਗਿਆ, ਬੈਕੁੰਠ ਹੌਲਾ ਸੀ ਉਹ ਅਕਾਸ਼ ਵਿੱਚ ਚੜ੍ਹ ਗਿਆ।

**ਹਰਿਮੰਦਰ ਅਰ ਬੈਕੁੰਠ ਕੋ ਤੋਲ ਲੀਓ ਹਰੀਦਾਸ ॥**
**ਭਾਰੋ ਹੁਤੋ ਸੁ ਗਿਰ ਪਰਿਉ ਹਉਰੋ ਚਰਿਯੋ ਅਕਾਸ ॥**

ਜਿਵੇਂ "ਹਰੀ" ਸਾਰਿਆਂ ਦਾ ਸਾਂਝਾ ਹੈ ਤਿਵੇਂ "ਹਰਿਮੰਦਰ" ਵੀ ਸਭ ਲੁਕਾਈ ਦਾ ਸਾਂਝਾ ਹੈ। ਹਰਿਮੰਦਰ ਦੇ ਚਾਰ ਦਰਵਾਜੇ, ਉਹ ਵੀ ਸਤਿਗੁਰਾਂ ਨੇ ਚੌਹਾਂ ਦਿਸ਼ਾਵਾਂ ਨੂੰ ਤੋੜ[੧] ਕੇ ਰੱਖੇ ਤਾਂ ਜੋ ਦਿਸ਼ਾਵਾਂ ਦਾ

੧. ਸ੍ਰੀ ਹਰਿਮੰਦਰ ਸਾਹਿਬ ਦੇ ਚਾਰੇ ਦਰਵਾਜੇ, ਉੱਤਰ-ਦੱਖਣ-ਪੂਰਬ-ਪੱਛਮ ਦਿਸ਼ਾਵਾਂ ਵੱਲ ਨਹੀਂ ਬਲਕਿ ਦੋਂਹ-ਦੋਂਹ ਦਿਸ਼ਾਂਵਾਂ ਦੇ ਵਿਚਕਾਰ (ਤੋੜ ਕੇ) ਭਾਵ ਉੱਤਰ-ਪੂਰਬ, ਦੱਖਣ-ਪੂਰਬ, ਉੱਤਰ-ਪੱਛਮ, ਪੂਰਬ-ਪੱਛਮ ਦਿਸ਼ਾਂਵਾਂ ਵਿੱਚ ਹਨ

ਝਗੜਾ ਵੀ ਹਰੀ ਪ੍ਰਾਪਤੀ ਲਈ ਬਾਧਾ ਨਾ ਬਣੇ। ਹਰਿਮੰਦਰ ਅੰਦਰ ਚੌਵੀ ਘੰਟੇ ਦਿਨ ਰਾਤ ਹਰੀ ਦੀ ਸਿਫਤ ਸਲਾਹ, ਹਰੀ ਦਾ ਕੀਰਤਨ, ਹਰੀ ਦਾ ਸਿਮਰਨ ਹੀ ਹੁੰਦਾ ਹੈ ਹੋਰ ਕੋਈ ਗੱਲ ਨਹੀਂ। ਇਸ ਅਸਥਾਨ ਤੇ ਟੁੱਟੀ ਹੋਈ ਸੁਰਤ ਵਾਲਾ ਵੀ ਆ ਜਾਵੇ, ਉਸ ਦੀ ਸੁਰਤ ਵੀ ਹਰੀ ਨਾਲ ਜੁੜ ਜਾਂਦੀ ਹੈ। ਭਾਈ ਵੀਰ ਸਿੰਘ ਜੀ "ਬਿਜਲੀਆਂ ਦੇ ਹਾਰ" ਅੰਦਰ ਹਰਿਮੰਦਰ ਸਾਹਿਬ ਦੀ ਮਹਾਨਤਾ ਦਰਸਾਉਂਦੇ ਲਿਖਦੇ ਹਨ :-

**ਮਣੀ ਗੁਆਚਿਆਂ ਸੱਪ ਜਿਉਂ ਦੁੱਖ ਪਾਂਵਦਾ,**
**ਪੁੱਤ ਗੁਆਚਿਆਂ ਮਾਂ ਜਗ ਨਹੀਂ ਭਾਂਵਦਾ,**
**ਹਰਿ ਰਸ ਦੀ ਜਦ ਟੋਟ ਪਵੇ ਫਕੀਰ ਨੂੰ**
**ਪਰਲੋ ਮਚੇ ਚੁਫੇਰ ਤਿਉਂ ਘਬਰਾਂਵਦਾ।**
**ਟੁੱਟੀ ਡੋਰ ਜਿ ਦੁਆਰ ਤੇਰੇ ਆਂਵਦਾ,**
**ਲਹਿਰ ਫਿਰੇ ਇੱਕ ਵਾਰ ਰੌਂ ਮੁੜ ਧਾਂਵਦਾ,**
**ਕੀਹ ਅਗੰਮੀ ਖੇਡ ਏਥੇ ਲਹਿਰਦੀ?**
**ਅਰਸ਼ ਉਤਰਿਆ ਆਨ ਰਸੀਆਂ ਰਸਾਂਵਦਾ।**

## ਇਸ਼ਨਾਨ

ਅੰਮ੍ਰਿਤ ਸਰੋਵਰ ਉਹ ਪ੍ਰਮੇਸ਼ਰੀ ਸ਼ਕਤੀ ਦਾ ਸੋਮਾ ਹੈ, ਜਿੱਥੇ ਕਾਲੇ ਕਾਂ ਵੀ ਡੁਬਕੀ ਲਾ ਕੇ ਹੰਸ ਬਣਦੇ ਰਹੇ ਤੇ ਉਹੀ ਕਲਾ ਹੁਣ ਵਰਤਦੀ ਹੈ। ਸਿੱਖਾਂ ਅੰਦਰ ਭਰੋਸਾ ਹੈ, ਭਾਵੇਂ ਮਨ ਦੀ ਢਹਿੰਦੀ ਕਲਾ ਹੋਵੇ ਜਾਂ ਸਰੀਰ ਰੋਗ ਗ੍ਰਸਤ ਹੋਵੇ, ਸਿੱਖ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰ, ਹਰਿਮੰਦਰ ਸਾਹਿਬ ਜੀ ਵਿੱਚ ਕੀਰਤਨ ਦੀ ਹਾਜ਼ਰੀ ਭਾਵਨੀ ਨਾਲ ਭਰੇ। ਇਸ ਅਸਥਾਨ ਤੇ ਨਾਮ ਦੀ ਇਲਾਹੀ ਰੌਂ ਵਰਤਦੀ ਹੈ ਜੋ ਤਨ ਤੇ ਮਨ ਨੂੰ ਅਰੋਗ ਕਰ ਦਿੰਦੀ ਹੈ। ਇਸੇ ਗੈਬੀ ਸ਼ਕਤੀ ਨੂੰ ਬੰਦ ਕਰਨ ਲਈ ਸਮੇਂ-ਸਮੇਂ ਔਰੰਗਜ਼ੇਬ, ਫ਼ਰਖ਼ਸਈਅਰ, ਜ਼ਕਰੀਆ ਖਾਨ, ਮੀਰ ਮੰਨੂ, ਅਹਿਮਦਸ਼ਾਹ ਅਬਦਾਲੀ, ਨਾਦਰ ਸ਼ਾਹ ਤੇ ਹੋਰ ਅਨੇਕਾਂ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਤਬਾਹ ਕੀਤਾ ਤੇ ਅੰਮ੍ਰਿਤਸਰ ਸਰੋਵਰ ਨੂੰ ਪੂਰ ਦੇਣ ਦੇ ਪੂਰੇ ਪੂਰੇ ਯਤਨ ਕੀਤੇ ਪਰ ਖ਼ਾਲਸਾ ਪੰਥ ਨੇ ਇੱਕ ਸਮਾਗਮ,

ਹਰਿਮੰਦਰ ਦੇ ਖੰਡਰ ਤੇ ਮਨਾਇਆ ਅਗਲੇ ਸਾਲ ਉਸ ਤੋਂ ਵੀ ਵੱਧ ਆਲੀਸ਼ਾਨ ਹਰਿਮੰਦਰ ਬਣਾ ਕੇ ਉਸ ਵਿੱਚ ਮਨਾਇਆ। ਹਰਿਮੰਦਰ ਤੇ ਅੰਮ੍ਰਿਤਸਰ ਸਰੋਵਰ ਸਿੱਖਾਂ ਦੀ ਜਿੰਦ-ਜਾਨ ਨਾਲ ਜੁੜੇ ਹੋਏ ਹਨ। ਜਦ ਤੱਕ ਸਿੱਖ ਕੌਮ ਸਹੀ ਸਲਾਮਤ ਹੈ, ਹਰਿਮੰਦਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਰਹਿੰਦੀ ਦੁਨੀਆਂ ਤੱਕ ਸਿੱਖਾਂ ਨੂੰ ਤਨ ਤੇ ਮਨ ਦੀ ਚੜ੍ਹਦੀ ਕਲਾ ਪ੍ਰਦਾਨ ਕਰਦੇ ਰਹਿਣਗੇ।

## ਚੌਂਕੀਆਂ, ਝੰਡੇ, ਬੁੰਗੇ ਜੁੱਗੋ ਜੁੱਗ ਅਟੱਲ

**ਚੌਂਕੀਆਂ:**

ਚੌਂਕੀ ਦਾ ਅਰਥ ਹੈ ਸਾਵਧਾਨਤਾ ਨਾਲ ਪਹਿਰਾ ਦੇਣਾ। ਸਿੱਖ ਤੇ ਆਕ੍ਰਮਣ[1] ਅੰਦਰੋਂ ਵੀ ਹੁੰਦਾ ਹੈ ਤੇ ਬਾਹਰੋਂ ਵੀ। ਅੰਦਰਲੇ ਆਕ੍ਰਮਣ ਤੋਂ ਬਚਣ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਜੀ ਵਿਖੇ ਹੇਠ ਲਿਖੇ ਅਨੁਸਾਰ ਪੰਜ ਚੌਂਕੀਆਂ ਕੀਰਤਨ ਦੀਆਂ ਪਰਚੱਲਤ ਕੀਤੀਆਂ:

੧. ਆਸਾ ਦੀ ਵਾਰ ਦੀ ਚੌਂਕੀ (ਅੰਮ੍ਰਿਤ ਵੇਲੇ)
੨. ਬਿਲਾਵਲ ਦੀ ਚੌਂਕੀ (ਸੂਰਜ ਚੜ੍ਹਦੇ ਸਾਰ ਗਾਇਨ ਕੀਤੀ ਜਾਂਦੀ ਹੈ)
੩. ਚਰਨ ਕੰਵਲ ਦੀ ਚੌਂਕੀ (ਸਵਾ ਪਹਿਰ ਦਿਨ ਚੜ੍ਹੇ ਅਰੰਭ ਹੁੰਦੀ ਹੈ)
੪. ਸੋਦਰੁ ਦੀ ਚੌਂਕੀ (ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਤੋਂ ਪਹਿਲਾਂ)
੫. ਕਲਿਆਨ ਦੀ ਚੌਂਕੀ (ਚਾਰ ਘੜੀ ਰਾਤ ਬੀਤੇ ਤੇ ਲੱਗਦੀ ਹੈ)

**ਇਤਿਹਾਸਿਕ [2]ਚੌਂਕੀਆਂ:-** ਇਹ ਸਮੇਂ-ਸਮੇਂ ਦੇ ਸਾਕਿਆਂ ਨਾਲ ਸਬੰਧਤ ਹਨ ਜੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੇਲੇ ਤੋਂ ਚਾਲੂ ਹੋਈਆਂ[3] ਤੇ ਸਤਿਗੁਰਾਂ ਨੇ ਵਰ ਦਿੱਤਾ ਕਿ ਜਦੋਂ ਜਦੋਂ ਵੀ

---

੧.ਹਮਲਾ ੨.ਚੌਂਕੀ ਵਿੱਚ ਅੱਗੇ ਨਿਸ਼ਾਨ ਸਾਹਿਬ ਪਿੱਛੇ ਮਿਸਾਲੀਆ ਸਿੰਘ ਤੇ ਨਾਲ ਨਾਲ ਸੰਗਤ, ਪਿਆਰ ਤੇ ਵੈਰਾਗ ਦੇ ਸ਼ਬਦ ਪੜ੍ਹਦੇ ਪ੍ਰਕਰਮਾ ਕਰਦੇ ਹਨ।੩.ਜਿਸ ਵੇਲੇ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਸਨ। ਬਾਬਾ ਬੁੱਢਾ ਸਾਹਿਬ ਜੀ ਪੰਜਾਬ 'ਚੋਂ ਚੌਂਕੀ ਲੈ ਕੇ ਪਿੰਡਾਂ-ਪਿੰਡਾਂ ਵਿੱਚ ਪੜਾਅ ਤੇ ਪ੍ਰਚਾਰ ਕਰਦੇ ਗਵਾਲੀਅਰ ਕਿਲ੍ਹੇ ਪੁੱਜਦੇ (ਜਿੱਥੇ ਸਤਿਗੁਰੂ ਜੀ ਕੈਦ ਸਨ) ਉੱਥੇ ਕਿਲ੍ਹੇ ਦੀ ਪ੍ਰਕਰਮਾ ਕਰ, ਬਾਹਰੋਂ ਹੀ ਨਮਸਕਾਰ ਕਰਕੇ ਵੈਰਾਗਮਈ ਸ਼ਬਦ ਪੜ੍ਹਦੇ ਵਾਪਸ ਆ ਜਾਂਦੇ।

ਮੇਰੇ ਸਿੱਖ ਜ਼ਬਰ ਅਨਿਆਂ ਵਿਰੁੱਧ ਚੌਂਕੀ ਦੀ ਮਰਿਯਾਦਾ ਵਰਤਣਗੇ ਮੈਂ ਖੁਦ ਚੌਂਕੀ ਸਾਹਿਬ ਵਿੱਚ ਹਾਜ਼ਿਰ ਹੋਵਾਂਗਾ।

**ਯਾਤਰੂ ਚੌਂਕੀਆਂ**:-ਇਹ ਨਿਸਚਿਤ ਦਿਨਾਂ ਵਿੱਚ ਨਿਸਚਿਤ ਗੁਰ-ਅਸਥਾਨਾਂ ਦੀ ਯਾਤਰਾ ਲਈ ਨਿੱਕਲਦੀਆਂ ਹਨ। ਜਿਵੇਂ ਹਰ ਮੱਸਿਆ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਤਰਨਤਾਰਨ ਸਾਹਿਬ ਨੂੰ, ਪੰਚਮੀਂ ਸਾਹਿਬ ਦੇ ਮੇਲੇ ਤੇ ਤਰਨਤਾਰਨ ਸਾਹਿਬ ਤੋਂ ਗੋਇੰਦਵਾਲ ਸਾਹਿਬ ਨੂੰ। ਇੱਕ ਚੌਂਕੀ ਦੇਸ਼ ਦੀ ਵੰਡ ਤੋਂ ਪਹਿਲਾਂ ਗੁਜ਼ਰਾਂਵਾਲੇ ਤੋਂ ਗੁ: ਰੋੜੀ ਸਾਹਿਬ ਦੇ ਦਰਸ਼ਨਾਂ ਨੂੰ ਜਾਂਦੀ ਸੀ। ਇਨ੍ਹਾਂ ਚੌਂਕੀਆਂ ਵਿੱਚ ਵੱਖਰਾ ਹੀ ਅਨੰਦ ਵੇਖਣ ਨੂੰ ਮਿਲਦਾ ਹੈ। ਸੰਗਤਾਂ ਦਾ ਉਤਸ਼ਾਹ, ਵੈਰਾਗ ਅਤੇ ਸਤਿਗੁਰਾਂ ਪ੍ਰਤੀ ਦਰਸ਼ਨ ਲੋਚਾ ਇਨ੍ਹਾਂ ਚੌਂਕੀਆਂ ਦਾ ਨਿਵੇਕਲਾ ਹੀ ਅੰਗ ਹੈ।

## ਝੰਡੇ

ਝੰਡਾ ਕੌਮ ਦੀ ਅਜ਼ਾਦ ਹਸਤੀ ਦਾ ਪ੍ਰਤੀਕ ਹੈ। ਨਿਸ਼ਾਨ ਸਾਹਿਬ ਕੌਮ ਦੀ ਅਣਖ ਅਤੇ ਗੈਰਤ ਦਾ ਲਖਾਇਕ ਹੈ। ਜਿੰਨਾਂ ਇਸ ਦਾ ਮਾਣ-ਸਤਿਕਾਰ ਕਰੀਏ ਥੋੜ੍ਹਾ ਹੈ।ਹਰ ਗੁਰਸਿੱਖ ਜਿੱਥੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨੱਤਮਸਤਕ ਹੁੰਦਾ ਹੈ ਉੱਥੇ ਪਿੱਛੋਂ ਨਿਸ਼ਾਨ ਸਾਹਿਬ ਦੀ ਪ੍ਰਕਰਮਾਂ ਕਰਕੇ ਨਿਸ਼ਾਨ ਸਾਹਿਬ ਨੂੰ ਨਮਸਕਾਰ ਕਰਦਾ ਹੈ। ਨਿਸ਼ਾਨ ਸਾਹਿਬ ਦੀ, ਉੱਚਤਾ, ਅਟੱਲਤਾ ਅਤੇ ਸਤਿਕਾਰ ਕਾਇਮ ਰੱਖਣ ਲਈ ਸਮੇਂ-ਸਮੇਂ ਅਨੇਕਾਂ ਸਿੰਘਾਂ ਨੇ ਸ਼ਹਾਦਤਾਂ ਦਿੱਤੀਆਂ ਪਰ ਨਿਸ਼ਾਨ ਸਾਹਿਬ ਦੀ ਮਾਣ- ਮਰਿਯਾਦਾ ਨੂੰ ਆਂਚ ਨਹੀਂ ਆਉਣ ਦਿੱਤੀ। ਨਿਸ਼ਾਨ ਸਾਹਿਬ ਕੌਮੀ ਗੈਰਤ ਤੇ ਅਣਖ ਦਾ ਪ੍ਰਤੀਕ ਹੈ।

## ਬੁੰਗੇ

ਬੁੰਗੇ ਦਾ ਭਾਵ ਹੈ ਰਿਹਾਇਸ਼ੀ ਥਾਂ। ਸਾਡੇ ਵਡਿੱਕਿਆਂ ਨੇ ਆਪਣੇ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਆਸ-ਪਾਸ ਸਿੱਖ ਰਿਵਾਇਤਾਂ ਨੂੰ ਹੂ-ਬਹੂ ਕਾਇਮ ਰੱਖਣ ਲਈ ਅਤੇ ਗੁਰਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ, ਸਿੱਖ ਧਰਮ ਦੇ ਛੋਟੇ ਛੋਟੇ ਕੇਂਦਰ ਬੁੰਗਿਆਂ ਦੇ

ਰੂਪ ਵਿੱਚ ਸਥਾਪਿਤ ਕੀਤੇ ਸਨ, ਜਿਨ੍ਹਾਂ ਵਿੱਚ:

੧. ਕਥਾ ਦੀ ਪ੍ਰੰਪਰਾ ਨੂੰ ਤੋਰਨ ਲਈ, ਗੁਰਬਾਣੀ ਬੋਧ ਲਈ, ਸ਼ੁੱਧ ਗੁਰਬਾਣੀ ਦਾ ਉਚਾਰਣ ਕਰਨ ਵਾਸਤੇ, ਗੁਟਕੇ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸੁੰਦਰ ਸਰੂਪ ਲਿਖਣ ਦੀ ਸਿਖਲਾਈ ਦੇਣ ਵਾਸਤੇ "**ਗਿਆਨੀਆਂ ਦੇ ਬੁੰਗੇ**"।

੨. ਰਾਗ ਵਿੱਦਿਆ, ਪੁਰਾਤਨ ਰੀਤਾਂ ਤੇ ਕੀਰਤਨ ਪ੍ਰੰਪਰਾ ਦੀ ਸਾਂਭ ਤੇ ਸਿਖਲਾਈ ਲਈ "**ਰਾਗੀਆਂ ਦੇ ਬੁੰਗੇ**"।

੩. ਸ਼ਸ਼ਤ੍ਰ-ਅਸਤ੍ਰ ਵਿੱਦਿਆ ਦੀ ਸਿਖਲਾਈ ਤੇ ਅਭਿਆਸ ਲਈ ਅਤੇ ਫੌਜੀ ਸਿਖਲਾਈ ਲਈ "**ਅਕਾਲੀ ਬੁੰਗੇ**" ਆਪਣੀ ਡਿਉਟੀ ਨਿਭਾਉਂਦੇ ਸਨ।

੪. ਉਦਾਸੀ, ਨਿਰਮਲੇ ਸੰਪ੍ਰਦਾਵਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਅਨਮਤੀ ਗ੍ਰੰਥਾਂ ਦਾ ਅਧਿਐਨ ਕਰਾਉਣ ਤੇ ਪ੍ਰਚਾਰਕ ਤਿਆਰ ਕਰਨ ਵਾਸਤੇ "**ਸੰਪ੍ਰਦਾਈ ਬੁੰਗੇ**" ਤਿਆਰ ਕੀਤੇ।

੫. ਮਿਸਲਾਂ ਦੇ ਮੁਖੀ ਸਰਦਾਰਾਂ ਨੇ ਆਪਣੇ ਇਲਾਕੇ ਦੀਆਂ ਸੰਗਤਾਂ ਦੀ ਰਿਹਾਇਸ਼ ਨੂੰ ਮੁੱਖ ਰੱਖ ਕੇ ਤੇ ਆਪਣੇ ਅਰਾਮ ਕਰਨ ਲਈ ਬੁੰਗੇ ਬਣਵਾਏ ਜਿਨ੍ਹਾਂ ਨੂੰ "**ਸਰਦਾਰਾਂ ਦੇ ਬੁੰਗੇ**" ਕਿਹਾ ਜਾਂਦਾ ਹੈ।

੬. ਧਰਮ, ਰਾਜਨੀਤੀ ਤੇ ਪੰਥਕ ਮਸਲਿਆਂ ਪ੍ਰਤੀ ਵੀਚਾਰਾਂ ਕਰਨ ਤੇ ਗੁਰਮਤੇ ਕਰਨ ਲਈ "**ਅਕਾਲ ਬੁੰਗਾ, ਝੰਡਾ ਬੁੰਗਾ, ਕੋਠੜੀ ਸਾਹਿਬ ਬੁੰਗਾ, ਦੁਖਭੰਜਨੀ ਸਾਹਿਬ ਬੁੰਗਾ**" ਕਾਇਮ ਕੀਤੇ।

ਇਹ ਸਾਰੇ ਬੁੰਗੇ ਸਾਡੇ ਧਰਮ ਅਤੇ ਰਾਜਨੀਤੀ ਦੇ ਸ੍ਰੋਤ ਸਨ ਅਤੇ ਹਨ। ਇਹ ਬੁੰਗੇ ਸੰਪ੍ਰਦਾਈ ਤੇ ਸਿੱਖ ਰਵਾਇਤਾਂ ਦੇ ਨਿਗਾਹਬਾਨੀ ਦੇ ਪ੍ਰਤੀਕ ਹਨ। ਜਿਨ੍ਹਾਂ ਦੀ ਜੁੱਗੋ-ਜੁੱਗ ਅਟੱਲਤਾ ਲਈ ਸਿੱਖ ਹਮੇਸ਼ਾ ਹੀ ਅਰਦਾਸ ਕਰਦਾ ਹੈ।

## ਧਰਮ ਦਾ ਜੈਕਾਰ, ਬੋਲੋ ਜੀ ਵਾਹਿਗੁਰੂ !

ਪਰਮਾਤਮਾ ਦੇ ਹੁਕਮ ਵਿੱਚ, ਜਿਸ ਮਿਸ਼ਨ ਨੂੰ ਲੈ ਕੇ ਕਲਗੀਧਰ ਜੀ

ਨੇ ਸੰਸਾਰ ਅੰਦਰ ਅਵਤਾਰ ਧਾਰਿਆ, ਉਸ ਦਾ ਵਰਣਨ ਬਚਿੱਤ੍ਰ ਨਾਟਕ ਵਿੱਚ ਕਰਦਿਆਂ ਗੁਰਦੇਵ ਜੀ ਨੇ ਫੁਰਮਾਇਆ ਹੈ ਕਿ:

**ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥**
**ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥**[੧]

ਧਰਮ ਦਾ ਜੈਕਾਰ ਕਰਨ ਤੇ ਦੁਸ਼ਟਾਂ ਦੀਆਂ ਜੜ੍ਹਾਂ ਪੁੱਟਣ ਵਾਸਤੇ ਸਤਿਗੁਰੂ ਜੀ ਨੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕੁਰਬਾਨੀ ਦਿੱਤੀ, ਚਾਰੇ ਸਾਹਿਬਜ਼ਾਦੇ ਨਿਛਾਵਰ ਕਰ ਦਿੱਤੇ, ਮਾਤਾ ਗੁਜ਼ਰੀ ਜੀ ਨੇ ਆਪਣਾ ਬਲੀਦਾਨ ਦੇ ਦਿੱਤਾ, ਆਖ਼ੀਰ ਸਤਿਗੁਰੂ ਜੀ ਨੇ ਧਰਮ ਦਾ ਜੈਕਾਰ ਕਰਨ ਲਈ ਬੰਦਾ ਸਿੰਘ ਬਹਾਦਰ ਨੂੰ ਤਿਆਰ ਕਰਕੇ ਧਰਮ ਦਾ ਬੋਲ ਬਾਲਾ ਕਰਨ ਲਈ ਪੰਜਾਬ ਭੇਜਿਆ। ਉਪ੍ਰੰਤ ਆਪਣੇ ਸਰੀਰ ਦੀ ਆਹੂਤੀ ਵੀ ਦੇ ਦਿੱਤੀ। ਹਜ਼ਾਰਾਂ ਸਾਲਾਂ ਤੋਂ ਗੁਲਾਮੀ ਦੀ ਚੱਕੀ ਵਿੱਚ ਪਿਸ ਰਹੀ ਮਨੁੱਖਤਾ, ਜਿਨ੍ਹਾਂ ਦੀ ਅਣਖ, ਗੈਰਤ ਤੇ ਧਰਮ ਮਰ ਚੁੱਕਾ ਸੀ, ਸਤਿਗੁਰਾਂ ਆਪਣੇ ਸਰਬੰਸ ਤੇ ਗੁਰਸਿਖਾਂ ਦਾ ਖ਼ੂਨ ਦੇ ਕੇ ਉਨ੍ਹਾਂ ਦੇ ਧਰਮ, ਅਣਖ ਤੇ ਗੈਰਤ ਨੂੰ ਕਾਇਮ ਕਰਕੇ, ਦੁਬਲਿਆਂ-ਕੁਚਲਿਆਂ ਹੋਇਆਂ ਨੂੰ ਸਰਦਾਰੀਆਂ ਬਖਸ਼ੀਆਂ ਤੇ ਬਚਨ ਕੀਤਾ ਕਿ:

**ਇਨ ਗ੍ਰੀਬ ਸਿਖਨ ਕੋ ਮੈਂ ਦੇਊ ਪਾਤਸ਼ਾਹੀ ਜਿਹ ਯਾਦ ਰਖੇ ਹਮਰੀ ਗੁਰਆਈ॥**

ਭਾਵੇਂ ਸਿੱਖ ਧਰਮ "**ਧਰਮ ਅਤੇ ਰਾਜਨੀਤੀ**" ਦਾ ਸੁਮੇਲ ਹੈ, ਰਾਜਨੀਤੀ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਹੈ ਪਰ ਸਿੱਖੀ ਅਰਦਾਸ ਵਿੱਚ ਰਾਜਨੀਤੀ ਦਾ ਜੈਕਾਰ ਨਹੀਂ ਮੰਗਿਆ। ਅਰਦਾਸ ਵਿੱਚ ਕੇਵਲ "**ਧਰਮ ਦਾ ਜੈਕਾਰ**" ਮੰਗਿਆ ਹੈ। ਸੰਸਾਰ ਅੰਦਰ ਵਿਚਰਦਿਆਂ, ਕਾਰ-ਵਿਹਾਰ ਕਰਦਿਆਂ ਅਧਰਮ ਵਿਰੁੱਧ ਜੂਝਦਿਆਂ, ਜੋ ਧਰਮ ਨੂੰ ਮੁੱਖ ਰੱਖਦਾ ਹੈ, ਹਮੇਸ਼ਾ ਉਸ ਦੀ ਹੀ ਲੋਕ ਪ੍ਰਲੋਕ ਵਿੱਚ ਜੈਜੈਕਾਰ ਹੁੰਦੀ ਹੈ। ਗੁਰਬਾਣੀ ਅੰਦਰ ਗੁਰਦੇਵ ਸ੍ਰੀ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ:-

[੨]**ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ॥੧੬॥**

ਸੋ ਖ਼ਾਲਸਾ ਜੀ! ਧਰਮ ਤੇ ਧਰਮੀਆਂ ਦਾ ਧਿਆਨ ਧਰੋ ਅਤੇ ਮਨ,

---
੧. ਬਚਿੱਤਰ ਨਾਟਕ ੨. ਮ:੪, ਪੰਨਾ ੮੯

ਚਿੱਤ ਇਕਾਗਰ ਕਰਕੇ, ਸਾਵਧਾਨ ਹੋ ਕੇ ਪਰਮਾਤਮਾ ਦਾ ਚਿੰਤਨ ਕਰਕੇ **ਬੋਲੋ ਜੀ "ਵਾਹਿਗੁਰੂ"।**

## ਸਿੱਖਾਂ ਦਾ ਮਨ ਨੀਵਾਂ, ਮਤ ਉੱਚੀ ਮਤਿ-ਪਤਿ ਦਾ ਰਾਖਾ ਆਪ ਵਾਹਿਗੁਰੂ !

### *ਮਨ ਨੀਵਾਂ*

ਜਿਵੇਂ ਬਾਰਸ਼ ਪੈਂਦੀ ਹੈ ਤੇ ਪਾਣੀ ਨਿਮਾਣਾਂ ਵਿੱਚ ਟਿਕਦਾ ਹੈ ਤਿਵੇਂ ਨਿਮਰਤਾ ਵਾਲਾ ਮਨ ਹੀ ਗੁਣਾਂ ਦਾ ਸੰਗ੍ਰਹਿਣ ਕਰਦਾ ਹੈ। ਸਿਖਿਆਰਥੀ ਭਾਵਨਾ ਨਿਮ੍ਰਤਾ ਵਾਲੇ ਮਨ ਵਿੱਚ ਹੀ ਬਣਦੀ ਹੈ, ਹੰਕਾਰੀ ਮਨ ਵਿੱਚ ਨਹੀਂ। ਨਿਮ੍ਰਤਾ ਵਾਲਾ ਤਾਂ ਨੀਵਿਆਂ ਤੇ ਗੁਣ-ਹੀਣਾਂ ਤੋਂ ਵੀ ਗੁਣ ਪ੍ਰਾਪਤ ਕਰ ਲੈਂਦਾ ਹੈ। ਉਸ ਨੂੰ ਕਿਸੇ ਦੇ ਔਗਣਾਂ ਨਾਲ ਵਾਸਤਾ ਨਹੀਂ ਹੁੰਦਾ, ਉਹ ਹਰ ਇੱਕ ਨਾਲ ਗੁਣਾਂ ਦੀ ਸਾਂਝ ਕਰਦਾ ਹੈ। ਉਹ ਗੁਰਮੁਖ ਪਿਆਰਾ ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ ; [1]**ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥** ਦਾ ਧਾਰਨੀ ਹੁੰਦਾ ਹੈ। **'ਸਿੱਖ'** ਨਾਮ ਹੀ ਉਸ ਦਾ ਹੈ, ਜੋ ਹਰ ਸਮੇਂ ਹਰ ਪਾਸੋਂ ਹਰ ਥਾਂਵੇਂ ਕੋਈ ਨਾ ਕੋਈ ਸਿੱਖਿਆ ਪ੍ਰਾਪਤ ਕਰਦਾ ਹੈ। ਜੋ ਹਮੇਸ਼ਾ ਨਿਮ੍ਰਤਾ ਵਿੱਚ ਰਹਿੰਦਾ ਤੇ ਸਿਖਿਆਰਥੀ ਬਣ ਕੇ ਵਿਚਰਦਾ ਹੈ, ਗੁਰੂ ਦੀ ਦ੍ਰਿਸ਼ਟੀ ਵਿੱਚ ਉਹ ਨੀਵਾਂ ਨਹੀਂ, ਗੁਰੂ ਦੀ ਦ੍ਰਿਸ਼ਟੀ ਵਿੱਚ ਉਹ ਸਭ ਤੋਂ ਉੱਚਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਸੁਖਮਨੀ ਸਾਹਿਬ ਅੰਦਰ ਫੁਰਮਾਨ ਹੈ:-

**ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥**[2]

### *ਮਤਿ ਉੱਚੀ*

ਮੱਤ ਦੋ ਤਰ੍ਹਾਂ ਦੀ ਹੁੰਦੀ ਹੈ, ਇੱਕ ਮਨ ਦੀ ਮੱਤ ਹੈ, ਇੱਕ ਗੁਰੂ ਦੀ ਮੱਤ ਹੈ। ਮਨ ਦੀ ਮੱਤ ਨੀਵਾਂ ਸੋਚਦੀ ਹੈ ਅਤੇ ਗੁਰੂ ਦੀ ਮੱਤ ਉੱਚੀ ਤੇ ਵਿਸ਼ਾਲ ਗਿਆਨ ਦਾਤੀ ਹੈ। ਗੁਰਬਾਣੀ ਅੰਦਰ ਮਨ ਦੀ ਮੱਤ ਨੂੰ ਤਿਆਗਣ ਦਾ ਉਪਦੇਸ਼ ਸਤਿਗੁਰੂ ਜੀ ਨੇ ਬਾਰੰਬਾਰ ਦਿੱਤਾ ਹੈ। ਸਤਿਗੁਰੂ

---
੧. ਮ:੧,ਪੰਨਾ ੭੬੬ । ੨. ਮ:੫,ਪੰਨਾ ੨੬੬

ਅਰਜਨ ਦੇਵ ਜੀ ਦਾ ਗਉੜੀ ਰਾਗ ਅੰਦਰ ਬਚਨ ਹੈ:-

**ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ॥**[1]
**ਤਥਾ:- ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ॥੧॥ਰਹਾਉ॥**[2]

ਮਨ ਦੀ ਮੱਤ ਦਾ ਤਿਆਗ ਕਰਨਾ ਬਹੁਤ ਕਠਿਨ ਹੈ। ਸਾਹਿਬ ਗੁਰੂ ਰਾਮਦਾਸ ਜੀ ਦਾ ਬਚਨ ਹੈ:-

**ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ॥**[3]

ਕਿਉਂ ਕਿ, ਮਨ ਹਰ ਸਮੇਂ ਦ੍ਰਿਸ਼ਟਮਾਨ ਜੋ ਅਸੱਤ ਹੈ; ਉਸੇ ਨੂੰ ਵੇਖਦਾ,ਉਸੇ ਵਿੱਚ ਵਰਤਦਾ, ਉਸੇ ਨੂੰ ਹੀ ਸੱਤ ਮੰਨ ਕੇ, ਉਸੇ ਵਿੱਚ ਦਿਨ ਰਾਤ ਖਚਿਤ ਹੈ। ਸਤਿ ਨੂੰ ਸੁਣਦਾ ਵੀ ਹੈ ਪਰ ਮਾਇਆ ਦੇ ਪ੍ਰਭਾਵ ਕਾਰਣ ਮੁੜ ਸੱਤ ਵੱਲ ਪਿੱਠ ਕਰਕੇ ਅਸੱਤ ਦੇ ਪਿੱਛੇ ਲੱਗ ਕੇ ਆਪਣੀ ਮੱਤ ਅਨੁਸਾਰ ਮਨੁੱਖ ਨੂੰ ਤੋਰਦਾ ਹੈ। ਬਾਬਾ ਕਬੀਰ ਜੀ ਇਸ ਮਨ ਦੀ ਹਾਲਤ ਦਰਸਾਉਂਦੇ ਫੁਰਮਾਨ ਕਰਦੇ ਹਨ ਕਿ ਮਨ ਸਭ ਕੁਝ ਜਾਣਦਾ ਬੁੱਝਦਾ ਹੋਇਆ ਮਨੁੱਖ ਪਾਸੋਂ ਮਾੜੇ ਕਰਮ ਕਰਾਉਂਦਾ ਹੈ ਤੇ ਮਾੜੇ ਕਰਮ ਕਰਨ ਉਪ੍ਰੰਤ ਉਨ੍ਹਾਂ ਵਿੱਚੋਂ ਸੁੱਖ ਤੇ ਸ਼ਾਂਤੀ ਭਾਲਦਾ ਹੈ। ਬਾਬਾ ਕਬੀਰ ਜੀ ਦਾ ਬਹੁਤ ਪਿਆਰਾ ਬਚਨ ਹੈ:

**ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥**
**ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥੨੧੬॥**[4]

"**ਹਾਥਿ ਦੀਪੁ ਕੂਏ ਪਰੈ**" ਦੀ ਕਾਰ ਕਰਨ ਵਾਲੇ ਨੂੰ ਕਿਵੇਂ ਸੁੱਖ ਮਿਲ ਸਕਦਾ ਹੈ? ਕਦਾਚਿਤ ਨਹੀਂ।ਇਸ ਲਈ ਸਤਿਗੁਰੂ ਮਨ ਨੂੰ ਅਨਜਾਣ ਦੱਸ ਕੇ ਪ੍ਰੇਰਨਾ ਦਿੰਦੇ ਹਨ :-

**ਗੁਰ ਕੀ ਮਤਿ ਤੂੰ ਲੇਹਿ ਇਆਨੇ॥ ਭਗਤਿ ਬਿਨਾ ਬਹੁ ਡੂਬੇ ਸਿਆਣੇ॥**[5]

ਜੇ ਸੁਖ ਮਿਲਣਾ ਹੈ, ਤਾਂ ਗੁਰੂ ਦੀ ਮੱਤ ਧਾਰਨ ਕਰਨ ਵਾਲੇ ਨੂੰ ਮਿਲਣਾ ਹੈ। ਗੁਰੂ ਦੀ ਮੱਤ ਕਿਸਨੂੰ ਮਿਲਦੀ ਹੈ? ਜੋ ਆਪਣੀ ਮੱਤ ਨੂੰ ਛੋਟੀ ਜਾਣ, ਗੁਰੂ ਦੀ ਮੱਤ ਨੂੰ ਦੀਰਘ ਜਾਣ ਕੇ, ਗੁਰੂ ਪਾਸੋਂ "ਗੁਰਮਤਿ"

---

੧. ਮ:੫,ਪੰਨਾ ੨੦੯ । ੨. ਮ:੫,ਪੰਨਾ ੮੧੪ । ੩ .ਮ:੪, ਪੰਨਾ ੮੦੦
੪.ਕਬੀਰ ਜੀ, ਪੰਨਾ ੧੩੭੬ । ੫. ਮ:੫,ਪੰਨਾ ੨੮੮ ।

ਦੀ ਦਾਤ ਮੰਗ ਕੇ ਪੁਕਾਰਦਾ ਹੈ, ਹੇ ਦਾਤਾ!

**ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ॥**
**ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ॥**[1]

ਜਿਸ ਵੇਲੇ ਗੁਰਸਿੱਖ ਆਪਾ ਭਾਵ ਛੱਡ ਕੇ ਅੰਦਰਹੁ ਗੁਰੂ ਪ੍ਰਾਇਣ ਹੋ ਜਾਂਦਾ ਹੈ ਅਤੇ ਗੁਰੂ ਅਮਰਦਾਸ ਜੀ ਦੇ ਫੁਰਮਾਨ ਵਾਲੀ ਬਿਰਤੀ ਬਣਾ ਲੈਂਦਾ ਹੈ; ਉਹ ਬਿਰਤੀ ਕਿਹੜੀ ਹੈ?

**ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਇ॥**[2]

ਭਾਈ ਬਲਵੰਡ ਜੀ ਦੇ ਬਚਨ ਕਿ:-

**ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ॥**
**ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥**[3]

ਜਿਵੇਂ ਬਾਬਾ ਲਹਿਣਾ ਜੀ ਦੇ ਅੰਦਰਹੁ ਸਤਿਗੁਰੂ ਨਾਨਕ ਦੇਵ ਜੀ ਨੇ ਆਪਣੀ ਗਿਆਨ ਰੂਪੀ ਤਲਵਾਰ ਨਾਲ ਮਨ ਦੀ ਮੱਤ ਦਾ ਖਾਤਮਾ ਕਰਕੇ ਗੁਰੂ ਦੀ ਮੱਤ ਉਨ੍ਹਾਂ ਦੇ ਅੰਦਰ ਧਰ ਕੇ ਗੁਰੂ ਅੰਗਦ ਦੇਵ ਜੀ ਬਣਾ ਦਿੱਤਾ; ਤਿਵੇਂ ਹੀ ਜਦੋਂ ਗੁਰਸਿੱਖ ਆਪਣੀ ਮੱਤ ਦਾ ਤਿਆਗ ਕਰ ਦਿੰਦਾ ਹੈ ਤਦੋਂ ਸਤਿਗੁਰੂ, ਗੁਰਸਿੱਖ ਦੇ ਅੰਦਰ ਆਪਣੀ ਗੁਰਮਤਿ ਦ੍ਰਿੜ ਕਰ ਦਿੰਦਾ ਹੈ। ਗੁਰੂ ਦੀ ਮੱਤ ਦੇ ਦ੍ਰਿੜ ਧਾਰਨੀ ਗੁਰਸਿਖ ਦੀ ਮੱਤ ਨੂੰ ਕੋਈ ਚਲਾਇਮਾਨ ਨਹੀਂ ਕਰ ਸਕਦਾ। ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ:-

**ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ॥**[4]

ਅਚੱਲ ਮਤ ਦਾ ਧਾਰਨੀ ਕਦੇ ਡੋਲਦਾ ਨਹੀਂ। ਅਚੱਲ ਮੱਤ ਵਾਲੇ ਦੇ ਨੇੜੇ ਦੁਬਿਧਾ ਨਹੀਂ ਫਟਕਦੀ। ਅਚੱਲ ਮੱਤ ਵਾਲਾ ਗੁਰੂ ਤੇ ਪੂਰਨ ਭਰੋਸਾ ਰੱਖਦਾ ਹੈ। ਅਚੱਲ ਤੇ ਉੱਚੀ ਮੱਤ ਵਾਲਾ ਹਮੇਸ਼ਾਂ ਪ੍ਰਭੂ ਰਜ਼ਾ ਅੰਦਰ ਰਾਜ਼ੀ ਰਹਿੰਦਾ ਹੈ। ਮਾਇਆ ਦੇ ਪ੍ਰਭਾਵ ਕਾਰਣ ਸਾਡੀ ਬੁੱਧੀ ਕਦੇ ਵੀ ਭ੍ਰਿਸ਼ਟ ਹੋ ਸਕਦੀ ਹੈ। ਇਸ ਦਾ ਮਾਣ ਨਹੀਂ ਕਰਨਾ ਚਾਹੀਦਾ। ਬਾਬਾ ਕਬੀਰ ਜੀ ਦਾ ਫੁਰਮਾਨ ਹੈ:-

---

੧.ਮ:੫,ਪੰਨਾ ੫੪੭ । ੨.ਮ:੩ ਅਨੰਦ,ਪੰਨਾ ੯੨੦ । ੩.ਭਾਈ ਬਲਵੰਡ ਸਤਾ,ਪੰਨਾ ੯੬੬ । ੪. ਮ:੩,ਪੰਨਾ ੫੪੯ ।

**ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥**
**ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥੫॥੩੯॥**[੧]

ਇਸ ਲਈ ਮਾਣ, ਤਾਣ, ਦਾਅਵਾ ਛੱਡ ਕੇ ਗੁਰੂ ਪ੍ਰਾਇਣ ਹੋ ਕੇ ਅਰਦਾਸ ਹੀ ਕਰਨੀ ਬਣਦੀ ਹੈ ਕਿ ਹੇ ਦਾਤਾ!

**ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ॥**[੨]

ਤਦ ਹੀ ਸਾਡੇ ਵਡਿੱਕਿਆਂ ਨੇ "ਮਨ ਨੀਵਾਂ ਮਤਿ ਉੱਚੀ, ਮਤਿ-ਪਤਿ ਦਾ ਰਾਖਾ ਆਪ ਅਕਾਲ ਪੁਰਖ "ਵਾਹਿਗੁਰੂ" ਆਖ ਕੇ ਮੱਤ ਤੇ ਪੱਤ ਦੀ ਰਖਵਾਲੀ ਪਰਮਾਤਮਾ ਦੇ ਹਵਾਲੇ ਛੱਡੀ ਹੈ। ਜੋ ਗੁਰੂ ਪ੍ਰਾਇਣ ਹੋ ਜਾਵੇ ਉਸ ਦੀ ਰਖਵਾਲੀ ਗੁਰੂ ਕਰਦਾ ਹੈ।

## ਹੇ ਅਕਾਲ ਪੁਰਖ! ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ !

ਪੰਥ ਅਕਾਲ ਪੁਰਖ ਦਾ ਹੈ। ਸਾਰੇ ਸਿੰਘ ਅਕਾਲ ਪੁਰਖ ਦੇ ਪੰਥ ਦੇ ਮੈਂਬਰ ਹਨ। ਇਹ ਪੰਥ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਲਾਇਆ ਹੈ, ਜਿਸਦੀ ਗਵਾਹੀ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਭਰੀ ਹੈ:-

**ਮਾਰਿਆ ਸਿੱਕਾ ਜਗਤ ਵਿੱਚ ਨਾਨਕ ਨਿਰਮਲ ਪੰਥ ਚਲਾਇਆ॥**
**ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ॥**
**ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ॥੪੫॥**[੩]

ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਭੱਟ ਗਯੰਦ ਜੀ ਦਾ ਫੁਰਮਾਨ ਹੈ:-

**ਲਹਣੈ ਪੰਥੁ ਧਰਮ ਕਾ ਕੀਆ॥ ਅਮਰਦਾਸ ਭਲੇ ਕਉ ਦੀਆ॥**
**ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਉ॥ ਹਰਿ ਕਾ ਨਾਮੁ [੪]ਅਖੈ ਨਿਧਿ [੫]ਅਪ੍ਉ॥**

ਉਸੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਨਿਰਮਲ ਪੰਥ ਦਾ ਪ੍ਰਚਾਰ ਸਾਰੇ ਸਤਿਗੁਰਾਂ ਕੀਤਾ। ਕਲਗੀਧਰ ਪਾਤਸ਼ਾਹ ਜੀ ਨੇ "ਨਾਨਕ ਨਿਰਮਲ ਪੰਥ" ਨੂੰ "ਖ਼ਾਲਸਾ ਪੰਥ" ਦੇ ਰੂਪ ਵਿੱਚ ਵੱਖਰੀ ਪਹਿਚਾਣ, ਵੱਖਰੀ ਰਹਿਤ ਮਰਿਯਾਦਾ, ਨਿਵੇਕਲਾ ਨਿਆਰਾ-ਪਨ ਬਖਸ਼ਿਸ਼ ਕਰਕੇ ਸੰਪੂਰਣਤਾ

---

੧.ਕਬੀਰ ਜੀ, ਪੰਨਾ ੧੩੬੬ । ੨.ਮ:੪,ਪੰਨਾ ੮੦੦ । ੩.ਵਾਰ ੧,ਪਉੜੀ ੪੫
੪.ਨਾ ਨਾਸ਼ ਹੋਣ ਵਾਲਾ ਨਾਮ ਦਾ ਖਜ਼ਾਨਾ, ੫.ਅਰਪਣ ਕਰ ਦਿੱਤਾ

ਪ੍ਰਦਾਨ ਕੀਤੀ। ਕਲਗੀਧਰ ਪਾਤਸ਼ਾਹ ਜੀ ਨੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਪੰਥ ਦਾ ਪ੍ਰਚਾਰ ਕਰਨ ਦੀ ਪ੍ਰੋੜਤਾ ਆਪਣੀ ਕਲਮ ਤੋਂ ਕੀਤੀ ਹੈ; ਸਾਹਿਬਾਂ ਦਾ ਬਚਨ ਹੈ:-

**ਮੈ ਅਪਨਾ ਸੁਤ ਤੋਹਿ ਨਿਵਾਜਾ॥ [1]ਪੰਥ ਪ੍ਰਚੁਰ ਕਰਬੇ ਕਉ ਸਾਜਾ॥੨੯॥[2]**

ਪੰਥ ਅਕਾਲ ਪੁਰਖ ਦਾ ਹੈ, ਕੇਵਲ ਸਤਿਗੁਰਾਂ ਦੀ ਰਾਹੀਂ ਪਰਮਾਤਮਾ ਨੇ ਆਪਣੀ ਮੌਜ ਅੰਦਰ ਪੰਥ ਪ੍ਰਗਟ ਹੀ ਕੀਤਾ ਹੈ;

**ਖ਼ਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥[3]**

ਜਦੋਂ ਵੀ ਖ਼ਾਲਸਾ ਪੰਥ ਨੂੰ ਕੋਈ ਔਖਾ ਸਮਾਂ ਬਣਿਆ, ਖ਼ਾਲਸੇ ਨੇ ਪੰਥ ਦੇ ਮਾਲਕ ਅਤੇ ਪੰਥ ਦੇ ਸਿਰਜਣਹਾਰ ਸਤਿਗੁਰੂ ਨੂੰ ਸੰਬੋਧਨ ਹੋਕੇ, ਹੇ ਅਕਾਲ ਪੁਰਖ,ਆਪਣੇ ਪੰਥ ਦੇ ਸਦਾ ਸਹਾਇਤਾ ਕਰਨ ਵਾਲੇ ਦਾਤਾਰ ਜੀਉ ! ਕਹਿ ਪੁਕਾਰਿਆ ਤਦੋਂ ਪ੍ਰਮੇਸ਼ਰ ਜੀ ਅਤੇ ਕਲਗੀਧਰ ਜੀ ਨੇ ਆਪ ਪੰਥ ਨਾਲ ਸੰਮਿਲਤ ਹੋ ਕੇ ਖ਼ਾਲਸੇ ਦੇ ਕਾਰਜ ਸੰਪੂਰਨ ਕੀਤੇ।

## ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ, ਗੁਰਧਾਮਾਂ ਦੇ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖਸ਼ੋ !

ਗੁਰਦੁਆਰੇ ਸਿੱਖੀ ਦੇ ਸੋਮੇਂ ਹਨ। ਗੁਰਦੁਆਰਿਆਂ ਦੇ ਦਰਸ਼ਨ ਦੀਦਾਰ ਕਰਨ ਨਾਲ ਗੁਰੂ ਅਤੇ ਗੁਰੂ ਦੇ ਕਾਰਨਾਮਿਆਂ ਦਾ ਇਤਿਹਾਸ ਸਿਮ੍ਰਤੀ ਵਿੱਚ ਸਮਾਉਂਦਾ ਹੈ। ਗੁਰਧਾਮਾਂ ਤੋਂ ਗੁਰੂ ਛੋਹ ਪ੍ਰਾਪਤ ਹੁੰਦੀ ਹੈ। ਗੁਰਧਾਮ ਸਾਡੇ ਪੂਜਣ ਯੋਗ ਅਸਥਾਨ ਹਨ। ਗੁਰਦੁਆਰੇ ਜਾ ਕੇ ਗੁਰੂ ਦੇ ਦਰਸ਼ਨ ਦੀਦਾਰ ਹੁੰਦੇ ਹਨ। ਗੁਰਦੁਆਰੇ ਸਿੱਖੀ ਦੇ ਸਕੂਲ ਹਨ। ਗੁਰਦੁਆਰੇ ਯਾਤ੍ਰੀ-ਬਿਸਰਾਮ ਦੇ ਟਿਕਾਣੇ ਹਨ। ਗੁਰਦੁਆਰੇ ਵਿੱਚੋਂ ਕੁੱਲੀ-ਗੁੱਲੀ-ਜੁੱਲੀ ਦੀ ਲੋੜ ਪੂਰੀ ਹੁੰਦੀ ਹੈ।ਗੁਰਦੁਆਰੇ ਸਿੱਖ ਸਮੱਸਿਆਵਾਂ ਦੇ ਹੱਲ ਲਈ ਗੁਰਮਤੇ ਕਰਨ ਦੇ ਅਸਥਾਨ ਹਨ। ਗੁਰੂ

---

੧.ਪੰਥ ਦਾ ਪ੍ਰਚਾਰ ਕਰਨ ਲਈ, ੨.ਬਚਿਤ੍ਰ ਨਾਟਕ, ੩.ਸਰਬ ਲੋਹ ਗ੍ਰੰਥ ਵਿੱਚੋਂ

ਕੇ ਸਿੱਖ ਦਾ ਗੁਰਦੁਆਰੇ ਨਾਲ ਨੌਂਹ-ਮਾਸ ਦਾ ਰਿਸ਼ਤਾ ਹੈ। ਗੁਰਦੁਆਰਿਆਂ ਦੀ ਪਵਿੱਤ੍ਰਤਾ ਤੇ ਮਰਿਯਾਦਾ ਕਾਇਮ ਰੱਖਣ ਲਈ ਸਿੱਖ ਆਪਣਾ ਆਪ ਵਾਰ ਸਕਦਾ ਹੈ ਪਰ ਗੁਰੂ ਦੇ ਅਸਥਾਨਾਂ, ਗੁਰਦੁਆਰਿਆਂ ਦੀ ਮਰਿਯਾਦਾ ਭੰਗ ਨਹੀਂ ਹੋਣ ਦਿੰਦਾ। ਸਮੇਂ-ਸਮੇਂ ਗੁਰਧਾਮਾਂ ਦੀ ਪਵਿੱਤ੍ਰਤਾ ਕਾਇਮ ਰੱਖਣ ਲਈ ਲੱਗੇ ਮੋਰਚੇ ਇਸ ਦੇ ਚਸ਼ਮਦੀਦ ਗਵਾਹ ਹਨ ਕਿ ਕਿਵੇਂ ਸਿੰਘਾਂ ਨੇ ਗੁਰਦੁਆਰਿਆਂ ਦੀ ਪਵਿੱਤ੍ਰਤਾ ਕਾਇਮ ਰੱਖਣ ਲਈ ਖਿੜ੍ਹੇ ਮੱਥੇ ਸ਼ਹਾਦਤਾਂ ਦੇ ਦਿੱਤੀਆਂ।

ਬਦ-ਕਿਸਮਤੀ ਦੀ ਗੱਲ, ਸਿੱਖ ਹਿੰਦੁਸਤਾਨ ਨੂੰ ਅਜ਼ਾਦ ਕਰਾਉਂਦੇ-ਕਰਾਉਂਦੇ 1947 ਦੀ ਵੰਡ ਵੇਲੇ ਅੱਧਿਆਂ ਤੋਂ ਵੱਧ ਗੁਰਦੁਆਰਿਆਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਤੋਂ ਵਾਂਝੇ ਹੋ ਗਏ। ਤਕਰੀਬਨ ਸਵਾ ਸੌ ਤੋਂ ਉੱਪਰ ਗੁਰਦੁਆਰੇ ਪਾਕਿਸਤਾਨ ਦੀ ਹੱਦ ਅੰਦਰ ਰਹਿ ਗਏ। ਇਥੋਂ ਤੱਕ ਕਿ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਅਸਥਾਨ ਸ੍ਰੀ ਨਨਕਾਣਾ ਸਾਹਿਬ, ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਬਚਪਨੀ ਚੋਜ ਤੇ ਅਧਿਆਤਮਿਕ ਸ਼ਕਤੀ ਦਰਸਾਉਂਦੇ ਗੁਰਦੁਆਰੇ ਬਾਲ ਲੀਲਾ, ਪੱਟੀ ਸਾਹਿਬ, ਮਾਲ ਜੀ ਸਾਹਿਬ, ਕਿਆਰਾ ਸਾਹਿਬ, ਸੱਚਾ ਸੌਦਾ, ਤੰਬੂ ਸਾਹਿਬ, ਪੰਜਾ ਸਾਹਿਬ (ਹਸਨ ਅਬਦਾਲ), ਪੰਜਵੇਂ ਸਤਿਗੁਰਾਂ ਦੇ ਸ਼ਹੀਦੀ ਅਸਥਾਨ ਡੇਰ੍ਹਾ ਸਾਹਿਬ (ਲਾਹੌਰ), ਗੁ: ਜਨਮ ਅਸਥਾਨ ਪਾਤਸ਼ਾਹੀ ਚੌਥੀ, ਛੇਵੇਂ ਪਾਤਸ਼ਾਹ ਜੀ ਦੀ ਯਾਦ ਦਰਸਾਉਂਦੇ ਗੁਰਧਾਮ, ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ, ਸਿੰਘਣੀਆਂ ਤੇ ਸ਼ੀਰ ਖੋਰ ਬੱਚਿਆਂ ਦੇ ਸ਼ਹੀਦ-ਗੰਜ, ਇਹ ਸਾਰੇ ਅਸਥਾਨ ਸਿੱਖ ਕੌਮ ਤੋਂ ਵਿੱਛੜ ਗਏ। ਇਸ ਤਰ੍ਹਾਂ ਆਪਣੇ ਦਿਲ ਜਾਨ ਨਾਲੋਂ ਪਿਆਰੇ ੧੨੫ ਤੋਂ ਵੱਧ ਗੁਰਧਾਮਾਂ ਦਾ ਵਿਛੋੜਾ ਦਿਨ-ਰਾਤ ਸਿੱਖ ਦੀ ਆਤਮਾ ਨੂੰ ਨਪੀੜਨ ਲੱਗਾ। ਦੁਨਿਆਵੀ ਤੌਰ ਤੇ ਕੋਈ ਯਤਨ ਸਾਰਥਿਕ ਨਾ ਹੋਣ ਉਪ੍ਰੰਤ ਗੁਰਸਿੱਖਾਂ ਨੇ ਚੌਥੇ ਪਾਤਸ਼ਾਹ ਜੀ ਦੇ ਫੁਰਮਾਨ:-

**ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ॥**[੧]
**ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ॥**

ਅਨੁਸਾਰ ਉਸ ਮਾਲਕ ਵਾਹਿਗੁਰੂ ਅਤੇ ਸਤਿਗੁਰਾਂ ਦੇ ਚਰਨਾਂ ਵਿੱਚ

੧.ਮ:੪, ਪੰਨਾ ੭੩੫

ਕੀਤੀ ਜਾਣ ਵਾਲੀ ਹਰ ਰੋਜ਼ ਦੀ ਅਰਦਾਸ ਵਿੱਚ ਇਹ ਸ਼ਬਦ "ਹੇ ਅਕਾਲ ਪੁਰਖ ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ, ਗੁਰਧਾਮਾਂ ਦੇ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖ਼ਾਲਸਾ ਜੀ ਨੂੰ ਬਖਸ਼ੋ ਜੀ" ਸੰਮਿਲਤ ਕਰਕੇ ਖ਼ਾਲਸਾ ਪੰਥ ਦੀ ਸਿਮ੍ਰਤੀ ਵਿੱਚ ਵਿੱਛੜਿਆਂ ਗੁਰਧਾਮਾਂ ਦੀ ਯਾਦ ਸਦਾ-ਸਦਾ ਲਈ ਸਮੋ ਦਿੱਤੀ ਅਤੇ ਅਰਦਾਸ ਰਾਹੀਂ ਸਿੱਖ ਹਿਰਦਿਆਂ ਵਿੱਚ ਆਸ ਬੱਝ ਗਈ ਕਿ ਪਰਮਾਤਮਾ, ਖ਼ਾਲਸਾ ਪੰਥ ਦੀ ਇਹ ਦਿਲੀ ਅਰਦਾਸ ਜ਼ਰੂਰ ਪੂਰੀ ਕਰਨਗੇ।

## ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ ਸੱਚੇ ਪਿਤਾ ਵਾਹਿਗੁਰੂ ! ਆਪ ਜੀ ਦੇ ਹਜ਼ੂਰ....ਦੀ ਅਰਦਾਸ ਹੈ ਜੀ । ਅੱਖਰ ਵਾਧਾ ਘਾਟਾ ਭੁੱਲ ਚੁੱਕ ਮਾਫ਼ ਕਰਨੀ । ਸਰਬੱਤ ਦੇ ਕਾਰਜ ਰਾਸ ਕਰਨੇ ।

ਆਖਰੀ ਪੰਗਤੀਆਂ ਵਿੱਚ ਪਰਮਾਤਮਾ ਨੂੰ ਸੱਚਾ ਪਿਤਾ ਤਸਲੀਮ ਕਰਕੇ, ਨਿਮਾਣਿਆਂ ਨੂੰ ਮਾਣ, ਨਿਤਾਣਿਆਂ ਨੂੰ ਤਾਣ ਅਤੇ ਨਿਓਟਿਆਂ ਨੂੰ ਓਟ ਪ੍ਰਦਾਨ ਕਰਨ ਵਾਲਾ ਜਾਣ ਕੇ, ਸਬੰਧਿਤ ਕਾਰਜ ਲਈ ਅਰਦਾਸ ਕੀਤੀ ਜਾਂਦੀ ਹੈ।

## ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੈ

ਉਪ੍ਰੰਤ ਗੁਰਸਿਖ ਆਪਣੇ ਮਾਲਕ ਪਾਸੋਂ ਸਭ ਤੋਂ ਸ਼੍ਰੋਮਣੀ ਮੰਗ ਮੰਗਦਾ ਹੈ ਕਿ ਦਾਤਾ! ਐਸੇ ਗੁਰਸਿਖਾਂ ਦਾ ਮੇਲ ਮਿਲਾਪ ਪ੍ਰਦਾਨ ਕਰੋ, ਜਿਨ੍ਹਾਂ ਦੀ ਸੰਗਤ ਕਰਨ ਨਾਲ ਹੇ ਵਾਹਿਗੁਰੂ ਜੀ! ਤੁਹਾਡੀ ਹੋਂਦ, ਤੁਹਾਡਾ ਨਾਮ, ਚਿੱਤ ਵਿੱਚ ਵਸੇ। ਸੰਸਾਰ ਵਿੱਚ ਐਸੇ ਵੀ ਮਨੁੱਖ ਹਨ, ਜਿਨ੍ਹਾਂ ਦੇ ਮਿਲਣ ਨਾਲ ਪ੍ਰਭੂ ਚੇਤੇ ਤਾਂ ਕੀ ਆਉਣਾ ਹੈ ਸਗੋਂ ਜੀਵ ਦੇ ਮਨ ਵਿੱਚੋਂ ਪ੍ਰਭੂ ਦੀ ਹੋਂਦ ਹੀ ਭੁੱਲ ਜਾਂਦੀ ਹੈ ਤੇ ਉਨ੍ਹਾਂ ਮਨੁੱਖਾਂ ਦੇ ਮਾੜੇ ਸੰਸਕਾਰ ਮਨੁੱਖ ਤੇ ਹਾਵੀ ਹੋਣ ਲੱਗ ਜਾਂਦੇ ਹਨ। ਇਸੇ ਲਈ ਸਤਿਗੁਰੂ ਅਰਜਨ ਦੇਵ ਜੀ

ਨੇ ਪਰਮਾਤਮਾ ਅੱਗੇ ਅਰਦਾਸ ਕਰਕੇ ਸਾਨੂੰ ਮੰਗਣ ਦੀ ਜਾਚ ਸਿਖਾਈ ਹੈ:

**[1]ਮਾਗਉ ਦਾਨੁ ਕ੍ਰਿਪਾਲ ਕ੍ਰਿਪਾ ਨਿਧਿ ਮੇਰਾ ਮੁਖੁ ਸਾਕਤ[2] ਸੰਗਿ ਨ ਜੁਟਸੀ ਰੇ॥**
**ਜਨ ਨਾਨਕ ਦਾਸ ਦਾਸ ਕੋ ਕਰੀਅਹੁ [3]ਮੇਰਾ ਮੂੰਡੁ ਸਾਧ ਪਗਾ ਹੇਠਿ ਰੁਲਸੀ ਰੇ॥**

## ਨਾਨਕ ਨਾਮ ਚੜ੍ਹਦੀ ਕਲਾ

ਚੜ੍ਹਦੀ ਕਲਾ ਸੁਰਤ ਦੀ ਉਹ ਅਵਸਥਾ ਹੈ, ਜਿੱਥੇ ਪੁੱਜ ਕੇ ਸੁਰਤ, ਦੁੱਖ ਵਿੱਚ ਵੀ ਦੁੱਖ ਮਹਿਸੂਸ ਨਹੀਂ ਕਰਦੀ। ਇਸ ਚੜ੍ਹਦੀ ਕਲਾ ਦੀ ਅਵਸਥਾ ਅੰਦਰ ਸੁੱਖਾਂ ਨਾਲ ਪਿਆਰ ਨਹੀਂ ਪੈਂਦਾ ਅਤੇ ਦੁੱਖਾਂ ਦਾ ਭੈ ਪ੍ਰਤੀਤ ਨਹੀਂ ਹੁੰਦਾ। ਸੋਨਾ ਤੇ ਮਿੱਟੀ ਇੱਕ ਸਮਾਨ ਹੁੰਦੇ ਹਨ। ਐਸੀ ਅਵਸਥਾ ਵਿੱਚ ਵਿਚਰਦਾ ਜੀਵ ਨਾ ਕਿਸੇ ਦੀ ਨਿੰਦਿਆ ਕਰਦਾ ਹੈ ਅਤੇ ਨਾ ਹੀ ਕਿਸੇ ਦੀ ਖੁਸ਼ਾਮਦ। ਚੜ੍ਹਦੀ ਕਲਾ ਵਾਲਾ ਆਪਣੀ ਨਿੰਦਿਆ ਸੁਣ ਕੇ ਸੁਰਤ ਵਿੱਚ ਨਿਗੂਣਤਾ ਨਹੀਂ ਆਉਣ ਦਿੰਦਾ ਤੇ ਉਸਤਤਿ ਸੁਣ ਕੇ ਮਨ ਵਿੱਚ ਹੰਕਾਰ ਨਹੀਂ ਬਣਾਉਂਦਾ।ਚੜ੍ਹਦੀ ਕਲਾ ਵਾਲੇ ਦੇ ਅੰਦਰੋਂ ਲੋਭ, ਮੋਹ, ਹੰਕਾਰ ਅਦਿਕ ਸਭ ਖਤਮ ਹੋ ਜਾਂਦੇ ਹਨ। ਖੁਸ਼ੀ-ਗਮੀਂ, ਆਦਰ-ਨਿਰਾਦਰ ਉਸ ਨੂੰ ਪੋਹ ਨਹੀਂ ਸਕਦੇ।ਚੜ੍ਹਦੀ ਕਲਾ ਦੇ ਧਾਰਨੀ ਦੀਆਂ ਆਸਾ-ਮਨਸਾ ਸਭ ਖਤਮ ਹੋ ਜਾਂਦੀਆਂ ਹਨ। ਚੜ੍ਹਦੀ ਕਲਾ ਵਾਲਾ ਅਗਲੀ-ਪਿਛਲੀ ਝਾਕ ਛੱਡ ਕੇ ਵਰਤਮਾਨ ਵਿੱਚ ਨਿਰਲੇਪ ਵਿਚਰਦਾ ਹੈ। ਕਾਮ-ਕ੍ਰੋਧ ਉਸ ਨੂੰ ਸਪਰਸ਼ ਨਹੀਂ ਕਰ ਸਕਦੇ ਕਿਉਂਕਿ ਚੜ੍ਹਦੀ ਕਲਾ ਵਾਲੇ ਦੇ ਹਿਰਦੇ ਵਿੱਚ ਪਰਮਾਤਮਾ ਦਾ ਆਪਣਾ ਨਿਵਾਸ ਹੁੰਦਾ ਹੈ। ਉਹ, ਪਰਮਾਤਮਾ ਤੇ ਗੁਰੂ ਦੀ ਮਿਹਰ ਨਾਲ ਸੰਸਾਰ ਵਿੱਚ ਵਿਚਰਦਾ ਪਰਮਾਤਮਾ ਨਾਲ ਅਭੇਦ ਰਹਿੰਦਾ ਹੈ। ਜਿਸ ਤਰ੍ਹਾਂ ਇੱਕ ਪਾਣੀ ਦੀ ਦੂਸਰੇ ਪਾਣੀ ਵਿੱਚ ਪੈ ਕੇ ਭਿੰਨਤਾ ਖਤਮ ਹੋ ਜਾਂਦੀ ਹੈ। ਉਹ ਪਰਮਾਤਮਾ ਦਾ ਨਾਮ ਜੱਪ ਕੇ ਪਰਮਾਤਮਾ ਦਾ ਰੂਪ ਹੀ ਬਣ ਜਾਂਦਾ ਹੈ। ਅਜਿਹੇ ਚੜ੍ਹਦੀ ਕਲਾ ਵਾਲੇ ਦੀ ਤਸਵੀਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸੋਰਠ ਰਾਗ ਅੰਦਰ ਮੂਰਤੀ ਮਾਨ ਕੀਤੀ ਹੈ:-

---

੧.ਦੇਵਗੰਧਾਰੀ ਮ:੫, ਪੰਨਾ ੫੩੬। ੨.ਮੇਰਾ ਮਨਮੁੱਖਾਂ ਨਾਲ ਵਾਹ ਨਾ ਪਵੇ। ੩.ਮੇਰਾ ਸਿਰ ਸਾਧੂਆਂ ਦੇ ਪੈਰਾਂ ਹੇਠ ਹੀ ਰੁਲੇ।

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥੧॥ ਰਹਾਉ ॥**
**ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥**
**ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥**
**ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥**
**ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥੨॥**
**ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥**
**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥੩॥੧੧॥**
ਮ:੯, ਪੰਨਾ ੬੩੩

ਚੜ੍ਹਦੀ ਕਲਾ ਦਾ ਧਾਰਨੀ ਹੀ ਵੰਗਾਰ ਕੇ "**ਬਾਬਰ ਨੂੰ ਜਾਬਰ**" ਕਹਿ ਕੇ "**ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥**"[1] ਦੀ ਕਰਾਮਾਤ ਕਰ ਸਕਦਾ ਹੈ। ਚੜ੍ਹਦੀ ਕਲਾ ਦਾ ਧਾਰਨੀ ਹੀ ਤੱਤੀ ਤਵੀ ਉੱਪਰ ਬੈਠ ਕੇ, ਸੀਸ ਉੱਪਰ ਅੱਗ ਵਰਗੀ ਰੇਤਾ ਪੈਂਦੀ ਤੇ ਵੀ ਪੁਕਾਰਦਾ ਹੈ:-

**ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥**[2]

ਚੜ੍ਹਦੀ ਕਲਾ ਵਾਲਾ ਹੀ ਉਬਲਦੀ ਦੇਗ ਵਿੱਚ ਉਬਾਲੇ ਖਾ ਕੇ ਕਹਿ ਸਕਦਾ ਹੈ:-

**ਮੀਤੁ ਕਰੈ ਸੋਈ ਹਮ ਮਾਨਾ ॥ ਮੀਤ ਕੇ ਕਰਤਬ ਕੁਸਲ ਸਮਾਨਾ ॥੧॥**[3]

ਚੜ੍ਹਦੀ ਕਲਾ ਵਾਲਾ ਹੀ ਪ੍ਰਵਾਰ ਸਹਿਤ ਤੀਸਰੇ ਦਿਨ ਸੁੱਕਾ ਪ੍ਰਸ਼ਾਦਾ ਛੱਕ-ਕੇ ਵੀ ਪਰਮਾਤਮਾ ਦਾ ਸ਼ੁਕਰ ਕਰਦਾ ਹੋਇਆ, ਕਹਿ ਸਕਦਾ ਹੈ:-

**ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ॥**[4]

ਚੜ੍ਹਦੀ ਕਲਾ ਵਾਲਾ ਹੀ ਪਰਾਏ ਧਰਮ ਤੇ ਪਰਾਏ ਹਿਤਾਂ ਲਈ :-

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ॥**
**ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸ ਦੀਆ ਪਰੁ ਸੀ ਨ ਉਚਰੀ॥੧੩॥**[5]

---

੧. ਤਿਲੰਗ ਮ:੧,ਪੰਨਾ ੭੨੩, ੨. ਆਸਾ ਮ:੫,ਪੰਨਾ ੩੯੪ ੩. ਗਉੜੀ ਮ:੫, ਪੰਨਾ ੧੯੮ । ੪. ਕਾਨੜਾ ਮ:੫,ਪੰਨਾ ੧੩੦੬ । ੫. ਬਚਿਤ੍ਰ ਨਾਟਕ।

ਦੀ ਅਨੋਖੀ ਕਾਰ ਕਰ ਸਕਦਾ ਹੈ। ਚੜ੍ਹਦੀ ਕਲਾ ਦਾ ਧਾਰਨੀ ਹੀ ਪੁੱਤਰ ਤੇ ਪੁੱਤਰਾਂ ਨਾਲੋਂ ਪਿਆਰੇ ਸਿੱਖ ਸ਼ਹੀਦ ਕਰਵਾ ਕੇ, ਪਾਤਸ਼ਾਹੀ ਸੁੱਖ ਅਰਾਮ ਤਿਆਗ ਕੇ ਪੋਹ ਦੀ ਅੱਤ ਸਰਦੀ ਵਿੱਚ ਨੰਗੇ ਪੈਰੀਂ, ਬਿਨਾਂ ਭੂਰੇ, ਰਜਾਈ ਤੋਂ ਕੇਵਲ ਟਿੰਡ ਦਾ ਸਿਰਹਾਣਾ ਬਣਾ ਕੇ ਉਚਾਰ ਸਕਦਾ ਹੈ:-

**ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ॥**
**ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾ ਦਾ ਰਹਿਣਾ ॥**
**ਸੂਲ ਸੁਰਾਹੀ ਖੰਜਰੁ ਪਿਯਾਲਾ ਬਿੰਗ ਕਸਾਈਆਂ ਦਾ ਸਹਿਣਾ ॥**
**ਯਾਰੜੇ ਦਾ ਸਾਨੂੰ ਸਥਰ ਚੰਗਾ ਭਠ ਖੇੜਿਆਂ ਦਾ ਰਹਿਣਾ॥੧॥੧॥੬॥**[1]

ਚੜ੍ਹਦੀ ਕਲਾ ਵਾਲਾ ਹੀ ਸੱਤ ਤੇ ਨੌ ਸਾਲਾਂ ਦੇ ਮਾਸੂਮ ਸਾਹਿਬਜ਼ਾਦਿਆਂ ਦੀ ਨੀਹਾਂ ਵਿੱਚ ਜਿੰਦਾ ਚਿਣੇ ਜਾਣ ਦੀ ਤੇ ਮਾਤਾ ਜੀ ਦੇ ਪ੍ਰਲੋਕ ਗਵਨ ਕਰ ਜਾਣ ਦੀ ਖਬਰ ਸੁਣ ਕੇ, ਪ੍ਰਸੰਨ ਹੋ ਕੇ ਕਹਿ ਸਕਦਾ ਹੈ:-

**ਸਚਖੰਡ ਨੂੰ ਗਏ ਨੇ ਸਾਹਿਬਜ਼ਾਦੇ, ਜੜ੍ਹ ਜ਼ੁਲਮ ਦੇ ਰਾਜ ਦੀ ਪੁੱਟ ਕੇ ਤੇ॥**

ਸਰਬੰਸ ਲੁਟਾ ਕੇ ਆਪਣੀ ਧਰਮ-ਪਤਨੀ ਜੀ ਦੇ ਪੁੱਛ ਕਰਨ ਤੇ ਕਿ ਪਤੀ ਦੇਵ! ਸੰਗਤ ਵਿੱਚ ਸਾਹਿਬਜ਼ਾਦੇ ਨਜ਼ਰ ਨਹੀਂ ਆਉਂਦੇ ਉਹ ਕਿੱਥੇ ਹਨ? ਚੜ੍ਹਦੀ ਕਲਾ ਵਾਲਾ ਹੀ ਕਹਿ ਸਕਦਾ ਹੈ ਕਿ:-

**ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ॥**
**ਚਾਰ ਮੂਏ ਤੌਂ ਕਿਆ ਹੂਆ ਜੀਵਤ ਲਾਖ ਹਜ਼ਾਰ॥**

ਚੜ੍ਹਦੀ ਕਲਾ ਵਾਲਾ ਹੀ ਮੌਕੇ ਦੇ ਬਾਦਸ਼ਾਹ ਨੂੰ ਲਾਹਣਤ ਪਾ ਕੇ ਕਹਿ ਸਕਦਾ ਹੈ ਕਿ "ਕੀ ਹੋਇਆ? ਜੇ ਤੂੰ ਮੇਰੇ ਚਾਰ ਬੱਚੇ ਮਾਰ ਦਿੱਤੇ ਪਰ ਅਜੇ ਕੁੰਡਲੀਆ ਨਾਗ (ਖ਼ਾਲਸਾ) ਪਿੱਛੇ ਜਿਉਂਦਾ ਹੈ"

**ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ॥**
**ਕਿ ਬਾਕੀ ਬਿਮਾਂਦਅਸਤੁ ਪੇਚੀਦਹ ਮਾਰ॥੭੮॥**[2]

ਚੜ੍ਹਦੀ ਕਲਾ ਦੀ ਸੁਰਤ ਵਾਲੇ ਨੂੰ ਤਨ ਦੇ ਤਸੀਹੇ ਦੇ ਕੇ ਆਪਣੇ ਮਾਰਗ ਤੋਂ ਡੁਲਾਇਆ ਨਹੀਂ ਜਾ ਸਕਦਾ। ਉਹ ਹਮੇਸ਼ਾ ਤਨ ਦੀ ਪਕੜ ਤੋਂ ਉੱਪਰ ਉੱਠਕੇ ਉੱਚੀ-ਉੱਚੀ ਪੁਕਾਰਦਾ ਹੈ ਕਿ:-

---
੧.ਸ਼ਬਦ ਹਜ਼ਾਰੇ ਪਾ:੧੦ । ੨. ਜ਼ਫ਼ਰਨਾਮਾ

**ਮਨ ਨ ਡਿਗੈ ਤਨੁ ਕਾਹੇ ਕੋ ਡਰਾਇ॥**

**ਚਰਨ ਕਮਲ ਚਿਤੁ ਰਹਿਓ ਸਮਾਇ॥** ਭੈਰਉ ਕਬੀਰ ਜੀ, ਪੰਨਾ ੧੧੬੨,

ਚੜ੍ਹਦੀ ਕਲਾ ਵਾਲੇ ਹੀ ਸ਼ਹੀਦਾਂ ਦੀ ਕਤਾਰ ਵਿੱਚ ਖਲੋ ਸਕਦੇ ਹਨ, ਢਹਿੰਦੀ ਕਲਾ ਵਾਲੇ ਨਹੀਂ। ਚੜ੍ਹਦੀ ਕਲਾ ਵਾਲਿਆਂ ਦੀ ਕਰਨੀ ਨਾਲ ਸਾਡਾ ਇਤਿਹਾਸ ਭਰਿਆ ਪਿਆ ਹੈ। ਅਰਦਾਸ ਅੰਦਰ ਆਪਾਂ ਉਨ੍ਹਾਂ ਸਾਰਿਆਂ ਨੂੰ ਪਿਆਰ ਨਾਲ ਯਾਦ ਕਰਦੇ ਹਾਂ, ਜਿਨ੍ਹਾਂ ਸਿੰਘਾਂ-ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਹਿੱਤ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਈ। ਚੜ੍ਹਦੀ ਕਲਾ ਵਾਲੇ ਹੀ ਸੀਸ ਤੇ ਆਰਾ ਫਿਰਨ ਤੇ ਕਹਿ ਸਕਦੇ ਹਨ:-

**ਆਰਾ ਪਿਆਰਾ ਲਗਤ ਹੈ ਕਾਰਾ ਕਰੋ ਬਨਾਇ ॥**
**ਸਿਦਕ ਜੋ ਦੀਆ ਸਤਿਗੁਰੂ ਸੋ ਨਹਿ ਹਾਰਾ ਜਾਇ ॥**

ਚੜ੍ਹਦੀ ਕਲਾ ਦਾ ਧਾਰਨੀ ਹੀ ਪੁੱਤਰ ਨੂੰ ਚਰਖੜੀ ਚੜਦਿਆਂ ਵੇਖ ਕਹਿ ਸਕਦਾ ਹੈ:-

**ਧਨ ਘੜੀ ਧਨ ਚਰਖੜੀ ਧਨ ਨਿਆਉ ਤੁਮਾਰਾ॥**
**ਧਰਮ ਹੇਤ ਹਮ ਚੜਹਿ ਚਰਖੜੀ ਧਨ ਵਜੂਦ ਹਮਾਰਾ॥**
**ਹਮ ਤੋ ਗੁਰ ਕੇ ਸਿਖ ਸਦਾਵੈ, ਗੁਰ ਕੇ ਹੇਤ ਪ੍ਰਾਣ ਤਜ ਜਾਵੈ॥**

ਚੜਦੀ ਕਲਾ ਵਾਲਾ ਹੀ ਬਾਈ ਦਿਨ ਬਿਨਾਂ ਖੋਪਰੀ ਤੋਂ ਗੁਰਬਾਣੀ ਪੜ੍ਹਕੇ ਆਪਣਾ ਬਚਨ ਪੁਗਾ ਕੇ, ਆਪਣੀ ਮੌਜ ਨਾਲ ਪ੍ਰਭੂ ਚਰਨਾਂ ਵਿੱਚ ਸਮਾ ਸਕਦਾ ਹੈ। ਸਾਡਾ ਸਿੱਖ ਇਤਿਹਾਸ ਚੜ੍ਹਦੀ ਕਲਾ ਦੇ ਮੰਡਲ ਵਿੱਚ ਵਿਚਰ ਕੇ ਅਨੋਖੀਆਂ ਪੈੜਾਂ ਪਾਉਣ ਵਾਲਿਆਂ ਦੀ ਦਾਸਤਾਨ ਨਾਲ ਭਰਪੂਰ ਹੈ ਅਤੇ ਅਜਿਹੇ ਕਾਰਨਾਮੇ ਚੜ੍ਹਦੀ ਕਲਾ ਦੀ ਸੁਰਤ ਵਿੱਚ ਵਿਚਰਨ ਵਾਲੇ ਹੀ ਕਰ ਸਕਦੇ ਹਨ। ਚੜ੍ਹਦੀ ਕਲਾ ਵਾਲੇ ਹੀ ਗੁਰੂ ਦੀ ਦ੍ਰਿਸ਼ਟੀ ਵਿੱਚ ਅਸਲ ਸੂਰਮੇ ਹਨ। ਇਹ ਚੜ੍ਹਦੀ ਕਲਾ ਤੇ ਸੂਰਮਗਤੀ ਪ੍ਰਾਪਤ ਕਿਵੇਂ ਹੁੰਦੀ ਹੈ? ਸਤਿਗੁਰੂ ਅਰਜਨ ਦੇਵ ਜੀ ਦਾ

ਸੋਰਠਿ ਰਾਗ ਅੰਦਰ ਫੁਰਮਾਨ ਪੜ੍ਹੀਏ ਪਤਾ ਚਲ ਜਾਵੇਗਾ :-

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥**
**ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥**
**ਠਾਕੁਰੁ ਗਾਈਐ ਆਤਮ ਰੰਗਿ ॥**
**ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥੧॥ ਰਹਾਉ॥**
**ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥**
**ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥੨॥੪॥**[੧]

ਗੁਰੂ ਅਰਜਨ ਦੇਵ ਜੀ ਭੈਰਉ ਰਾਗ ਅੰਦਰ ਫੁਰਮਾਨ ਕਰਦੇ ਹਨ। ਆਤਮ ਰੰਗ ਚੜ੍ਹਦਾ ਹੈ ਨਾਮ ਜੱਪਣ ਨਾਲ। ਨਾਮ ਜੱਪਣ ਨਾਲ ਜਿਸ ਨੂੰ ਨੌਂ-ਨਿੱਧੀਆਂ, ਅਠਾਰਹ-ਸਿੱਧੀਆਂ ਪ੍ਰਾਪਤ ਹੋ ਜਾਣ, ਜਿਸ ਨੂੰ ਕ੍ਰੋੜਾਂ ਸੈਨਾ ਦਾ ਬਲ ਪ੍ਰਾਪਤ ਹੋ ਜਾਵੇ, ਜਿਸ ਨੂੰ ਸੰਸਾਰ ਦੇ ਸਾਰੇ ਖਜ਼ਾਨੇ ਪ੍ਰਾਪਤ ਹੋ ਜਾਣ, ਜੋ ਜੀਵਨ-ਮੁਕਤ ਹੋ ਜਾਵੇ, ਜੋ ਆਤਮਿਕ ਤਖਤ ਦਾ ਮਾਲਕ ਬਣ ਜਾਵੇ, ਜੋ ਵਡ-ਪਰਵਾਰਾ ਬਣ ਜਾਵੇ, ਜੋ ਸਹਿਜ-ਸੁੱਖ ਨੂੰ ਪ੍ਰਾਪਤ ਕਰ ਲਵੇ, ਜਿਸ ਦਾ ਭਰਮ-ਭਉ ਖੱਤਮ ਹੋ ਜਾਵੇ। ਜੋ ਸਚਾ ਪਾਤਸ਼ਾਹ ਬਣ ਜਾਵੇ, ਅਜਿਹੀਆਂ ਦਾਤਾਂ ਦਾ ਮਾਲਕ ਕਿਵੇਂ ਢਹਿੰਦੀ ਕਲਾ ਵਿੱਚ ਜਾ ਸਕਦਾ ਹੈ? ਕਦਾਚਿਤ ਨਹੀਂ। ਉਹ ਹਮੇਸ਼ਾ ਚੜ੍ਹਦੀ ਕਲਾ ਵਿੱਚ ਹੀ ਵਿਚਰਦਾ ਹੈ। ਇਹ ਦਾਤਾਂ ਕਿਵੇਂ ਪ੍ਰਾਪਤ ਹੁੰਦੀਆਂ ਹਨ? "ਨਾਮ-ਜਪ" ਦੀ ਬਰਕਤ ਨਾਲ। ਪੜ੍ਹੀਏ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ, ਸਪੱਸ਼ਟਤਾ ਹੋ ਜਾਏਗੀ:

**ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥**
**ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥**
**ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ॥**
**ਨਾਮ ਬਿਨਾ ਜਨਮੁ ਬਿਰਥਾ ਜਾਏ ॥੧॥**
**ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ ॥**
**ਸੋ ਵਡਭਾਗੀ ਜਿਸੁ ਗੁਰ ਮਸਤਕਿ ਹਾਥੁ ॥੧॥ ਰਹਾਉ ॥**

੧.ਧਨਾਸਰੀ ਮ:੫, ਪੰਨਾ ੬੮੦

ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ ॥
ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ ॥
ਜਿਸੁ ਨਾਮੁ ਰਿਦੈ ਸੋ ਸੀਤਲੁ ਹੂਆ ॥
ਨਾਮ ਬਿਨਾ ਧ੍ਰਿਗੁ ਜੀਵਣੁ ਮੂਆ ॥੨॥
ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥
ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ ॥
ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ ਪਾਈ ॥
ਨਾਮ ਬਿਨਾ ਭ੍ਰਮਿ ਆਵੈ ਜਾਈ ॥੩॥
ਜਿਸੁ ਨਾਮੁ ਰਿਦੈ ਸੋ ਵੇਪਰਵਾਹਾ ॥
ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ ॥
ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ ॥
ਨਾਮ ਬਿਨਾ ਮਨਮੁਖ ਗਾਵਾਰਾ ॥੪॥
ਜਿਸੁ ਨਾਮੁ ਰਿਦੈ ਤਿਸੁ ਨਿਹਚਲ ਆਸਨੁ ॥
ਜਿਸੁ ਨਾਮੁ ਰਿਦੈ ਤਿਸੁ ਤਖਤਿ ਨਿਵਾਸਨੁ ॥
ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ ॥
ਨਾਮਹੀਣ ਨਾਹੀ ਪਤਿ ਵੇਸਾਹੁ ॥੫॥
ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ ॥
ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ ॥
ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ ॥
ਨਾਮ ਬਿਨਾ ਭ੍ਰਮਿ ਜੋਨੀ ਮੂਚਾ ॥੬॥
ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ ॥
ਜਿਸੁ ਨਾਮੁ ਰਿਦੈ ਤਿਸੁ ਮਿਟਿਆ ਅੰਧਾਰਾ ॥
ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥
ਨਾਮ ਬਿਨਾ ਫਿਰਿ ਆਵਣ ਜਾਣੁ ॥੭॥
ਤਿਨਿ ਨਾਮੁ ਪਾਇਆ ਜਿਸੁ ਭਇਓ ਕ੍ਰਿਪਾਲ ॥
ਸਾਧਸੰਗਤਿ ਮਹਿ ਲਖੇ ਗੋੁਪਾਲ ॥

**ਆਵਣ ਜਾਣ ਰਹੇ ਸੁਖੁ ਪਾਇਆ ॥**
**ਕਹੁ ਨਾਨਕ ਤਤੈ ਤਤੁ ਮਿਲਾਇਆ ॥੮॥੧॥੪॥**

ਭੈਰਉ ਮਹਲਾ ੫, ਪੰਨਾ ੧੧੫੫

ਸੋ ਨਾਮ ਹੀ ਚੜ੍ਹਦੀ ਕਲਾ ਦਾ ਦਾਤਾ ਹੈ। ਨਾਮ ਹੀ ਸਰਬ ਲੋਕ-ਪ੍ਰਲੋਕ ਦੀਆਂ ਦਾਤਾਂ ਦਾ ਮਾਲਕ ਹੈ। ਸਤਿਗੁਰੂ ਜੀ ਦੇ ਘਰ ਵਿੱਚ ਤਾਂ **"ਨਾਨਕ ਕੈ ਘਰਿ ਕੇਵਲ ਨਾਮੁ"** ਦਾ ਹੀ ਸਿਧਾਂਤ ਹੈ। **"ਚੜ੍ਹਦੀ ਕਲਾ"** ਪਿੱਛੇ ਨਿਰੋਲ **"ਨਾਮ"** ਦਾ ਹੀ ਰਾਜ਼ ਛੁਪਿਆ ਪਿਆ ਹੈ। ਜਿਸ ਦੇ ਹਿਰਦੇ ਵਿੱਚ ਪਰਮਾਤਮਾ ਦਾ ਨਾਮ ਵਸ ਗਿਆ ਉਹ ਚੜ੍ਹਦੀ ਕਲਾ ਦਾ ਧਾਰਨੀ ਬਣ ਗਿਆ ਜਾਣੋ।

## ਤੇਰੇ ਭਾਣੇ ਸਰਬੱਤ ਦਾ ਭਲਾ।

ਭਾਣਾ ਮੰਨਣਾ ਬੜਾ ਔਖਾ ਹੈ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਬਸੰਤ ਰਾਗ ਅੰਦਰ ਬਚਨ ਹੈ:-

**ਤੇਰਾ ਮਹਲੁ ਅਗੋਚਰੁ ਮੇਰੇ ਪਿਆਰੇ ਬਿਖਮੁ ਤੇਰਾ ਹੈ ਭਾਣਾ॥**[1]
ਅਥਵਾ : **ਸੁਹੇਲਾ ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ ॥ਰਹਾਉ॥**[2]

ਪਰ ਭਾਣਾ ਮੰਨੇ ਤੋਂ ਬਿਨਾਂ ਮਾਲਕ ਦੇ ਦਰ ਰੀਸਾਈ ਵੀ ਪ੍ਰਾਪਤ ਨਹੀਂ ਹੋ ਸਕਦੀ। ਭਾਈ ਗੁਰਦਾਸ ਜੀ ਦਾ ਉਨੱਤੀਵੀਂ ਵਾਰ ਅੰਦਰ ਫੁਰਮਾਨ ਹੈ:-

[3]**ਖਸਮੈ ਸੋਈ ਭਾਂਵਦਾ ਖਸਮੈ ਦਾ ਜਿਸੁ ਭਾਣਾ ਭਾਵੈ ॥**
**ਭਾਣਾ ਮੰਨੈ ਮੰਨੀਐ ਅਪਣਾ ਭਾਣਾ ਆਪਿ ਮਨਾਵੈ ॥**

ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਆਸਾ ਜੀ ਦੀ ਵਾਰ ਅੰਦਰ ਫੁਰਮਾਨ ਹੈ:-

---

੧. ਮ:੫,ਪੰਨਾ ੧੧੮੬, ੨. ਸਿਰੀਰਾਗੁ ਮ:੫, ਪੰਨਾ ੫੧, ੩. ਮਾਲਕ ਪ੍ਰਭੁ ਨੂੰ ਉਹ ਹੀ ਚੰਗਾ ਲਗਦਾ ਹੈ ਜਿਸ ਨੂੰ ਪ੍ਰਭੂ ਦਾ ਭਾਣਾ ਚੰਗਾ ਲਗਦਾ ਹੈ। ਜੋ ਪ੍ਰਭੂ ਭਾਣੇ ਨੂੰ ਮੰਨ ਲੈਂਦਾ ਹੈ ਉਹ ਮੰਨਣਯੋਗ ਹੋ ਜਾਂਦਾ ਹੈ ਪਰ ਪ੍ਰਭੂ ਭਾਣਾ ਉਹ ਹੀ ਮੰਨ ਸਕਦਾ ਹੈ ਜਿਸ ਨੂੰ ਪਰਮਾਤਮਾ ਆਪਣਾ ਭਾਣਾ ਆਪ ਮਨਾਉਂਦਾ ਹੈ।

**ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥**[1]

ਹੁਕਮ ਮੰਨਣ ਵਾਲੇ ਨੂੰ ਹੀ ਪ੍ਰਭੂ ਦੇ ਮਹਲ ਦੀ ਪ੍ਰਾਪਤੀ ਹੁੰਦੀ ਹੈ। ਜੋ ਭਾਣੇ ਵਿੱਚ ਆ ਕੇ, ਪ੍ਰਭੂ ਰਜ਼ਾ ਨੂੰ ਸਿਰ ਮੱਥੇ ਮੰਨ ਲੈਂਦਾ ਹੈ, ਉਹ ਪ੍ਰਭੂ ਨੂੰ ਜਾ ਮਿਲਦਾ ਹੈ। ਜਿਹੜਾ ਪ੍ਰਭੂ ਭਾਣੇ ਅੰਦਰ ਆ ਜਾਂਦਾ ਹੈ ਉਹ ਪਰਮਾਤਮਾ ਵਿੱਚ ਸਮਾ ਜਾਂਦਾ ਹੈ। ਸਤਿਗੁਰੂ ਅਮਰਦਾਸ ਜੀ ਦਾ ਸੋਲਹੇ ਬਾਣੀ ਅੰਦਰ ਫੁਰਮਾਨ ਹੈ:-

**ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ ॥**
**ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ ॥** ਮ:੩, ਪੰਨਾ ੧੦੬੩

"**ਤੁਝਹਿ ਸਮਾਏ**" ਵਾਲੀਆਂ ਆਤਮਵਾਂ ਜੋ ਪਰਮਾਤਮਾ ਦਾ ਰੂਪ ਹੀ ਹੋ ਜਾਂਦੀਆਂ ਹਨ ਦਾ ਸਤਿਗੁਰੂ, ਬੁਲੰਦ ਅਵਾਜ਼ ਨਾਲ **ਸਰਬੱਤ ਦਾ ਭਲਾ** ਮੰਗਣ ਦੀ ਜਾਚ ਸਿਖਾਂਉਂਦਾ ਪਰਮਾਤਮਾ ਅੱਗੇ ਇੰਞ ਅਰਦਾਸ ਕਰਦਾ ਹੈ ਕਿ ਹੇ ਦਾਤਾਰ!

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥**[2]
**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥**

ਗੁਰੂ ਤਾਂ ਸਰਬੱਤ ਦੇ ਭਲੇ ਲਈ ਅਰਦਾਸਾਂ ਕਰਦਾ ਹੈ, ਕੇਵਲ ਆਪਣੇ ਸਿਖਾਂ ਸੇਵਕਾਂ ਲਈ ਨਹੀਂ।ਉਹ ਤਾਂ ਸਰਬੱਤ ਲੁਕਾਈ ਲਈ ਪਰਮਾਤਮਾ ਅੱਗੇ ਜੋਦੜੀ ਕਰਦਾ ਹੈ ਕਿ ਹੇ ਪ੍ਰਭੂ!

[3]**ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥**
**ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ ॥**
**ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ ॥**
**ਲੇਵਹੁ ਕੰਠਿ ਲਗਾਇ ਅਪਦਾ ਸਭ ਹਰੁ ॥**

---

੧. ਮ:੧,ਪੰਨਾ ੪੭੧ ੨. ਮ:੩,ਪੰਨਾ ੮੫੩ ੩. ਹੇ ਪਰਮਾਤਮਾ! ਮਿਹਰ ਕਰਕੇ ਸਾਰੇ ਜੀਵਾਂ ਦੀ ਸਾਰ ਲਵੋ, ਅੰਨ ਪਾਣੀ ਬਹੁਤਾ ਪੈਦਾ ਕਰ ਦੇਵੋ ਤਾਂ ਜੋ ਕੋਈ ਭੁੱਖਾ ਨਾ ਰਹੇ। ਜੀਵਾਂ ਦੇ ਸਾਰੇ ਦੁੱਖ ਦਲਿਦ੍ਰ ਨਾਸ ਕਰ ਦੇਵੋ। ਜਦੋਂ ਗੁਰੂ ਵੱਲੋਂ ਸਰਬਤ ਦੇ ਭਲੇ ਦੀ ਅਰਦਾਸ ਪਰਮਾਤਮਾ ਨੇ ਸੁਣੀ, ਸਾਰੀ ਸ੍ਰਿਸ਼ਟੀ ਨੂੰ ਸ਼ਾਂਤੀ ਪ੍ਰਾਪਤ ਹੋ ਗਈ। ਹੇ ਵਾਹਿਗੁਰੂ! ਇਹ ਜੀਵ ਆਪ ਤੋਂ ਵਿਛੜੇ ਹਨ ਇਨ੍ਹਾਂ ਨੂੰ ਕ੍ਰਿਪਾ ਕਰਕੇ ਆਪਣੇ ਨਾਲ ਮੇਲ ਕੇ ਇਨ੍ਹਾਂ ਦੀ ਸਾਰੀ ਬਿਪਤਾ ਦੂਰ ਕਰ ਦੇਵੋ। ਪਰਮਾਤਮਾ ਦਾ ਨਾਮ ਜਪਣ ਨਾਲ ਸਭ ਮੁਰਾਦਾਂ ਪੂਰੀਆਂ ਹੋ ਜਾਂਦੀਆਂ ਹਨ।

**ਨਾਨਕ ਨਾਮੁ ਧਿਆਇ ਪ੍ਰਭ ਕਾ ਸਫਲੁ ਘਰੁ ॥੧॥** (ਮ:੫,ਪੰਨਾ ੧੨੫੧)

ਜਿਸ ਦਾ ਗੁਰੂ ਸਰਬਤ ਦਾ ਭਲਾ ਮੰਗਦਾ ਹੋਵੇ ਉਸ ਵਿੱਚ ਅਭੇਦ ਹੋਇਆ ਨਾਮੀਂ ਵੀ ਸਰਬਤ ਦਾ ਭਲਾ ਮੰਗਦਾ ਹੈ। ਗੁਰੂ ਕਾ ਸਿੱਖ ਆਪਣੇ ਵਾਹਿਗੁਰੂ, ਆਪਣੇ ਸਤਿਗੁਰੂ ਅੱਗੇ ਭਾਵੇਂ ਕਿੰਨੀ ਲੰਬੇਰੀ ਅਰਦਾਸ ਕਰੀ ਜਾਵੇ, ਲੋਕ-ਪ੍ਰਲੋਕ ਦੇ ਧਨ ਪਦਾਰਥ ਦੀਆਂ ਦਾਤਾਂ, ਧੀਆਂ-ਪੁਤਰਾਂ ਦੀ ਚੜ੍ਹਦੀ ਕਲਾ, ਦੇਹ ਅਰੋਗਤਾ, ਮਾਣ-ਸਤਿਕਾਰ ਵਡਿਆਈ ਆਦਿਕ ਦੀਆਂ ਮੰਗਾਂ ਆਪਣੇ ਲਈ ਮੰਗੀ ਜਾਵੇ ਪਰ ਉਨਾਂ ਚਿਰ ਗੁਰਸਿੱਖ ਦੀ ਅਰਦਾਸ ਸੰਪੂਰਨ ਨਹੀਂ ਹੁੰਦੀ ਜਿਨ੍ਹਾਂ ਚਿਰ ਪਰਮੇਸ਼ਰ ਦੇ ਭਾਣੇ ਵਿੱਚ ਸੁਰਤ ਟਿਕਾ ਕੇ ਸਰਬਤ ਦਾ ਭਲਾ ਨਹੀਂ ਮੰਗਦਾ। ਕੈਸੀ ਹੈ ਗੁਰਸਿਖ ਦੀ ਅਰਦਾਸ, ਜੋ ਦੇਸ਼-ਕਾਲ ਦੀਆਂ ਹੱਦਾਂ ਨੂੰ ਉਲੰਘ ਕੇ ਸਰਬ ਨਸਲਾਂ, ਕੌਮਾਂ, ਜਾਤਾਂ-ਪਾਤਾਂ, ਧਰਮਾਂ-ਮਜ਼ਹਬਾਂ ਦੇ ਵਿਤਕਰੇ ਤੋੜ ਕੇ, ਸਰਬ ਲੁਕਾਈ ਦਾ ਭਲਾ ਮੰਗਦੀ ਹੈ। ਸਾਰੀ ਲੋਕਾਈ ਨੂੰ ਆਪਣਾ ਪਰਵਾਰ ਬਣਾ ਕੇ ਆਪਣੀ ਬੁੱਕਲ ਵਿੱਚ ਸਮਾਉਣ ਦੀ ਸਮਰੱਥਾ ਰੱਖਦੀ ਹੈ। ਹੈ ਅਜਿਹੀ ਕਿਸੇ ਧਰਮ ਦੀ ਅਰਦਾਸ? ਜੇ ਹੈ ਤਾਂ ਕੇਵਲ ਸਿੱਖ ਧਰਮ ਦੀ ਅਰਦਾਸ ਹੀ ਸਮੁੱਚੇ ਸੰਸਾਰ ਲਈ ਹੈ।

## *ਦੋਹਰਾ॥*

ਛੰਦ ਦੀ ਕਿਸਮ।

## ਆਗਿਆ ਭਈ ਅਕਾਲ ਕੀ, ਤਬੈ ਚਲਾਯੋ ਪੰਥ ॥

ਪਰਮਾਤਮਾ ਦੇ ਹੁਕਮ ਅਨੁਸਾਰ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਪੰਥ ਪ੍ਰਗਟ ਕੀਤਾ ਤੇ ਪੰਥ ਦੀ ਸੰਪੂਰਨਤਾ ਦੀ ਮੋਹਰ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਂਰਾਜ ਨੇ ਲਾਈ। ਇਸ ਲਈ ਖ਼ਾਲਸਾ ਪੰਥ ਪ੍ਰਮਾਤਮਾ ਦੇ ਹੁਕਮ ਅਨੁਸਾਰ ਸੰਸਾਰ ਵਿੱਚ ਪ੍ਰਗਟ ਹੋਇਆ।

## ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ ॥

ਸਾਰੇ ਸਿੱਖਾਂ ਨੂੰ ਹੁਕਮ ਹੈ ਕਿ ਤੁਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਗੁਰੂ ਮੰਨਣਾ ਹੈ। ਹੋਰ ਕਿਸੇ ਵੱਲ ਨਹੀਂ ਝਾਕਣਾ।

## ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਤੁਸੀਂ ਸਾਡੇ ਵਾਂਗ ਪ੍ਰਗਟ ਸਤਿਗੁਰਾਂ ਦਾ ਸਰੀਰ ਮੰਨ ਕੇ ਅਦਬ-ਸਤਿਕਾਰ ਕਰਨਾ ਤੇ ਬਚਨ ਮੰਨਣਾ ਹੈ।

## ਜੋ ਪ੍ਰਭੁ ਕੋ ਮਿਲਬੋ ਚਹੈ, ਖੋਜ ਸ਼ਬਦ ਮੈਂ ਲੇਹ ॥

ਜਿਸ ਦੇ ਮਨ ਵਿੱਚ ਪਰਮਾਤਮਾ ਨੂੰ ਮਿਲਣ ਦੀ ਚਾਹਨਾ ਹੋਵੇ, ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚੋਂ ਪ੍ਰਭੂ ਮਿਲਾਪ ਦਾ ਰਸਤਾ ਖੋਜ ਕੇ ਪ੍ਰਾਪਤ ਕਰ ਸਕਦਾ ਹੈ।

## ਰਾਜ ਕਰੇਗਾ ਖਾਲਸਾ, ਆਕੀ ਰਹੈ ਨ ਕੋਇ ॥

[੧]"**ਖ਼ਾਲਸਾ**" ਜਿਸ ਦੇ ਗੁਣ ਤੇ ਰਹਿਤ, ਸਤਿਗੁਰਾਂ ਆਪਣੇ ਮੁਖਾਰਬਿੰਦ ਚੋਂ ਦਰਸਾਏ ਹਨ। ਜੋ ਉਸਦਾ ਅੰਦਰੋਂ ਬਾਹਰੋਂ ਪੂਰਨ ਤੌਰ ਤੇ ਧਾਰਨੀ ਬਣੇਗਾ ਉਹ ਹਮੇਸ਼ਾ ਆਪਣੇ ਮਨ ਤੇ ਵੀ ਰਾਜ ਕਰੇਗਾ ਅਤੇ ਸੰਸਾਰ ਵਿੱਚ ਵੀ ਉਸ ਦਾ ਡੰਕਾ ਵੱਜੇਗਾ। ਅਜਿਹੇ ਖ਼ਾਲਸੇ ਅੱਗੇ ਕੋਈ ਵੀ ਆਕੀ[੨] ਨਹੀਂ ਹੋ ਸਕਦਾ।

## ਖੁਆਰ ਹੋਇ ਸਭ ਮਿਲੈਂਗੇ, ਬਚੇ ਸਰਨ ਜੋ ਹੋਇ ॥੧॥

ਜੋ ਖ਼ਾਲਸਈ ਮਾਰਗ ਦਾ ਤਿਆਗ ਕਰ ਦੇਵੇਗਾ, ਉਸ ਦੇ ਪੱਲੇ ਖੁਆਰੀ ਹੀ ਪਵੇਗੀ। ਪ੍ਰਭੂ ਦਾ ਮਿਲਾਪ ਗੁਰੂ ਦੀ ਸ਼ਰਣ ਗ੍ਰਹਿਣ ਕਰਨ ਦੁਆਰਾ ਹੀ ਪ੍ਰਾਪਤ ਹੋਵੇਗਾ। ਜੋ ਪ੍ਰਭੂ ਦੀ ਜਾਂ ਪ੍ਰਭੂ ਰੂਪ ਖ਼ਾਲਸਾ ਦੀ ਸ਼ਰਣ ਵਿੱਚ ਆ ਜਾਣਗੇ ਉਹ ਅੰਦਰੂਨੀ ਤੇ ਬਹਿਰੂਨੀ ਦੁਸ਼ਮਣਾਂ ਤੋਂ ਹਮੇਸ਼ਾ ਲਈ ਬਚ ਜਾਣਗੇ।

੧. ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥੧॥

੨. ਆਗਿਆ ਭੰਗ ਕਰਨ ਵਾਲਾ, ਬਾਗੀ

## ਵਾਹਿਗੁਰੂ ਨਾਮੁ ਜਹਾਜ ਹੈ, ਚੜ੍ਹੈ ਸੁ ਉਤਰੈ ਪਾਰ ॥

ਪਰਮਾਤਮਾ ਦਾ ਨਾਮ ਸੰਸਾਰ ਭਵਜਲ ਤੋਂ ਪਾਰ ਉਤਰਨ ਲਈ ਇੱਕ ਜਹਾਜ ਸਮਾਨ ਹੈ। ਜੋ ਨਾਮ ਜਪਣਗੇ, ਉਨ੍ਹਾਂ ਦਾ ਸਦੀਵ-ਕਾਲ ਲਈ ਪਾਰ ਉਤਾਰਾ ਹੋ ਜਾਵੇਗਾ।

## ਜੋ ਸ਼ਰਧਾ ਕਰਿ ਸੇਂਵਦੇ, ਗੁਰੁ ਪਾਰ ਉਤਾਰਨਿਹਾਰ ॥੨॥

ਜੋ ਜੋ ਵੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਸਰੂਪ ਜਾਨਣਗੇ, ਪੂਜਣਗੇ ਅਤੇ ਗੁਰੂ ਸਿੱਖਿਆ ਨੂੰ ਮੰਨਣਗੇ। ਸਤਿਗੁਰੂ ਉਨ੍ਹਾਂ ਦਾ ਅਵੱਸ਼ ਪਾਰ-ਉਤਾਰਾ ਕਰ ਦੇਣਗੇ।

## ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ

ਆਖਰ ਵਿੱਚ ਅਰਦਾਸ ਤੋ ਉਪ੍ਰੰਤ ਜੋ ਜੈਕਾਰਾ ਛੱਡ ਕੇ ਅਰਦਾਸ ਦੀ ਸਮਾਪਤੀ ਕੀਤੀ ਜਾਂਦੀ ਹੈ, ਉਸ ਵਿੱਚ ਵੀ ਬੜੀ ਵਿਸ਼ਾਲਤਾ ਸਮੋਈ ਹੋਈ ਹੈ। ਸੰਸਾਰ ਵਿੱਚ ਕੋਈ ਦੇਵੀ-ਦੇਵਤਿਆਂ ਦੇ ਨਾਉਂ ਤੇ ਜੈਕਾਰਾ ਛੱਡ ਕੇ ਉਨ੍ਹਾਂ ਦੀ ਜੈ ਜੈ ਕਾਰ ਕਰਦੇ ਹਨ, ਕੋਈ ਪੀਰਾਂ-ਫਕੀਰਾਂ-ਅਵਤਾਰਾਂ ਦੇ ਨਾਉਂ ਤੇ ਜੈਕਾਰੇ ਛੱਡਦੇ ਹਨ, ਕੋਈ ਥੋੜ ਮਤੀਏ ਦੇਹ ਧਾਰੀਆਂ ਦੇ ਜੈਕਾਰੇ ਲਾਉਂਦੇ ਹਨ ਪਰ ਗੁਰਸਿੱਖ ਨਾ ਕਿਸੇ ਦੇਵੀ ਦੇਵਤੇ ਦਾ, ਨਾ ਅਵਤਾਰ ਦਾ ਅਤੇ ਨਾ ਹੀ ਕਿਸੇ ਦੇਹਧਾਰੀ ਦਾ ਜੈਕਾਰਾ ਲਾਉਂਦਾ ਹੈ। ਗੁਰਸਿੱਖ ਕੇਵਲ ਸਦਾ ਥਿਰ ਰਹਿਣ ਵਾਲੇ ਅਕਾਲ ਪੁਰਖ ਦਾ ਹੀ ਜੈਕਾਰਾ ਲਾਉਂਦਾ ਹੈ।

ਜੈਕਾਰੇ ਦਾ ਭਾਵ ਹੈ :- **ਜੋ ਬੋਲੇਗਾ, ਸੋ ਅਨੰਦ-ਪ੍ਰਸੰਨ ਨਿਹਾਲ ਹੋ ਜਾਵੇਗਾ। ਕੀ ਬੋਲੇਗਾ? ਜੋ ਸਦਾ ਸਲਾਮਤ ਰਹਿਣ ਵਾਲਾ ਸਭ ਤੋਂ ਸ਼੍ਰੋਮਣੀ ਅਕਾਲ ਪੁਰਖ ਵਾਹਿਗੁਰੂ ਹੈ, ਜੋ ਉਸ ਦਾ ਨਾਮ ਬੋਲੇਗਾ।** ਜੋ ਉਸ ਸਥਿਰ ਅਕਾਲ ਦੀ ਜੈ ਜੈ ਕਾਰ ਕਰੇਗਾ, ਉਹ ਨਿਹਾਲ ਅਤੇ ਅਨੰਦ ਪ੍ਰਸੰਨ ਹੋ ਜਾਵੇਗਾ। ਜੋ ਪਰਮਾਤਮਾ ਦੀ ਜੈ ਜੈ ਕਾਰ ਕਰਦਾ ਹੈ, ਪਰਮਾਤਮਾ ਹਮੇਸ਼ਾ ਹੀ ਲੋਕ-ਪ੍ਰਲੋਕ ਵਿੱਚ ਉਸ ਦੀ

ਜੈ ਜੈ ਕਾਰ ਕਰਵਾ ਦਿੰਦਾ ਹੈ। ਆਖਿਰ ਵਿੱਚ ਸਾਰੇ ਰਲ ਕੇ ਗੁਰੂ ਫ਼ਤਹਿ ਦੀ ਸਾਂਝ ਪਾਉਂਦੇ ਹਨ।

## ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਮਤਾਂ ਕਿਸੇ ਨੂੰ ਭਰਮ ਹੋਵੇ ਕਿ ਖ਼ਾਲਸਾ ਕਿਸੇ ਕਿਰਤ ਦਾ ਜਾਂ ਦੇਹਧਾਰੀ ਦਾ ਹੈ; ਨਹੀਂ, ਖ਼ਾਲਸਾ ਕੇਵਲ (ਨਿਰੋਲ) ਵਾਹਿਗੁਰੂ ਜੀ ਦਾ ਹੈ, ਜੋ ਖ਼ਾਲਸੇ ਨੂੰ ਫ਼ਤਹਿ ਮਿਲਦੀ ਹੈ ,ਇਹ ਵੀ ਵਾਹਿਗੁਰੂ ਜੀ ਦੀ ਫ਼ਤਹਿ ਹੈ। ਇਸ ਤਰ੍ਹਾਂ ਫ਼ਤਹਿ ਦੇ ਹੰਕਾਰ ਤੋਂ ਖ਼ਾਲਸਾ ਹਮੇਸ਼ਾ ਆਪਣੇ ਆਪ ਨੂੰ ਨਿਰਲੇਪ ਰੱਖਦਾ ਹੈ।

### ਜ਼ਰੂਰੀ ਬੇਨਤੀ

ਅਰਦਾਸ ਸਮੇਂ ਹਰ ਪ੍ਰਾਣੀ ਨੂੰ ਦੋਵੇਂ ਹੱਥ ਜੋੜ ਕੇ ਅਰਦਾਸ ਵਿੱਚ ਸ਼ਮੂਲੀਅਤ ਕਰਨੀ ਚਾਹੀਦੀ ਹੈ ਪਰ ਕਈ ਵਾਰ ਵੇਖਣ ਵਿੱਚ ਆਇਆ ਹੈ ਕਿ ਅਗਿਆਨਤਾ-ਵੱਸ, ਅਰਦਾਸ ਕਰਤਾ ਤੇ ਸਰੋਤਾ ਦੋਵੇਂ, ਆਪਣੇ ਹੱਥਾਂ ਦੀ ਜੰਘੀ ਬਣਾਕੇ ਜਾਂ ਹੱਥਾਂ ਦਾ ਘੁੱਘੂ ਜਿਹਾ ਬਣਾਕੇ ਖੜੇ ਹੁੰਦੇ ਹਨ ਜੋ ਬਿਲਕੁਲ ਸਤਿਗੁਰੂ ਜੀ ਅੱਗੇ ਖਲੋਤਿਆਂ ਸ਼ੋਭਾ ਨਹੀਂ ਪਾਉਂਦਾ। ਗੁਰਬਾਣੀ ਅੰਦਰ ਵੀ ਸੰਕੇਤ ਹੈ ਕਿ:-

**ਦੁਇ ਕਰ ਜੋੜਿ ਕਰੀ ਬਿਨੰਤੀ ਠਾਕੁਰੁ ਅਪਨਾ ਧਿਆਇਆ॥**

ਮ:੫, ਪੰਨਾ ੪੯੯

ਤਥਾ:- **ਦੁਇ ਕਰ ਜੋਰਿ ਕਰਉ ਅਰਦਾਸਿ ॥** ਮ:੫, ਪੰਨਾ ੧੧੫੨

ਸੋ ਇਸ ਗੱਲ ਦਾ ਜਰੂਰ ਧਿਆਨ ਰੱਖੀਏ ਕਿ ਅਰਦਾਸ ਵਿੱਚ ਦੋਵੇਂ ਹੱਥ ਛਾਤੀ ਦੇ ਸਨਮੁਖ ਜੋੜ੍ਕੇ ਪੂਰੀ ਸਾਵਧਾਨਤਾ ਨਾਲ ਹਾਜ਼ਰੀ ਭਰੀਏ।

## ਗੁਰਦੁਆਰਾ ਸਾਹਿਬ ਵੱਲੋਂ ਪ੍ਰਚਾਰ ਹਿੱਤ "ਮੋਖ-ਰਹਿਤ" ਵੰਡੀਆਂ ਜਾ ਰਹੀਆਂ ਪੁਸਤਕਾਂ ਤੇ ਟ੍ਰੈਕਟਾਂ ਦਾ ਵੇਰਵਾ

| | | |
|---|---|---|
| 1. | ਸੇ ਕਿਨੇਹਿਆ ? ਭਾਗ-1 | (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ) |
| 2. | ਸੇ ਕਿਨੇਹਿਆ ? ਭਾਗ-2 | (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ) |
| 3. | ਸਬਦੁ ਗੁਰੂ ਪੀਰਾ | (ਪੰਜਾਬੀ, ਹਿੰਦੀ, ਅੰਗਰੇਜ਼ੀ) |
| 4. | ਗੁਰੂ ਗ੍ਰੰਥ ਸਾਹਿਬ ਦਰਸ਼ਨ | (ਪੰਜਾਬੀ, ਹਿੰਦੀ, ਅੰਗਰੇਜ਼ੀ) |
| 5. | ਗੁਰੁ ਸਾਗਰੁ | (ਪੰਜਾਬੀ) |
| 6. | ਗੁਰਮਤਿ ਦੇ ਪਾਂਧੀ | (ਪੰਜਾਬੀ) |
| 7. | ਰਾਗਮਾਲਾ ਮੰਡਨ ਪ੍ਰਬੋਧ | (ਪੰਜਾਬੀ) |
| 8. | ਮਨੁੱਖਤਾ ਦੇ ਦੁਸ਼ਮਨ ਨਸ਼ੇ | (ਪੰਜਾਬੀ, ਹਿੰਦੀ, ਅੰਗਰੇਜ਼ੀ) |
| 9. | ਪ੍ਰਭੂ ਬਖਸ਼ਿਸ਼ ਕੇਸ | (ਪੰਜਾਬੀ, ਹਿੰਦੀ, ਅੰਗਰੇਜ਼ੀ) |
| 10. | ਸਮਾਜਿਕ ਕੁਰੀਤੀਆਂ | (ਪੰਜਾਬੀ) |
| 11. | ਸਾਡਾ ਵਿਰਸਾ ਅਤੇ ਸ੍ਵੈ-ਪੜਚੋਲ | (ਪੰਜਾਬੀ) |
| 12. | ਜੈਸੀ ਸੰਗਤਿ ਤੈਸੀ ਰੰਗਤ | (ਪੰਜਾਬੀ, ਅੰਗਰੇਜ਼ੀ) |
| 13. | ਐਸੇ ਕਾਹੇ ਭੂਲਿ ਪਰੇ | (ਪੰਜਾਬੀ) |
| 14. | ਮਨੁੱਖਾ ਜਨਮ ਅਤੇ ਗੁਰੂ ਦੀ ਮਹਾਨਤਾ | (ਪੰਜਾਬੀ, ਅੰਗਰੇਜ਼ੀ) |
| 15. | ਗੁਰਬਾਣੀ ਸਤਿਕਾਰ | (ਪੰਜਾਬੀ) |
| 16. | ਬਾਰਹਮਾਹਾ ਮਾਂਝ ਸਟੀਕ | (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ) |
| 17. | ਬਾਰਹਮਾਹਾ ਮਾਂਝ ਦੇ ਹਰ ਮਹੀਨੇ ਦੇ ਟ੍ਰੈਕਟ (ਸਟੀਕ) | (ਪੰਜਾਬੀ ਅਤੇ ਅੰਗਰੇਜ਼ੀ) |
| 18. | ਕਚਹੁ ਕੰਚਨੁ ਭਇਅਉ | (ਪੰਜਾਬੀ ਅਤੇ ਅੰਗਰੇਜ਼ੀ) |
| 19. | ਸੰਤਨ ਕੀ ਸੁਣਿ ਸਾਚੀ ਸਾਖੀ | (ਪੰਜਾਬੀ) |
| 20. | ਚੰਗੇ ਸਾਹਿਤ ਦਾ ਚਮਤਕਾਰੀ-ਲਾਭ | (ਪੰਜਾਬੀ ਅਤੇ ਅੰਗਰੇਜ਼ੀ) |
| 21. | ਗੁਰੂ ਸਿਖਿਆਵਾਂ | (ਪੰਜਾਬੀ) |
| 22. | ਲਾਵਾਂ (ਸਟੀਕ) | (ਪੰਜਾਬੀ ਅਤੇ ਅੰਗਰੇਜ਼ੀ) |
| 23. | ਨਿੱਤਨੇਮ (ਸਟੀਕ) | (ਪੰਜਾਬੀ ਅਤੇ ਅੰਗਰੇਜ਼ੀ) |
| 24. | ਅਰਦਾਸ (ਸਰਲ-ਸਟੀਕ) | (ਪੰਜਾਬੀ ਅਤੇ ਅੰਗਰੇਜ਼ੀ) |
| 25. | ਨਿੱਤਨੇਮ ਤੇ ਹੋਰ ਬਾਣੀਆਂ (ਗੁਟਕਾ ਸਾਹਿਬ) | (ਪੰਜਾਬੀ) |
| 26. | ਸੁਖਮਨੀ ਸਾਹਿਬ (ਗੁਟਕਾ ਸਾਹਿਬ) | (ਪੰਜਾਬੀ) |
| 27. | ਗੁਰ ਚਾਲੀ | (ਪੰਜਾਬੀ) |

**ਸੋਖ ਰਹਿਤ ਪੁਸਤਕਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ**

**INDIA**

**Gurdwara RamPur Khera**

**P.O. Garhdiwala Distt. Hoshiarpur-144207(Pb.)**

**Phone No. 01886 260334 www.RamPurKhera.com**

---

**CANADA**

**S. Pershan Singh (Mississauga,ON) (905) 820-0488**

**S. Bhupinder Singh (Brampton,ON) (647)290-3200**

**S. Kashmir Singh (Brampton, ON) (647) 895-9655**

**S. Dilbag Singh (Surrey, BC) (604) 591-3968**

**S. Ranjodh Singh (Surrey, BC) (604) 725-3349**

---

**USA**

**S. Rajinder Singh Raja (Manteca,CA) 408-466-7105, (209)4566813**

**S. Sukhbir Singh (Yuba City, CA) (530) 673-7225**

**S. Gurdial Singh (Modesto, CA) (209) 495-9544**

**S. Madanjit Singh (Fairfield, CA) (707) 399-8720**

**S. Sukhjit Singh (Los Angeles, CA) (714) 538-8118**

---

**UK**

**S. Harbinder Singh (Wolverhampton) 1902-333914**